@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 4 May 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 4 ਮਈ 2025, 21 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 173, qpatrika@gmail.com ਫੋਨ : 9971359517 www.qaumipatrika.org

## ਜੇ ਅਸੀਂ ਪੰਜਾਬ ਦੀਆਂ ਰੇਲਗੱਡੀਆਂ ਤੇ ਸੜਕਾਂ ਬੰਦ ਕਰ ਦੇਈਏ ਤਾਂ ਕੀ ਹੋਵੇਗਾ: ਅਨਿਲ ਵਿਜ

ਅੰਬਾਲਾ 3 ਮਈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸਰਜੀਕਲ ਸਟ?ਰਾਈਕ ਦੇ ਮੁੱਦੇ 'ਤੇ ਸਵਾਲ ਉਠਾਏ ਹਨ, ਜਿਸ 'ਤੇ ਕੈਬਨਿਟ ਮੰਤਰੀ ਅਨਿਲ ਵਿਜ ਨੇ ਕਾਂਗਰਸ ਨੂੰ ਗੱਦਾਰ ਕਿਹਾ ਅਤੇ ਕਿਹਾ ਕਿ ਉਨ੍ਹਾਂ ਨੂੰ ਸਾਡੀ ਫੌਜ 'ਤੇ ਭਰੋਸਾ ਨਹੀਂ ਹੈ। ਉਹ ਉਨ੍ਹਾਂ ਕੰਮਾਂ 'ਚ ਜ਼ਿਆਦਾ ਵਿਸ਼ਵਾਸ ਕਰਦੇ ਹਨ ਜੋ ਪਾਕਿਸਤਾਨ ਕਰਦਾ ਹੈ। ਉਹ ਇਸ ਗੱਲ 'ਤੇ ਵਿਸ਼ਵਾਸ ਕਰਨਗੇ, ਜਿਸ ਦਿਨ ਪਾਕਿਸਤਾਨ ਕਹੇਗਾ ਕਿ ਉਨ੍ਹਾਂ ਨੇ ਸਾਨੂੰ ਤਬਾਹ ਕਰ ਦਿੱਤਾ ਹੈ। ਪੰਜਾਬ ਨੇ ਸਰਬ ਪਾਰਟੀ ਮੀਟਿੰਗ ਕਰਨ ਤੋਂ ਬਾਅਦ ਹਰਿਆਣਾ ਨੂੰ ਪਾਣੀ ਨਾ ਦੇਣ ਦਾ ਫੈਸਲਾ ਕੀਤਾ ਹੈ। ਇਸ 'ਤੇ ਕੈਬਨਿਟ ਮੰਤਰੀ ਅਨਿਲ ਵਿਜ ਨੇ ਫਿਰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਅਸੀਂ ਅਜਿਹਾ ਕਰਾਂਗੇ ਨਹੀਂ ਪਰ ਜੇਕਰ ਅਸੀਂ ਪੰਜਾਬ ਦੀਆਂ ਰੇਲਗੱਡੀਆਂ ਅਤੇ ਸੜਕਾਂ ਨੂੰ ਰੋਕ ਦਿੱਤਾ ਤਾਂ ਕੀ ਹੋਵੇਗਾ। ਅਸੀਂ ਅਜਿਹਾ ਨਹੀਂ ਕਰਨ ਜਾ ਰਹੇ ਪਰ ਇਹ ਸੰਘੀ ਰਾਜ ਵਿੱਚ ਸਹੀ ਨਹੀਂ ਹੈ। ਪੰਜਾਬ ਦਾ ਸੱਭਿਆਚਾਰ ਪਿਆਸੇ ਨੂੰ ਪਾਣੀ ਦੇਣ ਲਈ ਛਬੀਲਾਂ ਲਗਾਉਣਾ ਰਿਹਾ ਹੈ। ਅੱਜ ਉਨ੍ਹਾਂ ਨੇ ਹਰਿਆਣਾ ਦੇ ਲੋਕਾਂ ਦੇ ਹੱਥੋਂ ਪੀਣ ਵਾਲੇ ਪਾਣੀ ਦਾ ਗਲਾਸ ਖੋਹ ਲਿਆ ਹੈ। ਪੰਜਾਬ ਵੱਲੋਂ ਹਰਿਆਣਾ ਦਾ ਪਾਣੀ ਰੋਕਣ ਦੇ ਮੁੱਦੇ 'ਤੇ ਹਰਿਆਣਾ ਵੱਲੋਂ ਇੱਕ ਸਰਬ ਪਾਰਟੀ ਮੀਟਿੰਗ ਬੁਲਾਈ ਗਈ ਹੈ। ਇਸ 'ਤੇ ਕੈਬਨਿਟ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਅਸੀਂ ਕਿਸੇ ਨਾ ਕਿਸੇ ਮੁੱਦੇ 'ਤੇ ਆਪਸ ਵਿੱਚ ਲੜਦੇ ਰਹਿੰਦੇ ਹਾਂ ਪਰ ਸੂਬੇ ਦੇ ਮੁੱਦਿਆਂ 'ਤੇ ਸਾਰੇ ਇੱਕਜੁੱਟ ਹਨ ਅਤੇ ਮੀਟਿੰਗਾਂ ਕਰ ਰਹੇ ਹਨ ਅਤੇ ਇਹ ਚੰਗੀ ਗੱਲ ਹੈ। ਇਸ ਬਾਰੇ ਜੋ ਵੀ ਫੈਸਲਾ ਹੋਵੇਗਾ

## ਪ੍ਰਧਾਨ ਮੰਤਰੀ ਮੋਦੀ ਨੇ ਫ਼ੌਜ ਦੇ ਆਧੁਨਿਕੀਕਰਨ ਲਈ 20 ਕਰੋੜ ਡਾਲਰ ਦੇਣ ਦਾ ਕੀਤਾ ਐਲਾਨ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 3 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਅੰਗੋਲਾ ਲਈ 20 ਕਰੋੜ ਅਮਰੀਕੀ ਡਾਲਰ ਦੀ ਰੱਖਿਆ ਕਰਜ਼ਾ ਰਾਸ਼ੀ ਦਾ ਐਲਾਨ ਕੀਤਾ ਅਤੇ ਅੱਤਵਾਦੀਆਂ ਅਤੇ ਉਨ੍ਹਾਂ ਦੇ ਸਮਰਥਕਾਂ ਵਿਰੁੱਧ ਦ੍ਰਿੜ ਅਤੇ ਫੈਸਲਾਕੁੰਨ ਕਾਰਵਾਈ ਕਰਨ ਦਾ ਪ੍ਰਣ ਲਿਆ। ਪ੍ਰਧਾਨ ਮੰਤਰੀ ਵੱਲੋਂ ਅਫਰੀਕੀ ਦੇਸ਼ ਦੀ ਫੌਜ ਨੂੰ ਮਦਦ ਦਾ ਇਹ ਐਲਾਨ 22 ਅਪ੍ਰੈਲ ਨੂੰ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਤੋਂ ਕੁਝ ਦਿਨ ਬਾਅਦ ਕੀਤਾ ਗਿਆ ਹੈ। ਪੀ.ਐੱਮ. ਮੋਦੀ ਨੇ ਇਹ ਐਲਾਨ ਅੰਗੋਲਾ ਦੇ ਰਾਸ਼ਟਰਪਤੀ ਜੋਆਓ ਮੈਨੁਅਲ ਗੋਂਕਾਲਵੇਸ ਲੋਰੇਂਕੋ ਨਾਲ ਵਿਆਪਕ ਗੱਲਬਾਤ ਤੋਂ ਬਾਅਦ ਕੀਤਾ। ਦੋਵਾਂ ਆਗੂਆਂ ਵਿਚਕਾਰ ਹੋਈ ਗੱਲਬਾਤ ਡਿਜੀਟਲ ਜਨਤਕ ਬੁਨਿਆਦੀ ਢਾਂਚੇ ਦੇ ਖੇਤਰਾਂ ਸਮੇਤ ਸਮੁੱਚੇ ਦੁਵੱਲੇ ਸਬੰਧਾਂ ਨੂੰ ਵਧਾਉਣ 'ਤੇ ਕੇਂਦ੍ਰਿਤ ਸੀ। ਆਪਣੇ ਮੀਡੀਆ ਬਿਆਨ 'ਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਲੌਰੇਨਕੋ ਦੀ ਭਾਰਤ ਫੇਰੀ ਨਾ ਸਿਰਫ਼ ਦੁਵੱਲੇ ਸਬੰਧਾਂ ਨੂੰ ਨਵੀਂ ਦਿਸ਼ਾ ਦੇਵੇਗੀ ਬਲਕਿ ਭਾਰਤ-ਅਫਰੀਕਾ ਭਾਈਵਾਲੀ ਨੂੰ ਵੀ



ਮਜ਼ਬੂਤ ??ਕਰੇਗੀ। ਉਨ੍ਹਾਂ ਕਿਹਾ,÷ਮੈਨੂੰ ਅੰਗੋਲਾ ਦੇ ਰੱਖਿਆ ਬਲਾਂ ਦੇ ਆਧੁਨਿਕੀਕਰਨ ਲਈ ਭਾਰਤ ਦੇ 20 ਕਰੋੜ ਅਮਰੀਕੀ ਡਾਲਰ ਦੀ ਰੱਖਿਆ ਕਰਜ਼ ਸਹਾਇਤਾ ਦਾ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ।÷ ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਰੱਖਿਆ ਪਲੇਟਫਾਰਮਾਂ ਦੀ ਮੁਰੰਮਤ ਅਤੇ ਸਪਲਾਈ ਬਾਰੇ ਵੀ ਚਰਚਾ ਕੀਤੀ ਗਈ। ਪੀ.ਐੱਮ. ਮੋਦੀ ਨੇ ਕਿਹਾ ਕਿ ਭਾਰਤ ਜਨਤਕ ਉਪਯੋਗਤਾ ਡਿਜੀਟਲ ਬੁਨਿਆਦੀ ਢਾਂਚੇ, ਪੁਲਾੜ ਤਕਨਾਲੋਜੀ ਅਤੇ ਸਮਰੱਥਾ ਨਿਰਮਾਣ ਦੇ ਖੇਤਰਾਂ 'ਚ ਅੰਗੋਲਾ ਨਾਲ ਆਪਣੀਆਂ ਸਮਰੱਥਾਵਾਂ ਵੀ ਸਾਂਝੀਆਂ ਕਰੇਗਾ। ਉਨ੍ਹਾਂ ਕਿਹਾ,÷ਅਸੀਂ ਸਿਹਤ ਸੰਭਾਲ, ਹੀਰਾ ਪ੍ਰੋਸੈਸਿੰਗ, ਖਾਦਾਂ ਅਤੇ ਮਹੱਤਵਪੂਰਨ ਖਣਿਜਾਂ ਦੇ ਖੇਤਰਾਂ 'ਚ ਆਪਣੇ ਸਬੰਧਾਂ ਨੂੰ ਹੋਰ ਮਜ਼ਬੂਤ ??ਕਰਨ ਦਾ ਵੀ ਫੈਸਲਾ ਕੀਤਾ ਹੈ।÷ ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ,÷ਅਸੀਂ ਅੱਤਵਾਦੀਆਂ ਅਤੇ ਉਨ੍ਹਾਂ ਦਾ ਸਮਰਥਨ ਕਰਨ ਵਾਲਿਆਂ ਵਿਰੁੱਧ ਦ੍ਰਿੜ ਅਤੇ ਫੈਸਲਾਕੁੰਨ ਕਾਰਵਾਈ ਕਰਨ ਲਈ ਵਚਨਬੱਧ ਹਾਂ।÷ ਭਾਰਤ-ਅਫ਼ਰੀਕੀ ਸੰਘ ਸਬੰਧਾਂ ਦੀ ਮਹੱਤਤਾ ਨੂੰ ਰੇਖਾਂਕਿਤ ਕਰਦੇ ਹੋਏ ਉਨ੍ਹਾਂ ਕਿਹਾ,÷ਅਸੀਂ ਤਰੱਕੀ 'ਚ ਭਾਈਵਾਲ ਹਾਂ, ਅਸੀਂ ਗਲੋਬਲ ਸਾਊਥ ਦੇ ਥੰਮ?ਹ ਹਾਂ।

## ਭਾਰਤ ਦੀ ਵੱਡੀ ਕਾਰਵਾਈ ! ਪਾਕਿਸਤਾਨੀ ਜਹਾਜ਼ਾਂ 'ਤੇ ਬੰਦਰਗਾਹਾਂ 'ਚ ਪਾਬੰਦੀ

ਏਜੰਸੀਆਂ

ਨਵੀਂ ਦਿੱਲੀ 3 ਮਈ। 3 ਮਈ। ਭਾਰਤ ਨੇ ਰਾਸ਼ਟਰੀ ਸੁਰੱਖਿਆ ਅਤੇ ਜਨਤਕ ਨੀਤੀ ਦੇ ਹਿੱਤ ਵਿੱਚ ਪਾਕਿਸਤਾਨ ਤੋਂ ਸਾਰੇ ਸਾਮਾਨ ਦੀ ਸਿੱਧੀ ਜਾਂ ਅਸਿੱਧੀ ਆਮਦ 'ਤੇ ਤੁਰੰਤ ਪਾਬੰਦੀ ਲਗਾ ਦਿੱਤੀ ਹੈ, ਜਿਵੇਂ ਕਿ ਸਰਕਾਰੀ ਹੁਕਮ ਵਿੱਚ ਕਿਹਾ ਗਿਆ ਹੈ। ਇਸ ਸਬੰਧੀ ਇੱਕ ਪ੍ਰਬੰਧ ਵਿਦੇਸ਼ੀ ਵਪਾਰ ਨੀਤੀ (FTP) 2023 ਵਿੱਚ ਸ਼ਾਮਲ



ਕੀਤਾ ਗਿਆ ਹੈ, ਜਿਸ ਵਿੱਚ "ਪਾਕਿਸਤਾਨ ਤੋਂ ਉਤਪੰਨ ਹੋਣ ਵਾਲੇ ਜਾਂ ਉੱਥੋਂ ਨਿਰਯਾਤ ਕੀਤੇ ਸਾਰੇ ਸਾਮਾਨ ਦੀ ਸਿੱਧੀ ਜਾਂ ਅਸਿੱਧੀ ਆਮਦ ਜਾਂ ਟਰਾਂਜ਼ਿਟ 'ਤੇ ਤੁਰੰਤ ਪਾਬੰਦੀ ਲਗਾਉਣ ਦੀ ਗੱਲ ਕਹੀ ਗਈ ਹੈ, ਜਦੋਂ ਤੱਕ ਅਗਲੇ ਹੁਕਮ ਨਹੀਂ ਮਿਲਦੇ , ਵਿਦੇਸ਼ੀ ਵਪਾਰ ਮਹਾਨਿਰਦੇਸ਼ਕ (DGFT) ਨੇ 2 ਮਈ ਦੀ ਸੂਚਨਾ ਵਿੱਚ ਕਿਹਾ। ਵਿਦੇਸ਼ੀ ਵਪਾਰ ਨੀਤੀ (FTP) ਵਿੱਚ "ਪਾਕਿਸਤਾਨ ਤੋਂ ਆਮਦ 'ਤੇ ਪਾਬੰਦੀ"ਸਿਰਲੇਖ ਅਧੀਨ ਪ੍ਰਬੰਧ ਸ਼ਾਮਲ ਕਰਦੇ ਹੋਏ, ਇਹ ਕਿਹਾ ਗਿਆ: "ਪਾਕਿਸਤਾਨ ਵਿੱਚ ਉਤਪੰਨ ਹੋਣ ਵਾਲੇ ਜਾਂ ਉੱਥੋਂ ਨਿਰਯਾਤ ਕੀਤੇ ਸਾਰੇ ਸਾਮਾਨ ਦੀ ਸਿੱਧੀ ਜਾਂ ਅਸਿੱਧੀ ਆਮਦ ਜਾਂ ਟਰਾਂਜ਼ਿਟ, ਭਾਵੇਂ ਉਹ ਮੁਕਤ ਆਮਦ ਵਾਲੇ ਹੋਣ ਜਾਂ ਹੋਰਥਾਂ ਮਨਜ਼ੂਰਸ਼ੁਦਾ ਹੋਣ, 'ਤੇ ਤੁਰੰਤ ਪਾਬੰਦੀ ਲਗਾਈ ਜਾਵੇਗੀ, ਜਦੋਂ ਤੱਕ ਅਗਲੇ ਹੁਕਮ ਨਹੀਂ ਮਿਲਦੇ। ਇਸ ਵਿੱਚ ਅੱਗੇ ਕਿਹਾ ਗਿਆ ਕਿ ਇਹ ਪਾਬੰਦੀ ਰਾਸ਼ਟਰੀ ਸੁਰੱਖਿਆ ਅਤੇ ਜਨਤਕ ਨੀਤੀ ਦੇ ਹਿੱਤ ਵਿੱਚ ਲਗਾਈ ਗਈ ਹੈ। ਇਸ ਪਾਬੰਦੀ ਵਿੱਚ ਕੋਈ ਵੀ ਛੋਟ ਲਈ ਭਾਰਤ ਸਰਕਾਰ ਦੀ ਮਨਜ਼ੂਰੀ ਦੀ ਲੋੜ ਹੋਵੇਗੀ।

# ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਵੱਡਾ ਐਲਾਨ

ਤੇਜਿੰਦਰ ਕੌਰ ਬੱਬਰ

ਜਲੰਧਰ 3 ਮਈ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਜਲੰਧਰ ਪਹੁੰਚੇ। ਪੀ. ਏ. ਪੀ. ਜਲੰਧਰ ਵਿੱਚ ਪਿੰਡ ਪੱਧਰੀ ਰੱਖਿਆ ਕਮੇਟੀ ਦੇ ਮੈਂਬਰਾਂ ਦੀ ਇਕ ਮਹੱਤਵਪੂਰਨ ਸਭਾ ਦਾ ਆਯੋਜਨ ਕੀਤਾ ਗਿਆ ਹੈ। ਜਿਸ ਵਿੱਚ ਮੁੱਖ ਮੰਤਰੀ ਦੇ ਆਉਣ 'ਤੇ 'ਆਪ' ਆਗੂਆਂ ਅਤੇ ਵਰਕਰਾਂ ਵੱਲੋਂ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਦੌਰਾਨ ਸਾਰੇ ਵਿਧਾਇਕਾਂ ਨੇ 'ਆਪ' ਪ੍ਰਧਾਨ ਅਮਨ ਅਰੋੜਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ 'ਟੋਕਨ ਆਫ਼ ਲਵ' ਦੇ ਕੇ ਉਨ੍ਹਾਂ ਦਾ ਸੁਆਗਤ ਕੀਤਾ। ਇਸ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਇਕੱਠ ਨੂੰ ਸੰਬੋਧਨ ਵੀ ਕੀਤਾ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨਸ਼ਾ ਮੁਕਤੀ ਦੀ ਸਹੁੰ ਵੀ ਚੁਕਵਾਈ ਗਈ। ਪੰਜਾਬ ਦੇ ਇਨਕਲਾਬੀ ਲੋਕਾਂ ਨੂੰ ਆਪਣੇ ਇਲਾਕੇ 'ਚ ਨਸ਼ਾ ਨਾ ਵਿਕਣ ਦੇਣ ਅਤੇ ਨਸ਼ੇ ਤੋਂ ਪੀੜਤ ਲੋਕਾਂ ਦਾ ਇਲਾਜ ਕਰਵਾਉਣ ਦੀ ਸਹੁੰ ਚੁਕਾਈ ਗਈ। ਇਸ ਦੌਰਾਨ ਭਗਵੰਤ ਮਾਨ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਅਸੀਂ ਪਿੰਡ ਵਿਚ ਕਿਸੇ ਨੂੰ ਵੀ ਨਸ਼ਾ ਵੇਚਣ ਨਹੀਂ ਦੇਣਾ, ਜਿਸ ਕਰਕੇ ਗੁਰਦੁਆਰਿਆਂ ਵਿਚ ਵੀ ਅਨਾਊਂਸਮੈਂਟਾਂ ਕੀਤੀਆਂ ਜਾ ਰਹੀਆਂ ਹਨ। ਨਸ਼ਿਆਂ ਖ਼?ਲਾਫ਼ ਪੰਜਾਬ ਸਰਕਾਰ ਵੱਲੋਂ ਵੱਡੇ ਕਦਮ ਚੁੱਕੇ ਜਾ ਰਹੇ ਹਨ। ਪਾਪ ਦੀ ਕਮਾਈ ਨਾਲ ਬਣਾਈ ਗਈ ਜਾਇਦਾਦਾਂ 'ਤੇ ਬੁਲਡੋਜ਼ਰ ਚਲਾਏ ਜਾ ਰਹੇ ਹਨ। ਪੰਜਾਬ ਵਿਚ ਨਸ਼ਿਆਂ ਨੂੰ ਖ਼ਤਮ ਕਰਨ ਲੈ ਕੇ ਕਿਸੇ ਵੀ ਕਿਸਮ ਦੀ ਢਿੱਲ ਨਹੀਂ ਵਰਤੀ ਜਾਵੇਗੀ। ਪਾਪ ਦੀ ਕਮਾਈ ਦਾ ਬਣਾਏ ਗਏ ਮਹਿਲਾਂ ਨੂੰ ਜ਼ਰੂਰ ਢਾਹਿਆ ਜਾਵੇਗਾ। ਆਉਣ ਵਾਲੇ ਦਿਨਾਂ ਵਿਚ ਪੰਜਾਬ ਦੇ ਲੋਕ ਵੱਡੇ-ਵੱਡੇ ਮਹਿਲ ਢਾਹੁੰਦੇ ਵੇਖਣਗੇ। ਪੰਜਾਬ ਦੇ ਡੀ. ਜੀ. ਪੀ. ਨੂੰ ਸਖ਼ਤ ਹੁਕਮ ਦਿੱਤੇ ਗਏ ਹਨ। ਉਨ੍ਹਾਂ ਨੂੰ ਇਥੋਂ ਤੱਕ ਕਹਿ ਦਿੱਤਾ ਗਿਆ ਹੈ ਕਿ ਨਸ਼ਾ ਸਮੱਗਲਰ ਦੇ ਘਰ ਦੇ ਬਾਹਰ ਇਕ ਜੇ. ਸੀ. ਬੀ. ਖੜ੍ਹੀ ਕੀਤੀ ਜਾਵੇ ਤਾਂਕਿ ਅਗਲੇ ਨੂੰ ਪਤਾ ਲੱਗ ਸਕੇਗਾ ਕਿ ਹੁਣ ਉਨ੍ਹਾਂ 'ਤੇ ਐਕਸ਼ਨ ਹੋਣ ਵਾਲਾ ਹੈ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਪਿੰਡਾਂ ਵਿਚੋਂ ਨਸ਼ਾ ਮੁਕਤ ਹੋਣ ਦੀਆਂ ਰਿਪੋਰਟਾਂ ਆ ਰਹੀਆਂ ਹਨ। ਵੱਡਾ ਐਲਾਨ ਕਰਦੇ ਹੋਏ ਭਗਵੰਤ ਮਾਨ ਨੇ ਕਿਹਾ ਕਿ ਜਿਹੜਾ ਪਿੰਡ ਆਪਣੇ ਪਿੰਡ ਨੂੰ ਨਸ਼ਾ ਮੁਕਤ ਕਰੇਗਾ, ਉਸ ਪਿੰਡ ਨੂੰ ਸਪੈਸ਼ਲ ਗਰਾਂਟ ਦੇ ਨਾਲ-ਨਾਲ ਇਨਾਮ ਵੀ ਦਿੱਤਾ ਜਾਵੇਗਾ। ਭਾਵੇਂ ਕੋਈ ਲੀਡਰ ਹੋਵੇ, ਭਾਵੇਂ ਲੀਡਰ ਦਾ ਭਤੀਜਾ ਜਾਂ ਸਾਲਾ ਹੋਵੇ, ਨਸ਼ੇ ਦੇ ਮਾਮਲੇ ਵਿਚ ਕਿਸੇ ਨੂੰ ਨਹੀਂ ਬਖ਼ਸ਼ਿਆ ਜਾਵੇਗਾ। ਅੱਜ ਸਾਨੂੰ ਪਾਣੀ ਦੇ ਹੱਕ ਲਈ ਲੜਨ ਦੀ ਲੋੜ ਹੈ ਅਤੇ ਨਸ਼ਿਆਂ ਦੇ ਵਿਰੁੱਧ ਖੜ੍ਹਨ ਦੀ ਜ਼ਰੂਰਤ ਹੈ। ਅਸੀਂ ਪਾਣੀ ਦੇ ਹੱਕ ਲਈ ਵੀ ਲੜ ਰਹੇ ਹਾਂ ਅਤੇ ਨਸ਼ਿਆਂ ਦੇ ਵਿਰੁੱਧ ਵੀ ਲੜ ਰਹੇ ਹਾਂ। ਤੁਹਾਡੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਉੱਠੀ ਲੋਕ ਲਹਿਰ ਜ਼ਰੀਏ ਜਲਦ ਪੰਜਾਬ ਦੀ ਧਰਤੀ ਤੋਂ ਨਸ਼ੇ ਦੀਆਂ ਜੜ੍ਹਾਂ ਪੁੱਟਾਂਗੇ। ਉਨ੍ਹਾਂ ਕਿਹਾ ਕਿ ਸੂਬੇ ਦੇ ਬਹੁਤ ਸਾਰੇ ਪਿੰਡਾਂ ਵਿੱਚੋਂ ਰਿਪੋਰਟਾਂ ਆ ਰਹੀਆਂ ਹਨ ਕਿ ਅਸੀਂ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਕਰ ਦਿੱਤਾ ਹੈ। ਆਉਣ ਵਾਲੇ ਦਿਨਾਂ 'ਚ ਨਸ਼ਾ ਮੁਕਤੀ ਦਾ ਫੱਟਾ ਲਗਾਉਣ ਵਾਲੇ ਪਿੰਡਾਂ ਨੂੰ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕਰਨ ਦੇ ਨਾਲ-ਨਾਲ ਵਿਕਾਸ ਕਾਰਜਾਂ ਲਈ ਵੱਧ ਤੋਂ ਵੱਧ ਗਰਾਂਟ ਵੀ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਲਿੰਕ ਸੜਕਾਂ ਬਾਰੇ ਗੱਲਬਾਤ ਕਰਦੇ ਹੋਏ ਕਿਹਾ ਕਿ ਅਸੀਂ ਪਿੰਡਾਂ ਨੂੰ ਜੋੜਨ ਵਾਲੀਆਂ 19,000 ਕਿਲੋਮੀਟਰ ਲਿੰਕ ਸੜਕਾਂ ਬਣਾ ਰਹੇ ਹਾਂ, ਜਿਸ ਲਈ 3500 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਸਾਰੇ ਵਿਭਾਗਾਂ ਦੇ ਅਫ਼ਸਰਾਂ ਨਾਲ ਤਾਲਮੇਲ ਕਰਕੇ ਸ਼ਾਨਦਾਰ ਤੇ ਮਜ਼ਬੂਤ ਸੜਕਾਂ ਬਣਾਵਾਂਗੇ। ਉਥੇ ਹੀ ਪਾਣੀਆਂ ਦੇ ਮੁੱਦੇ 'ਤੇ ਬੋਲਦੇ ਹੋਏ ਕਿਹਾ ਕਿ ਅਸੀਂ ਨਸ਼ਿਆਂ ਖ਼?ਲਾਫ਼ ਜੰਗ ਲੜ ਰਹੇ ਹਾਂ, ਉਧਰੋਂ ਹਰਿਆਣਾ ਨੇ ਪਾਣੀ ਨੂੰ ਲੈ ਕੇ ਨਵਾਂ ਪੰਗਾ ਨਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇੰਝ ਧੱਕੇ ਨਾਲ ਕੋਈ ਪਾਣੀ ਨਹੀਂ ਲੈ ਸਕਦਾ। ਪਿਛਲੀਆਂ ਸਰਕਾਰਾਂ 'ਤੇ ਤਿੱਖੇ ਸ਼ਬਦੀ ਹਮਲੇ ਕਰਦੇ ਹੋਏ ਕਿਹਾ ਕਿ ਪਹਿਲਾਂ ਵਾਲਿਆਂ ਨੇ ਤਾਂ ਪਾਣੀ ਦਾ ਕੋਈ ਹਿਸਾਬ ਨਹੀਂ ਰੱਖਿਆ ਸੀ ਪਰ ਹੁਣ ਅਜਿਹਾ ਨਹੀਂ ਹੋਵੇਗਾ।ਪੰਜਾਬ ਨਾਲ ਹਮੇਸ਼ਾ ਵਿਤਕਰਾ ਹੁੰਦਾ ਰਿਹਾ ਹੈ, ਜਿਸ ਨੂੰ ਅਸੀਂ ਠੀਕ ਕਰਾਂਗਾ। ਹੁਣ ਅਸੀਂ ਆਪਣਾ ਪਾਣੀ ਆਪ ਵੀ ਵਰਤਣ ਲੱਗੇ ਹਾਂ। ਹਰ ਕੰਮ ਦਾ ਨਕਸ਼ਾ ਬਣਾ ਕੇ ਤੁਰਨਾ ਪੈਂਦਾ ਹੈ। ਅਸੀਂ ਐਗਰੀਕਲਚਰ ਨੂੰ ਏ. ਆਈ. ਨਾਲ ਜੋੜ ਰਹੇ ਹਾਂ।



## ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਪਹੁੰਚੇ ਉਮਰ ਅਬਦੁੱਲਾ

ਨਵੀਂ ਦਿੱਲੀ 3 ਮਈ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਸ਼ਨੀਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣ ਪਹੁੰਚੇ। ਪਹਿਲਗਾਮ ਅੱਤਵਾਦੀ ਹਮਲੇ ਮਗਰੋਂ ਇਹ ਪਹਿਲੀ ਵਾਰ ਹੈ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਉਮਰ ਅਬਦੁੱਲਾ ਨੇ ਇਕ-ਦੂਜੇ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਪੀ. ਐੱਮ. ਆਵਾਸ 'ਤੇ ਹੋਈ ਅਤੇ ਕਰੀਬ ਅੱਧਾ ਘੰਟਾ ਮੀਟਿੰਗ ਚੱਲੀ। ਸੂਤਰਾਂ ਮੁਤਾਬਕ ਦੋਹਾਂ ਵਿਚਾਲੇ ਪਹਿਲਗਾਮ ਹਮਲੇ ਮਗਰੋਂ ਉੱਭਰੀ ਸਥਿਤੀ 'ਤੇ ਚਰਚਾ ਕੀਤੀ। ਦੱਸ ਦੇਈਏ ਕਿ ਪਹਿਲਗਾਮ ਹਮਲੇ ਮਗਰੋਂ ਜੰਮੂ-ਕਸ਼ਮੀਰ ਖ਼ਾਸ ਕਰ ਕੇ ਹਾਲਾਤ ਬੇਹੱਦ ਨਾਜ਼ੁਕ ਹੋ ਗਏ ਹਨ। ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਦਾ ਮਾਹੌਲ ਬਣਿਆ ਹੋਇਆ ਹੈ। ਮੰਨਿਆ ਜਾ ਰਿਹਾ ਹੈ ਕਿ ਦੋਹਾਂ ਦੇਸ਼ਾਂ ਵਿਚਾਲੇ ਜੰਗ ਵੀ ਹੋ ਸਕਦੀ ਹੈ। ਦੱਸਣਯੋਗ ਹੈ ਕਿ 22 ਅਪ੍ਰੈਲ ਨੂੰ ਪਹਿਲਗਾਮ ਦੇ ਬੈਸਰਨ ਘਾਟੀ ਵਿਚ ਹੋਏ ਅੱਤਵਾਦੀ ਹਮਲੇ ਵਿਚ 26 ਸੈਲਾਨੀਆਂ ਦੀ ਜਾਨ ਚੱਲੀ ਗਈ। ਅੱਤਵਾਦੀਆਂ ਨੇ ਲੋਕਾਂ ਦੀ ਧਾਰਮਿਕ ਪਛਾਣ ਪੁੱਛ ਕੇ ਉਨ੍ਹਾਂ ਨੂੰ ਕਲਮਾ ਪੜ੍ਹਨ ਨੂੰ ਕਿਹਾ ਅਤੇ ਫਿਰ ਗੋਲੀ ਮਾਰ ਦਿੱਤੀ। ਇਸ ਹਮਲੇ ਮਗਰੋਂ ਭਾਰਤ ਸਰਕਾਰ ਨੇ ਪਾਕਿਸਤਾਨ ਖਿਲਾਫ਼ ਸਖ਼ਤ ਕਦਮ ਚੁੱਕੇ ਹਨ। ਭਾਰਤ ਨੇ ਸਿੰਧੂ ਜਲ ਸੰਧੀ ਨੂੰ ਅਣਮਿੱਥੇ ਸਮੇਂ ਲਈ ਮੁਅੱਤਲ ਕਰ ਦਿੱਤਾ ਹੈ ਅਤੇ ਪਾਕਿਸਤਾਨੀ ਨਾਗਰਿਕਾਂ ਦੇ ਵੀਜ਼ਾ ਰੱਦ ਕਰਨ ਦੇ ਨਾਲ-ਨਾਲ ਸਰਹੱਦ ਪਾਰ ਤੋਂ ਵਪਾਰ ਨੂੰ ਵੀ ਰੋਕ ਦਿੱਤਾ ਹੈ। ਭਾਰਤ ਨੇ ਕਿਹਾ ਕਿ ਉਹ ਆਪਣੇ ਨਾਗਰਿਕਾਂ 'ਤੇ ਹੋਏ ਕਾਇਰਾਨਾ ਹਮਲੇ ਦਾ ਸਖ਼ਤ ਜਵਾਬ ਦੇਵੇਗਾ।

## ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਉਣ ਵਾਲਿਆਂ ਦੀਆਂ ਤੋੜ ਦਿਆਂਗੇ ਲੱਤਾਂ ; ਆਸਾਮ ਮੁੱਖ ਮੰਤਰੀ

ਨੈਸ਼ਨਲ ਡੈਸਕ 3 ਮਈ। ਪਹਿਲਗਾਮ ਹਮਲੇ ਮਗਰੋਂ ਭਾਰਤ ਤੇ ਪਾਕਿਸਤਾਨ ਵਿਚਾਲੇ ਸਬੰਧ ਤਣਾਅਪੂਰਨ ਬਣੇ ਹੋਏ ਹਨ। ਇਸ ਹਮਲੇ ਕਾਰਨ ਭਾਰਤੀਆਂ ਦੇ ਮਨ 'ਚ ਭਾਰੀ ਗੁੱਸਾ ਦੇਖਿਆ ਜਾ ਰਿਹਾ ਹੈ। ਇਸ ਮਾਮਲੇ 'ਚ ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਕਿਹਾ ਹੈ ਕਿ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਦੇ ਹੱਕ 'ਚ ਨਾਅਰੇ ਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸ਼ੁੱਕਰਵਾਰ ਚਿਤਾਵਨੀ ਦਿੱਤੀ ਕਿ ਜੇ ਕਿਸੇ ਨੇ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਏ ਤਾਂ ਉਸ ਦੀਆਂ ਲੱਤਾਂ ਤੋੜ ਦਿੱਤੀਆਂ ਜਾਣਗੀਆਂ। ਪੰਚਾਇਤੀ ਚੋਣਾਂ ਦੇ ਸਬੰਧ 'ਚ ਇੱਥੇ ਇਕ ਪ੍ਰਚਾਰ ਰੈਲੀ 'ਚ ਸਰਮਾ ਨੇ ਲੋਕਾਂ ਨੂੰ ਭਾਰਤੀ ਫੌਜ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਤਾਕਤ ਪ੍ਰਦਾਨ ਕਰਨ ਲਈ ਪ੍ਰਾਰਥਨਾ ਕਰਨ ਦੀ ਅਪੀਲ ਕੀਤੀ ਤਾਂ ਜੋ ਦੁਨੀਆ 'ਚ ਕਿਤੇ ਵੀ ਲੁਕੇ ਹੋਏ ਪਾਕਿਸਤਾਨੀ ਅੱਤਵਾਦੀਆਂ ਦਾ ਸਫਾਇਆ ਕੀਤਾ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਤੇ ਦੇਸ਼ ਨੂੰ ਅਜਿਹੇ ਲੋਕਾਂ ਦੀ ਲੋੜ ਨਹੀਂ ਜੋ ਇੱਥੇ ਰਹਿੰਦੇ ਹਨ ਤੇ ਇੱਥੇ ਹੀ ਖਾਂਦੇ ਹਨ ਪਰ ਗੁਣ ਪਾਕਿਸਤਾਨ ਦੇ ਗਾਉਂਦੇ ਹਨ। ਇਸੇ ਲਈ ਮੈਂ ਪੁਲਸ ਨੂੰ ਹਦਾਇਤ ਕੀਤੀ ਹੈ ਕਿ 'ਪਾਕਿਸਤਾਨ ਜ਼ਿੰਦਾਬਾਦ' ਕਹਿਣ ਵਾਲਿਆਂ ਦੇ ਚਿਹਰੇ ਨਾ ਵੇਖੇ ਜਾਣ, ਉਨ੍ਹਾਂ ਨੂੰ ਕਾਨੂੰਨ ਅਨੁਸਾਰ ਗ੍ਰਿਫ਼ਤਾਰ ਕੀਤਾ ਜਾਵੇ

## ਪਹਿਲਗਾਮ ਟਿੱਪਣੀ ਨੂੰ ਲੈ ਕੇ ਮਹਿਬੂਬਾ ਨੇ ਫਾਰੂਕ ਅਬਦੁੱਲਾ ਦੀ ਕੀਤੀ ਆਲੋਚਨਾ

ਨਵਦੀਪ ਸਿੰਘ ਸਾਹਨੀ

ਸ਼?ਰੀਨਗਰ 3 ਮਈ। ਜੰਮੂ ਕਸ਼ਮੀਰ 'ਚ ਸ਼ਨੀਵਾਰ ਨੂੰ ਇਕ ਰਾਜਨੀਤਕ ਵਿਵਾਦ ਉਦੋਂ ਵਧ ਗਿਆ, ਜਦੋਂ ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਦੀ ਮੁਖੀ ਮਹਿਬੂਬਾ ਮੁਫ਼ਤੀ ਨੇ ਨੈਸ਼ਨਲ ਕਾਨਫਰੰਸ (ਨੇਕਾਂ) ਦੇ ਪ੍ਰਧਾਨ ਫਾਰੂਕ ਅਬਦੁੱਲਾ 'ਤੇ ਪਹਿਲਗਾਮ ਅੱਤਵਾਦੀ ਹਮਲੇ ਨੂੰ ਲੈ ਕੇ ਕਸ਼ਮੀਰੀਆਂ 'ਤੇ ਦੋਸ਼ ਲਗਾਉਣ ਵਾਲੇ 'ਚਿੰਤਾਜਨਕ ਬਿਆਨ' ਦੇਣ ਦਾ ਦੋਸ਼ ਲਗਾਇਆ। ਨੈਕਾਂ ਨੇ ਪਲਟਵਾਰ ਕਰਦੇ ਹੋਏ ਕਿਹਾ ਕਿ ਡਾ. ਅਬਦੁੱਲਾ ਨੇ ਸਥਾਨਕ ਲੋਕਾਂ ਨੂੰ ਦੋਸ਼ ਨਹੀਂ ਦਿੱਤਾ ਅਤੇ ਮੁਫ਼ਤੀ ਦੇ ਬਿਆਨ ਨੂੰ 'ਹੈਰਾਨ ਕਰਨ ਵਾਲਾ' ਦੱਸਿਆ। ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਮੁਫ਼ਤੀ ਨੇ 'ਐਕਸ' 'ਤੇ ਫਾਰੂਕ ਅਬਦੁੱਲਾ ਦੇ ਬਿਆਨ ਨੂੰ ਲੈ ਕੇ ਉਨ੍ਹਾਂ ਦੀ ਆਲੋਚਨਾ ਕੀਤੀ। ਮੁਫ਼ਤੀ ਨੇ ਕਿਹਾ ਕਿ ਅਬਦੁੱਲਾ ਦਾ ਬਿਆਨ, ਜਿਸ 'ਚ



ਕਸ਼ਮੀਰੀਆਂ ਨੂੰ ਪਹਿਲਗਾਮ ਹਮਲੇ ਨਾਲ ਜੋੜਿਆ ਗਿਆ, ਬੇਹੱਦ ਚਿੰਤਾਜਨਕ ਅਤੇ ਮੰਦਭਾਗੀ ਹੈ। ਉਨ੍ਹਾਂ ਕਿਹਾ,"ਅਜਿਹਾ ਬਿਆਨ ਨਫ਼ਰਤ ਫੈਲਾਉਣ ਵਾਲੇ ਨੈਰੇਟਿਵ ਨੂੰ ਉਤਸ਼ਾਹ ਦਿੰਦਾ ਹੈ, ਕਸ਼ਮੀਰੀਆਂ ਅਤੇ ਮੁਸਲਮਾਨਾਂ ਨੂੰ ਬਦਨਾਮ ਕਰਨ ਦਾ ਜ਼ਰੀਆ ਬਣਦਾ ਹੈ, ਖ਼ਾਸ ਕਰ ਕੇ ਜਦੋਂ ਬਾਹਰ ਪੜ੍ਹ ਰਹੇ ਵਿਦਿਆਰਥੀ ਅਤੇ ਵਪਾਰੀ ਪਹਿਲਾਂ ਤੋਂ ਹੀ ਹਮਲਿਆਂ ਦਾ ਸ਼ਿਕਾਰ ਹੋ ਰਹੇ ਹਨ।" ਉਨ੍ਹਾਂ ਕਿਹਾ ਕਿ ਕਸ਼ਮੀਰੀ ਆਗੂਆਂ ਨੂੰ ਪਹਿਲਗਾਮ ਅੱਤਵਾਦ ਹਮਲੇ ਦੇ ਸ਼ਹੀਦ ਲੈਫਟੀਨੈਂਟ ਵਿਨੈ ਨਰਵਾਲ ਦੀ ਪਤਨੀ ਹਿਮਾਂਸ਼ੀ ਨਰਵਾਲ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ, ਜਿਨ੍ਹਾਂ ਨੇ ਲੋਕਾਂ ਨੂੰ ਮੁਸਲਮਾਨਾਂ ਅਤੇ ਕਸ਼ਮੀਰੀਆਂ ਖ਼?ਲਾਫ਼ ਭੜਕਣ ਤੋਂ ਬਚਣ ਦੀ ਅਪੀਲ ਕੀਤੀ ਸੀ। ਨੈਕਾਂ ਦੇ ਮੁੱਖ ਬੁਲਾਰੇ ਤਨਵੀਰ ਸਾਦਿਕ ਨੇ ਕਿਹਾ,"ਇਹ ਹੈਰਾਨੀ ਦੀ ਗੱਲ ਹੈ ਕਿ ਮੁੱਖ ਮੰਤਰੀ ਰਹਿ ਚੁੱਕਿਆ ਇਨਸਾਨ ਇੰਨਾ ਹੇਠਾਂ ਡਿੱਗ ਸਕਦਾ ਹੈ।"



# ਬਾਲੀਵੁੱਡ ਫਿਲਮਾਂ ’ਚ ਕੰਮ ਕਰ ਚੁੱਕਾ ਨਾਈਜੀਰੀਅਨ 30 ਲੱਖ ਰੁਪਏ ਦੀਆਂ ਨਸ਼ੀਲੀਆਂ ਗੋਲੀਆਂ ਸਣੇ ਗ੍ਰਿਫ਼ਤਾਰ

ਨਵੀਂ ਦਿੱਲੀ 3 ਮਈ। ਕਈ ਬਾਲੀਵੁੱਡ ਫਿਲਮਾਂ ਵਿੱਚ ਮਸ਼ਹੂਰ ਅਭਿਨੇਤਾਵਾਂ ਨਾਲ ਕੰਮ ਕਰ ਚੁੱਕੇ ਇੱਕ ਨਾਈਜੀਰੀਅਨ ਵਿਅਕਤੀ ਨੂੰ ਉਸਦੇ ਸਾਥੀ ਸਮੇਤ ਦਿੱਲੀ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਦੋਵਾਂ ਨੂੰ 354 ਗ੍ਰਾਮ $4$1 ਨਾਲ ਫੜਿਆ ਗਿਆ, ਜਿਸ ਵਿੱਚ 769 ਗੋਲੀਆਂ ਸਨ ਅਤੇ ਇਸਦੀ ਕੀਮਤ ਲਗਭਗ 30 ਲੱਖ ਰੁਪਏ ਹੈ। ਮੁਲਜ਼ਮਾਂ ਦੀ ਪਛਾਣ ਨਾਈਜੀਰੀਆ ਦੇ ਅਬੀਆ ਰਾਜ ਦੇ ਨਿਵਾਸੀ ਪੈਟ੍ਰਿਕ (47) ਅਤੇ ਮਹਾਰਾਸ਼ਟਰ ਦੇ ਰਹਿਣ ਵਾਲੇ ਸ਼ਸ਼ੀਕਾਂਤ ਰਵਿੰਦਰ ਪ੍ਰਭੂ (42) ਵਜੋਂ ਹੋਈ ਹੈ। ਡਿਪਟੀ ਕਮਿਸ਼ਨਰ ਆਫ਼ ਪੁਲਸ (ਦੱਖਣ-ਪੱਛਮ) ਸੁਰੇਂਦਰ ਚੌਧਰੀ ਨੇ ਇੱਕ ਬਿਆਨ ਵਿੱਚ ਕਿਹਾ, ÷ਇਹ ਗ੍ਰਿਫ਼ਤਾਰੀਆਂ ਦੱਖਣ-ਪੱਛਮੀ ਜ਼ਿਲ੍ਹਾ ਪੁਲਸ ਦੀ ਇੱਕ ਵਿਸ਼ੇਸ਼ ਟੀਮ ਦੁਆਰਾ ਮਹੀਪਾਲਪੁਰ ਨੇੜੇ ਕੀਤੀਆਂ ਗਈਆਂ ਹਨ।÷ ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲੋਂ ਨਸ਼ੀਲੇ ਪਦਾਰਥਾਂ ਦੀ ਢੋਆ-ਢੁਆਈ ਲਈ ਕਥਿਤ ਤੌਰ ’ਤੇ ਵਰਤਿਆ ਜਾਣ ਵਾਲਾ ਇੱਕ ਸਕੂਟਰ ਵੀ ਜ਼ਬਤ ਕੀਤਾ ਗਿਆ ਹੈ। ਬਿਆਨ ਅਨੁਸਾਰ, ਪੈਟ੍ਰਿਕ 2008 ਵਿੱਚ ਕਾਰੋਬਾਰੀ ਵੀਜ਼ੇ ’ਤੇ ਭਾਰਤ ਆਇਆ ਸੀ ਅਤੇ ਆਪਣੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਵੀ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ ’ਤੇ ਰਿਹਾ। ਉਸਨੂੰ ਫਿਲਮ ਇੰਡਸਟਰੀ ਵਿੱਚ ਕੰਮ ਮਿਲਿਆ, ਉਸਨੇ ਕਈ ਬਾਲੀਵੁੱਡ ਫਿਲਮਾਂ ਵਿੱਚ ਕੰਮ ਕੀਤਾ, ਪਰ ਬਾਅਦ ਵਿੱਚ ਉਹ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਤਸਕਰੀ ਵਿੱਚ ਫਸ ਗਿਆ। ਬਿਆਨ



ਵਿੱਚ ਕਿਹਾ ਗਿਆ ਹੈ ਕਿ 2019 ਵਿੱਚ, ਪੈਟ੍ਰਿਕ ਨੂੰ ਹੈਰੋਇਨ ਰੱਖਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸਨੇ 3 ਸਾਲ ਜੇਲ੍ਹ ਵਿੱਚ ਬਿਤਾਏ। ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਸਮੇਂ ਦੌਰਾਨ ਉਹ ਕਥਿਤ ਤੌਰ ’ਤੇ ਹੋਰ ਨਸ਼ਾ ਤਸਕਰਾਂ ਦੇ ਸੰਪਰਕ ਵਿੱਚ ਆਇਆ। ਬਿਆਨ ਵਿੱਚ ਕਿਹਾ ਗਿਆ ਹੈ ਕਿ ਰਿਹਾਈ ਤੋਂ ਬਾਅਦ, ਪੈਟ੍ਰਿਕ ਨੇ ਦਿੱਲੀ ਅਤੇ ਐੱਨ.ਸੀ.ਆਰ. ਵਿੱਚ $4$1 ਗੋਲੀਆਂ ਦੀ ਸਪਲਾਈ ਸ਼ੁਰੂ ਕਰ ਦਿੱਤੀ। ਡੀਸੀਪੀ ਨੇ ਕਿਹਾ, ÷ਦੋਵਾਂ ਨੂੰ 26 ਅਪ੍ਰੈਲ ਨੂੰ ਇੱਕ ਸੂਚਨਾ ਦੇ ਆਧਾਰ ’ਤੇ ਰੋਕਿਆ ਗਿਆ। ਤਲਾਸ਼ੀ ਤੋਂ ਬਾਅਦ, ਉਨ੍ਹਾਂ ਤੋਂ ਨਸ਼ੀਲਾ ਪਦਾਰਥ ਬਰਾਮਦ ਕੀਤਾ ਗਿਆ।÷ ਉਨ੍ਹਾਂ ਕਿਹਾ ਕਿ ਅੱਗੇ ਦੀ ਜਾਂਚ ਜਾਰੀ ਹੈ।

### ਪੁਲਸ ਦੀ ਖ਼ਬਰ ਮਿਲਦਿਆਂ ਹੀ ਨਸ਼ਾ ਤਸਕਰਾਂ ਨੂੰ ਪਈਆਂ ਭਾਜੜਾਂ

ਤਰਨਤਾਰਨ 3 ਮਈ। ਤਰਨਤਾਰਨ ਪੁਲਸ ਵੱਲੋਂ ਨਸ਼ਿਆਂ ਖ਼?ਲਾਫ਼ ਵੱਢੀ ਮੁਹਿੰਮ ਨੂੰ ਜਾਰੀ ਰੱਖਦਿਆਂ ਆਪ੍ਰੇਸ਼ਨ ਕਾਸੋ ਤਹਿਤ ਗੋਇੰਦਵਾਲ ਸਾਹਿਬ ਦੀ ਨਸ਼ਿਆਂ ਲਈ ਬਦਨਾਮ ਬਸਤੀ ਨਿੰਮ ਵਾਲੀ ਘਾਟੀ ਵਿਖੇ ਤਲਾਸ਼ੀ ਅਭਿਆਨ ਚਲਾਇਆ ਗਿਆ। ਪੁਲਸ ਆਉਣ ਦੀ ਭਿਣਕ ਮਿਲਦਿਆਂ ਹੀ ਨਸ਼ਾ ਤਸਕਰੀ ਦੇ ਕੰਮ ਵਿੱਚ ਲੱਗੇ ਕਈ ਲੋਕ ਘਰਾਂ ਨੂੰ ਤਾਲੇ ਕੇ ਭੱਜ ਨਿਕਲੇ। ਇਸ ਦੌਰਾਨ ਪੁਲਸ ਵੱਲੋਂ ਸ਼ੱਕੀ ਲੋਕਾਂ ਦੀ ਤਲਾਸ਼ੀ ਲਈ ਗਈ ਅਤੇ ਕੁਝ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿੱਚ ਵੀ ਲਿਆ ਗਿਆ। ਡੀ. ਐੱਸ. ਪੀ. ਗੋਇੰਦਵਾਲ ਸਾਹਿਬ ਅਤੁੱਲ ਸੋਨੀ ਨੇ ਦੱਸਿਆ ਕਿ ਆਪ੍ਰੇਸ਼ਨ ਕਾਸੋ ਤਹਿਤ ਗੋਇੰਦਵਾਲ ਸਾਹਿਬ ਦੀ ਨਸ਼ਿਆਂ ਲਈ ਸਭ ਤੋਂ ਬਦਨਾਮ ਬਸਤੀ ਨਿੰਮ ਵਾਲੀ ਘਾਟੀ ਵਿੱਚ ਤਲਾਸ਼ੀ ਅਭਿਆਨ ਚਲਾਇਆ ਗਿਆ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਪਹਿਲਾਂ ਵੀ ਕਈ ਲੋਕਾਂ ਨੂੰ ਉਕਤ ਬਸਤੀ ਵਿੱਚੋਂ ਨਸ਼ਿਆਂ ਸਮੇਤ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਜਾ ਚੁੱਕਾ ਹੈ। ਇਸ ਦੌਰਾਨ ਅੱਜ ਵੀ ਤਲਾਸ਼ੀ ਅਭਿਆਨ ਦੌਰਾਨ ਕਈ ਲੋਕ ਘਰਾਂ ਨੂੰ ਤਾਲੇ ਮਾਰ ਕੇ ਨਿਕਲੇ ਅਤੇ ਇਕ ਵਿਅਕਤੀ ਨੂੰ 6 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਹੈ ।

## ਹੈਰੋਇਨ ਦਾ ਸੇਵਨ ਕਰਦੇ ਹੋਏ ਇਕ ਗ੍ਰਿਫ਼ਤਾਰ

ਫਿਰੋਜ਼ਪੁਰ 3 ਮਈ। ਥਾਣਾ ਮੱਲਾਂਵਾਲਾ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ ’ਤੇ ਹੈਰੋਇਨ ਦਾ ਸੇਵਨ ਕਰ ਰਹੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ ਇਕ ਲਾਈਟਰ, 1 ਪੰਨੀ ਅਤੇ ਇਕ 10 ਰੁਪਏ ਦੇ ਨੋਟ ਬਰਾਮਦ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਮੱਲਾਂਵਾਲਾ ਪੁਲਸ ਦੇ ਸਹਾਇਕ ਥਾਣੇਦਾਰ ਗੁਰਕਵਲਜੀਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਕਰਮਚਾਰੀਆਂ ਦੇ ਮੱਲਾਂਵਾਲਾ ਤੋਂ ਕਾਲੂ ਵਾਲਾ ਗਸ਼ਤ ’ਤੇ ਸੀ। ਜਦ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਪਿੰਡ ਆਸਫ ਵਾਲਾ ਪੁੱਜੀ ਤਾਂ ਬੰਦ ਪਏ ਸ਼ੈਲਰ



ਦੇ ਅੰਦਰ ਇਕ ਮੋਨਾ ਨੌਜਵਾਨ ਰਮੇਸ਼ ਪੁੱਤਰ ਸਾਧੂ ਵਾਸੀ ਮੱਲਾਂਵਾਲਾ ਵਾਰਡ ਨੰਬਰ 8 ਜੋ ਕੋਈ ਨਸ਼ੀਲੀ ਚੀਜ ਸੁੰਘ ਰਿਹਾ ਸੀ ਤੇ ਧੂੰਆਂ ਨਿਕਲ ਰਿਹਾ ਸੀ, ਜੋ ਪੁਲਸ ਪਾਰਟੀ ਨੂੰ ਵੇਖ ਕੇ ਖਿਸਕਣ ਲੱਗਾ ਤਾਂ ਉਸ ਨੂੰ ਕਾਬੂ ਕਰਕੇ ਉਸ ਕੋਲੋਂ 1 ਲਾਈਟਰ, 1 ਪੰਨੀ ਅਤੇ 10 ਰੁਪਏ ਦਾ ਨੋਟ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਇੰਝ ਆਵੇਗੀ ਮੌਤ ਸੋਚਿਆ ਨਾ ਸੀ, ਲਿਫਟ ਲੈ ਕੇ ਜਾ ਰਹੀ ਔਰਤ ਨਾਲ ਰਾਹ ’ਚ ਵਾਪਰ ਗਿਆ ਭਾਣਾ

ਭਵਾਨੀਗੜ੍ਹ 3 ਮਈ। ਬੀਤੇ ਦਿਨੀਂ ਇੱਥੇ ਚੰਡੀਗੜ੍ਹ-ਬਠਿੰਡਾ ਨੈਸ਼ਨਲ ਹਾਈਵੇਅ ’ਤੇ ਨਵੇਂ ਬੱਸ ਸਟੈਂਡ ਨਜ਼ਦੀਕ ਇਕ ਤੇਜ਼ ਰਫ਼ਤਾਰ ਫਾਰਚੂਨਰ ਨੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿਚ ਮੋਟਰਸਾਈਕਲ ਚਾਲਕ ਸਮੇਤ ਇਕ ਔਰਤ ਅਤੇ ਉਸਦੀ ਬੱਚੀ ਨੂੰ ਗੰਭੀਰ ਸੱਟਾਂ ਲੱਗੀਆਂ ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਤੇ ਇਲਾਜ ਦੌਰਾਨ ਔਰਤ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਸੋਮਾ ਵਾਸੀ ਟੋਹਾਣਾ (ਫਤਿਹਾਬਾਦ) ਨੇ ਰਿਸ਼ਤੇਦਾਰੀ ’ਚ ਭਵਾਨੀਗੜ੍ਹ ਆਉਂਦੇ ਸਮੇਂ ਪਿੰਡ ਨਦਾਮਪੁਰ ਕੋਲ ਪਤਨੀ ਨੀਤੂ ਅਤੇ ਆਪਣੀ ਛੋਟੀ ਲੜਕੀ ਪ੍ਰਿਅੰਕਾ ਨੂੰ ਇਕ ਮੋਟਰਸਾਈਕਲ ’ਤੇ ਲਿਫਟ ਦੇ ਕੇ ਬਿਠਾਇਆ ਸੀ ਤੇ ਉਹ ਆਪਣੇ ਦੋਸਤ ਨਾਲ ਮੋਟਰਸਾਈਕਲ ’ਤੇ ਉਨ੍ਹਾਂ ਦੇ ਪਿੱਛੇ ਆ ਰਿਹਾ ਸੀ ਤਾਂ ਭਵਾਨੀਗੜ੍ਹ ਨਵੇਂ ਬੱਸ ਸਟੈਂਡ ਨੇੜੇ ਹਾਈਵੇਅ ’ਤੇ ਪਟਿਆਲਾ ਸਾਈਡ ਤੋਂ ਆਈ ਇਕ ਤੇਜ਼ ਰਫਤਾਰ ਨਾ ਮਾਲੂਮ ਨੰਬਰੀ




ਫਾਰਚੂਨਰ ਕਾਰ ਦੇ ਚਾਲਕ ਨੇ ਉਨ੍ਹਾਂ ਦੇ ਅੱਗੇ ਜਾ ਰਹੇ ਮੋਟਰਸਾਇਕਲ ਨੂੰ ਪਿੱਛੋਂ ਟੱਕਰ ਮਾਰ ਦਿੱਤੀ ਜਿਸ ਕਾਰਨ ਉਸਦੀ ਪਤਨੀ, ਬੇਟੀ ਤੇ ਮੋਟਰਸਾਇਕਲ ਚਾਲਕ ਸੜਕ ’ਤੇ ਡਿੱਗ ਕੇ ਗੰਭੀਰ ਜਖ਼ਮੀ ਹੋ ਗਏ। ਸੋਮਾ ਨੇ ਦੱਸਿਆ ਕਿ ਪਤਨੀ ਤੇ ਬੇਟੀ ਨੂੰ ਇਲਾਜ ਲਈ ਸਿਵਲ ਹਸਪਤਾਲ ਭਵਾਨੀਗੜ੍ਹ ਵਿਖੇ ਦਾਖਲ ਕਰਵਾਇਆ ਗਿਆ ਜਿੱਥੇ ਡਾਕਟਰ ਨੇ ਮੁੱਢਲੀ ਸਹਾਇਤਾ ਦੇਣ ਉਪਰੰਤ ਉਕਤਾਂ ਨੂੰ ਉੱਚ ਇਲਾਜ ਲਈ ਰਾਜਿੰਦਰਾ ਹਸਪਤਾਲ ਪਟਿਆਲਾ ਲਈ ਰੈਫਰ ਕਰ ਦਿੱਤਾ ਜਿੱਥੇ ਜੇਰੇ ਇਲਾਜ ਉਸਦੀ ਪਤਨੀ ਨੀਤੂ ਦੀ ਮੌਤ ਹੋ ਗਈ ਅਤੇ ਬੇਟੀ ਪ੍ਰਿਅੰਕਾ ਦਾ ਇਲਾਜ ਚੱਲ ਰਿਹਾ ਹੈ। ਪੁਲਸ ਨੇ ਮਾਮਲੇ ’ਚ ਕਾਰਵਾਈ ਕਰਦਿਆਂ ਸੋਮਾ ਦੇ ਬਿਆਨਾਂ ’ਤੇ ਨਾ ਮਾਲੂਮ ਨੰਬਰੀ ਫਾਰਚੂਨਰ ਦੇ ਅਣਪਛਾਤੇ ਚਾਲਕ ਖਿਲਾਫ਼ ਕੇਸ ਦਰਜ ਕਰਕੇ ਉਸਦੀ ਤਲਾਸ਼ ਆਰੰਭ ਦਿੱਤੀ ਹੈ।

## ਗੰਨ ਪੁਆਇੰਟ ’ਤੇ ਲੁਟੇਰਿਆਂ ਨੇ ਹੋਲਸੇਲ ਕਰਿਆਨਾ ਵਪਾਰੀ ਨੂੰ ਲੁੱਟਿਆ

ਲੁਧਿਆਣਾ 3 ਮਈ। ਜੀਵਨ ਨਗਰ ਇਲਾਕੇ ’ਚ 6 ਬਾਈਕ ਸਵਾਰ ਬਦਮਾਸ਼ਾਂ ਨੇ ਕਰਿਆਨਾ ਹੋਲਸੇਲ ਵਪਾਰੀ ਨੂੰ ਗੰਨ ਪੁਆਇੰਟ ’ਤੇ ਲੁੱਟ ਲਿਆ। ਲੁਟੇਰੇ ਦੁਕਾਨ ਤੋਂ 5000 ਰੁਪਏ ਅਤੇ ਹੋਰ ਸਾਮਾਨ ਲੈ ਗਏ। ਕਾਰੋਬਾਰੀ ਦੇ ਰੌਲਾ ਪਾਉਣ ’ਤੇ ਜਦੋਂ ਤੱਕ ਲੋਕ ਇਕੱਠੇ ਹੋਏ, ਲੁਟੇਰੇ ਫਰਾਰ ਹੋ ਚੁੱਕੇ ਸਨ। ਸੂਚਨਾ ਤੋਂ ਬਾਅਦ ਥਾਣਾ ਫੋਕਲ ਪੁਆਇੰਟ ਅਤੇ ਚੌਕੀ ਜੀਵਨ ਨਗਰ ਦੀ ਪੁਲਸ ਮੌਕੇ ’ਤੇ ਪੁੱਜੀ। ਪੁਲਸ ਨੂੰ ਦੁਕਾਨ ਦੇ ਅੰਦਰ ਸੀ. ਸੀ. ਟੀ. ਵੀ. ਫੁਟੇਜ ਵੀ ਮਿਲੀ ਹੈ, ਜਿਸ ਵਿਚ ਮੁਲਜ਼ਮਾਂ ਨੇ ਪਛਾਣ ਲੁਕੋਣ ਲਈ ਚਿਹਰੇ ’ਤੇ ਕੱਪੜਾ ਬੰਨ੍ਹ?ਆ ਹੋਇਆ ਸੀ। ਹਾਲ ਦੀ ਘੜੀ ਪੁਲਸ ਨੇ ਅਣਪਛਾਤੇ ਲੁਟੇਰਿਆਂ ’ਤੇ ਕੇਸ ਦਰਜ ਕਰ ਕੇ ਅੱਗੇ ਦੀ ਜਾਂਚ ਸ਼ੁਰੂ ਕਰ



ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਕਰਿਆਨਾ ਵਪਾਰੀ ਨਿਤਿਨ ਨੇ ਕਿਹਾ ਕਿ ਜੀਵਨ ਨਗਰ ਇਲਾਕੇ ’ਚ ਉਸ ਦੀ ਕਰਿਆਨਾ ਹੋਲਸੇਲ ਦੀ ਦੁਕਾਨ ਹੈ। ਉਹ ਰਾਤ 9 ਵਜੇ ਸਟੋਰ ਬੰਦ ਕਰਨ ਦੀ ਤਿਆਰੀ ’ਚ ਸਨ। ਉਹ ਆਪਣਾ ਸਟਾਕ ਚੈੱਕ ਕਰਨ ਪਿੱਛੇ ਗਏ ਸਨ ਤਾਂ ਉਸੇ ਸਮੇਂ ਕਰੀਬ 6 ਹਥਿਆਰਬੰਦ ਨੌਜਵਾਨ ਦੁਕਾਨ ਦੇ ਅੰਦਰ ਲੁੱਟ-ਖੋਹ ਕਰਨ ਲਈ ਦਾਖਲ ਹੋਏ। ਲੁਟੇਰੇ 2 ਬਾਈਕਾਂ ’ਤੇ ਸਵਾਰ ਸਨ। ਬਦਮਾਸ਼ਾਂ ਨੇ ਕੱਪੜੇ ਨਾਲ ਚਿਹਰੇ ਢਕੇ ਹੋਏ ਸਨ ਤਾਂ ਕਿ ਉਨ੍ਹਾਂ ਦੀ ਪਛਾਣ ਨਾ ਹੋ ਸਕੇ। ਉਨ੍ਹਾਂ ਦੇ ਹੱਥਾਂ ’ਚ ਤੇਜ਼ਧਾਰ ਹਥਿਆਰ ਅਤੇ ਪਿਸਤੌਲ ਸੀ। ਲੁਟੇਰੇ ਗੱਲੇ ’ਚੋਂ ਜਦੋਂ ਪੈਸੇ ਲੁੱਟਣ ਲੱਗੇ ਤਾਂ ਉਸ ਨੇ ਰੋਕਣ ਦਾ ਯਤਨ ਕੀਤਾ ਤਾਂ ਲੁਟੇਰਿਆਂ ਨੇ ਉਸ ਨੂੰ ਗੰਨ ਪੁਆਇੰਟ ’ਤੇ ਲੈ ਲਿਆ ਅਤੇ ਕਿਹਾ ਕਿ ਚੁੱਪ ਰਹਿ, ਨਹੀਂ ਤਾਂ ਗੋਲੀ ਮਾਰ ਦੇਵਾਂਗੇ।

# ਵਪਾਰੀ ਨੂੰ ਘੇਰ ਕੇ ਕੁੱਟਿਆ, ਸਿਰ ’ਤੇ ਮਾਰਿਆ ਰਿਵਾਲਵਰ ਦਾ ਬੱਟ

ਲੁਧਿਆਣਾ 3 ਮਈ। ਪੁਰਾਣੀ ਰੰਜਿਸ਼ ਦੇ ਚੱਲਦਿਆਂ ਕੁਝ ਵਿਅਕਤੀਆਂ ਨੇ ਸ਼ਹਿਰ ਦੇ ਇਕ ਵਪਾਰੀ ਨੂੰ ਸੜਕ ’ਤੇ ਘੇਰ ਕੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਰਿਵਾਲਵਰ ਦੇ ਬੱਟ ਨਾਲ ਉਸ ਦੇ ਸਿਰ ’ਤੇ ਵਾਰ ਕੀਤਾ, ਜਿਸ ਕਾਰਨ ਉਹ ਜ਼ਖਮੀ ਹੋ ਗਿਆ। ਉਸ ਨੂੰ ਡੀ. ਐੱਮ. ਸੀ. ਹਸਪਤਾਲ ’ਚ ਦਾਖਲ ਕਰਵਾਇਆ ਗਿਆ ਹੈ। ਇਸ ਮਾਮਲੇ ’ਚ ਥਾਣਾ ਸਰਾਭਾ ਨਗਰ ਦੀ ਪੁਲਸ ਨੇ ਮਾਡਲ ਟਾਊਨ ਦੇ ਵਸਨੀਕ ਗੁਰਬੀਰ ਸਿੰਘ ਗਰਚਾ ਦੀ ਸ਼ਿਕਾਇਤ ’ਤੇ ਸਰਬੋਤਮ ਸਿੰਘ ਉਰਫ਼ ਲੱਕੀ ਸੰਧੂ, ਰਾਜਵਿੰਦਰ ਮਾਂਗਟ, ਆਕਾਸ਼ ਬੱਲ, ਅਨਮੋਲ ਸਿੰਘ ਅਤੇ 15 ਅਣਪਛਾਤੇ ਵਿਅਕਤੀਆਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਪੁਲਸ ਸ਼ਿਕਾਇਤ ’ਚ ਗੁਰਬੀਰ ਸਿੰਘ ਨੇ ਕਿਹਾ ਹੈ ਕਿ ਉਸ ਦਾ ਆਪਣਾ ਕਾਰੋਬਾਰ ਹੈ। ਸ਼ੁੱਕਰਵਾਰ ਰਾਤ ਨੂੰ ਉਹ ਆਪਣੇ ਨਿੱਜੀ ਸੁਰੱਖਿਆ ਗਾਰਡ ਨਾਲ ਆਪਣੇ ਦੋਸਤ ਨੂੰ ਮਿਲਣ ਗਿਆ ਸੀ। ਜਦੋਂ ਉਹ ਵਾਪਸ ਵੇਰਕਾ ਮਿਲਕ ਪਲਾਂਟ ਦੇ ਹੇਠਾਂ ਸਾਊਥ ਸਿਟੀ ਰੋਡ ’ਤੇ ਆਪਣੀ



ਫਾਰਚੂਨਰ ਜਾ ਰਿਹਾ ਸੀ ਤਾਂ ਰਸਤੇ ’ਚ 3 ਗੱਡੀਆਂ ਨੇ ਉਸ ਨੂੰ ਘੇਰ ਲਿਆ, ਜਿਸ ’ਚੋਂ ਡੇਢ ਦਰਜਨ ਤੋਂ ਵੱਧ ਹਥਿਆਰਬੰਦ ਵਿਅਕਤੀ ਨਿਕਲੇ। ਉਨ੍ਹਾਂ ’ਚੋਂ ਕੁਝ ਨੂੰ ਉਸ ਨੇ ਪਛਾਣ ਲਿਆ। ਮੁਲਜ਼ਮਾਂ ਨੇ ਉਸ ’ਤੇ ਬੇਰਹਿਮੀ ਨਾਲ ਹਮਲਾ ਕਰ ਦਿੱਤਾ। ਇਨ੍ਹਾਂ ’ਚੋਂ ਇਕ ਸਰਬੋਤਮ ਸਿੰਘ ਉਰਫ ਲੱਕੀ ਸੰਧੂ ਸੀ, ਜਿਸ ਨਾਲ ਉਸ ਦੀ ਪੁਰਾਣੀ ਰੰਜਿਸ਼ ਹੈ। ਸੰਧੂ ਖਿਲਾਫ ਕਈ ਕੇਸ ਦਰਜ ਹਨ। ਇਸੇ ਰੰਜਿਸ਼ ਕਾਰਨ ਮੁਲਜ਼ਮ ਸੰਧੂ ਨੇ ਆਪਣੇ ਸਾਥੀਆਂ ਰਾਜਵਿੰਦਰ ਮਾਂਗਟ, ਆਕਾਸ਼ ਭੱਠਲ, ਅਨਮੋਲ ਅਤੇ ਕੁਝ ਅਣਪਛਾਤੇ ਸਾਥੀਆਂ ਨਾਲ ਮਿਲ ਕੇ ਉਸ ’ਤੇ ਹਮਲਾ ਕਰ ਦਿੱਤਾ। ਮੁਲਜ਼ਮਾਂ ਨੇ ਰਿਵਾਲਵਰ ਦੇ ਬੱਟ ਨਾਲ ਉਸ ਦੇ ਸਿਰ ’ਤੇ ਵਾਰ ਕਰ ਕੇ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਦੂਜੇ ਪਾਸੇ ਪੁਲਸ ਨੇ ਮੁਲਜ਼ਮਾਂ ਖਿਲਾਫ ਕੇਸ ਦਰਜ ਕਰ ਲਿਆ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਪੁਲਸ ਨੇ ਸਰਬੋਤਮ ਸਿੰਘ ਉਰਫ ਲੱਕੀ ਸੰਧੂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦਕਿ ਬਾਕੀ ਦੋਸ਼ੀਆਂ ਦੀ ਭਾਲ ’ਚ ਛਾਪੇਮਾਰੀ ਕੀਤੀ ਜਾ ਰਹੀ ਹੈ।

# ਔਰਤ ਨੇ ਤਲਾਕ ਲਏ ਬਿਨਾਂ ਹੀ ਕਰਵਾਇਆ ਵਿਆਹ

ਚੰਡੀਗੜ੍ਹ 3 ਮਈ। ਔਰਤ ਨੇ ਤਲਾਕ ਲਏ ਬਿਨਾਂ ਦੂਜਾ ਵਿਆਹ ਕਰਵਾ ਲਿਆ ਅਤੇ ਗਹਿਣੇ ਲੈ ਕੇ ਫ਼ਰਾਰ ਹੋ ਗਈ। ਹੇਮੰਤ ਕੁਮਾਰ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ। ਹੇਮੰਤ ਕੁਮਾਰ ਦੀ ਸ਼ਿਕਾਇਤ ’ਤੇ ਮਨੀਮਾਜਰਾ ਥਾਣੇ ਨੇ ਔਰਤ ਸੋਨੀਆ ਓਲੀ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਸ ਦੋਸ਼ੀ ਔਰਤ ਦੀ ਭਾਲ ਕਰ ਰਹੀ ਹੈ। ਮਨੀਮਾਜਰਾ ਦੇ ਗੋਵਿੰਦਪੁਰਾ ਦੇ ਰਹਿਣ ਵਾਲੇ ਹੇਮੰਤ ਕੁਮਾਰ ਨੇ ਪੁਲਸ ਨੂੰ ਆਪਣੀ ਸ਼ਿਕਾਇਤ ਵਿਚ ਦੱਸਿਆ ਕਿ ਉਹ ਸੋਨੀਆ ਨੂੰ 2024 ਵਿਚ ਮਿਲਿਆ ਸੀ। ਦੋਸਤੀ ਤੋਂ ਬਾਅਦ ਉਨ੍ਹਾਂ ਦਾ ਵਿਆਹ 30 ਨਵੰਬਰ 2024 ਨੂੰ ਹੋਇਆ। ਇਸ ਤੋਂ ਬਾਅਦ ਔਰਤ ਸੋਨੇ ਦੇ ਗਹਿਣੇ ਲੈ ਕੇ ਘਰੋਂ ਗਾਇਬ ਹੋ ਗਈ। ਜਦੋਂ ਸ਼ਿਕਾਇਤਕਰਤਾ ਪਤੀ ਨੇ ਔਰਤ ਦੀ ਭਾਲ ਕੀਤੀ ਤਾਂ ਪਤਾ ਲੱਗਾ ਕਿ 2021 ਵਿਚ ਸਾਗਰ ਨਾਲ ਵਿਆਹ ਹੋ ਚੁੱਕਿਆ ਸੀ। ਤਲਾਕ ਲਏ ਬਿਨਾਂ ਉਸ ਨਾਲ ਵਿਆਹ ਕਰਵਾ ਲਿਆ ਸੀ। ਉਸਨੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਕੀਤੀ। ਮਨੀਮਾਜਰਾ ਥਾਣੇ ਨੇ ਜਾਂਚ ਤੋਂ ਬਾਅਦ ਮਾਮਲਾ ਦਰਜ ਕਰ ਲਿਆ ਹੈ।

# ਮੋਗਾ ’ਚ 4 ਨਸ਼ਾ ਸਮੱਗਲਰਾਂ ਦੇ ਘਰਾਂ ’ਤੇ ਚੱਲਿਆ ਪੀਲਾ ਪੰਜਾ

ਮੋਗਾ/ਜਲੰਧਰ 3 ਮਈ। ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਨਸ਼ਾ ਸਮੱਗਲਰਾਂ ਵਿਰੁੱਧ ਕਾਰਵਾਈ ਜੰਗੀ ਪੱਧਰ ’ਤੇ ਜਾਰੀ ਹੈ। ਇਸ ਕਾਰਵਾਈ ਤਹਿਤ ਅੱਜ ਮੋਗਾ ਦੇ ਜ਼ਿਲਾ ਪੁਲਸ ਮੁਖੀ ਅਜੇ ਗਾਂਧੀ ਦੀ ਅਗਵਾਈ ਹੇਠ ਧਰਮਕੋਟ ਦੇ ਪਿੰਡ ਦੌਲੇਵਾਲਾ ਵਿਖੇ 4 ਨਸ਼ਾ ਸਮੱਗਲਰਾਂ ਦੇ ਘਰਾਂ ਨੂੰ ਢਾਹਿਆ ਗਿਆ। ਇਹ ਮਕਾਨ ਸਰਕਾਰੀ ਜ਼ਮੀਨ ’ਤੇ ਨਾਜਾਇਜ਼ ਕਬਜ਼ਾ ਕਰ ਕੇ ਬਣਾਏ ਹੋਏ ਸਨ। ਇਸ ਮੌਕੇ ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ ਮੋਗਾ ਹਰਜਿੰਦਰ ਸਿੰਘ ਅਤੇ ਡਿਊਟੀ ਮੈਜਿਸਟ?ਰੇਟ ਵੀ ਹਾਜ਼ਰ ਸਨ। ਇਸ ਮੌਕੇ ਜ਼ਿਲਾ ਪੁਲਸ ਮੁਖੀ ਅਜੇ ਗਾਂਧੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ ਅਤੇ ਨਸ਼ਾ ਸਮੱਗਲਰਾਂ ਖਿਲਾਫ ਸਖਤ ਕਾਰਵਾਈ



ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿੰਡ ਦੌਲੇਵਾਲਾ ਦੇ ਇਨ੍ਹਾਂ 4 ਪਰਿਵਾਰਾਂ ਬੂਟਾ ਸਿੰਘ, ਜੋ ਇਸ ਸਮੇਂ ਜੇਲ ’ਚ ਹੈ, ਦੇ ਖ਼ਿਲਾਫ਼ 7 ਮਾਮਲੇ, ਪਰਮਜੀਤ ਸਿੰਘ ਪੰਮਾ, ਜੋ ਜੇਲ ’ਚ ਹੈ, ਦੇ ਖ਼ਿਲਾਫ਼ 9 ਮਾਮਲੇ, ਲਖਵਿੰਦਰ ਸਿੰਘ ਕਾਕੂ, ਜੋ ਜ਼ਮਾਨਤ ’ਤੇ ਹੈ, ਦੇ ਖ਼ਿਲਾਫ਼ 8 ਮਾਮਲੇ, ਰਾਜਵਿੰਦਰ ਕੌਰ, ਜੋ ਜ਼ਮਾਨਤ ’ਤੇ ਹੈ, ਦੇ ਖ਼ਿਲਾਫ਼ 15 ਮਾਮਲੇ ਵੱਖ-ਵੱਖ ਥਾਣਿਆਂ ਵਿਚ ਆਈ. ਪੀ. ਸੀ., ਐੱਨ. ਡੀ. ਪੀ. ਐੱਸ. ਐਕਟ ਅਧੀਨ ਦਰਜ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਕਾਰੋਬਾਰੀਆਂ ਦੀ ਸ਼ਿਕਾਇਤ ਕਰਨ ਲਈ ਆਪਣੇ ਨੇੜਲੇ ਪੁਲਸ ਸਟੇਸ਼ਨ ਵਿਖੇ ਸੰਪਰਕ ਕੀਤਾ ਜਾਵੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਨਿਰੰਤਰ ਜਾਰੀ ਰਹੇਗੀ ਅਤੇ ਨਸ਼ਿਆਂ ਦੇ ਕਾਰੋਬਾਰ ਵਿਚ ਸ਼ਾਮਲ ਸਮੱਗਲਰਾਂ ਨੂੰ ਕਿਸੇ ਵੀ ਹਾਲਤ ਵਿਚ ਬਖਸ਼ਿਆ ਨਹੀਂ ਜਾਵੇਗਾ।

### ਕੁੱਟਮਾਰ ਕਰਨ ’ਤੇ 7 ਖ਼ਿਲਾਫ਼ ਮਾਮਲਾ ਦਰਜ

ਫਾਜ਼ਿਲਕਾ 3 ਮਈ। ਥਾਣਾ ਸਦਰ ਫਾਜ਼ਿਲਕਾ ਪੁਲਸ ਨੇ ਇਕ ਵਿਅਕਤੀ ਦੀ ਸ਼ਿਕਾਇਤ ’ਤੇ ਉਸ ਦੀ ਕੁੱਟਮਾਰ ਕਰਨ ਵਾਲੀਆਂ ਦੋ ਔਰਤਾਂ ਸਮੇਤ 7 ਜਣਿਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ’ਚ ਮਲਕੀਤ ਸਿੰਘ ਵਾਸੀ ਪਿੰਡ ਝੁੱਗੇ ਲਾਲ ਸਿੰਘ ਨੇ ਦੱਸਿਆ ਕਿ ਉਸ ਦੀ ਪਸ਼ੂਆਂ ਵਾਲੀ ਹਵੇਲੀ ਕੋਲ ਡਰੇਨ ਦੀ ਜਗ?ਹਾ ਹੈ। ਜਿੱਥੇ ਉਹ ਤੂੜੀ ਰੱਖਣ ਲਈ ਜਗ?ਹਾ ਬਣਾ ਰਹੇ ਸਨ। ਇਸ ਜਗ?ਹਾ ’ਤੇ ਤੂੜੀ ਰੱਖਣ ਤੋਂ ਪਿੰਡ ਦੇ ਹੀ ਜਰਨੈਲ ਸਿੰਘ ਨੇ ਰੋਕਿਆ। ਇਸ ਕਾਰਨ ਦੋਵਾਂ ਧਿਰਾਂ ਵਿਚਕਾਰ ਝਗੜਾ ਹੋ ਗਿਆ ਅਤੇ ਜਿੱਥੇ ਉਸ ਦੀ ਜਰਨੈਲ ਸਿੰਘ, ਚੰਦ ਸਿੰਘ, ਸੰਦੀਪ ਸਿੰਘ, ਹਰਭਜਨ ਸਿੰਘ ਅਤੇ ਉਨ੍ਹਾਂ ਦੇ ਪਿਤਾ ਮੱਖਣ ਸਿੰਘ, ਮੱਖਣ ਸਿੰਘ ਦੀ ਪਤਨੀ ਕਰਤਾਰੋ ਬਾਈ ਅਤੇ ਪੂਜਾ ਰਾਣੀ ਵਾਸੀ ਪਿੰਡ ਝੁੱਗੇ ਲਾਲ ਸਿੰਘ ਨੇ ਉਸ ਦੀ ਕੁੱਟਮਾਰ ਕੀਤੀ। ਪੁਲਸ ਨੇ ਬਿਆਨ ਦੇ ਆਧਾਰ ’ਤੇ ਉਕਤ ਮੁਲਜ਼ਮਾਂ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

### ਦਵਾਈਆਂ ਦਾ ਕੰਮ ਕਰਨ ਵਾਲੇ ਵਿਅਕਤੀ ਨੇ ਕੀਤੀ ਖ਼ੁਦਕੁਸ਼ੀ

ਲੁਧਿਆਣਾ 3 ਮਈ। ਥਾਣਾ ਸਲੇਮ ਟਾਬਰੀ ਦੇ ਅਧੀਨ ਆਉਂਦੇ ਅਸ਼ੋਕ ਨਗਰ ਵਿਚ ਅੱਜ ਇਕ ਵਿਅਕਤੀ ਵੱਲੋਂ ਸ਼ੱਕੀ ਹਾਲਾਤ ਵਿਚ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਬ ਇੰਸਪੈਕਟਰ ਬਲਵੀਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਵਿਅਕਤੀ ਦੀ ਪਛਾਣ ਸੁਨੀਲ ਮਲਹੋਤਰਾ (40) ਮਦਨ ਲਾਲ ਵਜੋਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸੁਨੀਲ ਦਵਾਈਆਂ ਦਾ ਕੰਮ ਕਰਦਾ ਸੀ ਤੇ ਪਿਛਲੇ ਕਈ ਦਿਨਾਂ ਤੋਂ ਦਿਮਾਗੀ ਤੌਰ ’ਤੇ ਪਰੇਸ਼ਾਨ ਰਹ ਰਿਹਾ ਸੀ

## ਨਾਜਾਇਜ਼ ਸਬੰਧਾਂ ਨੇ ਉਜਾੜਿਆ ਇੱਕ ਹੋਰ ਘਰ, ਪਤਨੀ ਤੇ ਉਸਦੇ ਪ੍ਰੇਮੀ ਤੋਂ ਤੰਗ ਆ ਕੇ ਨੌਜਵਾਨ ਨੇ

ਜਲਾਲਾਬਾਦ, 3 ਮਈ। ਜਲਾਲਾਬਾਦ ਦੀ ਗੋਬਿੰਦ ਨਗਰੀ ਵਿਖੇ ਇੱਕ ਨੌਜਵਾਨ ਵਲੋਂ ਆਪਣੀ ਪਤਨੀ ਦੇ ਨਾਜਾਇਜ਼ ਸਬੰਧਾਂ ਦੇ ਚੱਲਦੇ ਪਤਨੀ ਅਤੇ ਉਸ ਦੇ ਪ੍ਰੇਮੀ ਤੋਂ ਤੰਗ ਆ ਕੇ ਪੱਖੇ ਨਾਲ ਫਾਹਾ ਲੈ ਕੇ ਜੀਵਨ ਲੀਲਾ ਸਮਾਪਤ ਕਰ ਲੈਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਬੇਟੇ ਨੇ ਕਰੀਬ 8-9 ਸਾਲ ਪਹਿਲਾਂ ਲਵ-ਮੈਰਿਜ ਕਰਵਾਈ ਸੀ। ਜਿਸ ਤੋਂ ਬਾਅਦ ਇੱਕ ਬੇਟੇ ਨੇ ਜਨਮ ਲਿਆ ਜਿਸ ਦੀ ਉਮਰ ਲਗਭਗ 5-6 ਸਾਲ ਦੇਹੈ। ਪੀੜਤ ਦੇ ਪਰਿਵਾਰਿਕ ਮੈਂਬਰਾਂ ਨੇ ਕਿਹਾ ਕਿ ਬੀਤੇ ਡੇਢ ਸਾਲ ਤੋਂ ਉਨ੍ਹਾਂ ਦੀ ਨਹੂੰ ਦੀ ਕਿਸੇ ਹੋਰ ਮੁੰਡੇ ਦੇ ਨਾਲ ਨਾਜਾਇਜ਼ ਸਬੰਧ ਸਨ। ਉਨ੍ਹਾਂ ਦੇ ਬੇਟੇ ਦੇ ਵੱਲੋਂ ਆਪਣੀ ਘਰਵਾਲੀ ਨੂੰ ਕਈ ਵਾਰ ਉਸ ਮੁੰਡੇ ਦੇ ਨਾਲ ਗੱਲਬਾਤ ਕਰਨ ਤੋਂ ਰੋਕਿਆ ਗਿਆ ਪਰ ਉਸ ਨੇ ਇੱਕ ਵੀ ਨਾ ਸੁਣੀ। ਪਰਿਵਾਰ ਨੇ ਗੰਭੀਰ ਦੋਸ਼ ਲਗਾਉਂਦੇ ਹੋਏ ਕਿਹਾ ਕਿ ਬੀਤੇ ਕੁਝ ਦਿਨਾਂ ਤੋਂ ਉਨ੍ਹਾਂ ਦੀ ਨਹੂੰ ਆਪਣੇ ਸਹੁਰਾ ਪਰਿਵਾਰ ਨਾਲ ਰੁੱਸ ਕੇ ਪੇਕੇ ਚਲੀ ਗਈ ਸੀ ਅਤੇ ਉਸਦੇ ਵੱਲੋਂ ਆਪਣੇ ਪ੍ਰੇਮੀ ਨਾਲ ਮਿਲਕੇ ਪਤੀ ਨੂੰ ਬਹੁਤ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ। ਜਿਸ ਤੋਂ ਤੰਗ




ਆ ਕੇ ਉਨ੍ਹਾਂ ਦੇ ਬੇਟੇ ਨੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ। ਮ੍ਰਿਤਕ ਨੌਜਵਾਨ ਦੇ ਪਰਿਵਾਰ ਨੇ ਪ੍ਰਸ਼ਾਸਨ ਦੇ ਕੋਲੋਂ ਇਨਸਾਫ ਦੀ ਮੰਗ ਕੀਤੀ ਹੈ ਉਹਨਾਂ ਨੇ ਕਿਹਾ ਕਿ ਜਿਹੜੇ ਲੋਕਾਂ ਦੇ ਕਰਕੇ ਸਾਡੇ ਪੁੱਤ ਨੇ ਖੁਦਕੁਸ਼ੀ ਕੀਤੀ ਹੈ ਉਨ੍ਹਾਂ ਦੇ ਖਿਲਾਫ ਬਣਦੀ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਉਧਰ ਇਸ ਮਾਮਲੇ ਦੇ ਸਬੰਧ ’ਚ ਥਾਣਾ ਸਿਟੀ ਜਲਾਲਾਬਾਦ ਪੁਲਸ ਦੇ ਵਲੋਂ ਮ੍ਰਿਤਕ ਨੌਜਵਾਨ ਅਬਰਦੀਪ ਉਰਫ ਅੰਬੂ ਦੇ ਪਿਤਾ ਸੁਖਦੇਵ ਸਿੰਘ ਵਾਸੀ ਪਿੰਡ ਢੰਡੀ ਖੁਰਦ ਦੇ ਬਿਆਨਾਂ ’ਤੇ ਅਬਰਦੀਪ ਦੀ ਪਤਨੀ ਜੋਤੀ ਪੁੱਤਰੀ ਗੁਰਮੀਤ ਸਿੰਘ ਵਾਸੀ ਗੋਬਿੰਦ ਨਗਰੀ ਅਤੇ ਮਨਿੰਦਰ ਸਿੰਘ ਉਰਫ ਬੱਬੂ ਪੁੱਤਰ ਸੋਨਾ ਸਿੰਘ ਵਾਸੀ ਪ੍ਰਭਾਤ ਸਿੰਘ ਵਾਲਾ ਦੇ ਵਿਰੁੱਧ ਅਧੀਨ ਧਾਰਾ ਬੀ.ਐੱਨ.ਐੱਸ 108,3(5) ਦੇ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

### ਦਰਦਨਾਕ ਹਾਦਸਾ! ਮੋਟਰਸਾਈਕਲ ਨਾਲ ਟਕਰਾ ਕੇ ਖੂਹ ’ਚ ਡਿੱਗੀ ਵੈਨ

ਮੰਦਸੌਰ 3 ਮਈ। ਮੱਧ ਪ੍ਰਦੇਸ਼ ਦੇ ਮੰਦਸੌਰ ਜ਼ਿਲ੍ਹੇ ਦੇ ਨਾਰਾਇਣਗੜ੍ਹ ਥਾਣਾ ਖੇਤਰ ’ਚ ਅੱਜ ਦੁਪਹਿਰੇ ਇੱਕ ਵੈਨ ਦੇ ਮੋਟਰਸਾਈਕਲ ਸਵਾਰ ਨਾਲ ਟਕਰਾਉਣ ਕਾਰਨ ਸੜਕ ਕਿਨਾਰੇ ਇੱਕ ਖੇਤ ਵਿੱਚ ਸਥਿਤ ਇੱਕ ਢੱਕੇ ਹੋਏ ਖੂਹ ’ਚ ਡਿੱਗ ਗਈ। ਇਸ ਦੌਰਾਨ ਮੋਟਰਸਾਈਕਲ ਸਵਾਰ ਸਮੇਤ ਨੌਂ ਲੋਕਾਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਜ਼ਖਮੀ ਹੋ ਗਏ। ਪੁਲਸ ਸੂਤਰਾਂ ਅਨੁਸਾਰ, ਵੈਨ ’ਚ ਸਵਾਰ ਲਗਭਗ ਦਸ ਲੋਕ ਨੀਮਚ ਜ਼ਿਲ੍ਹੇ ਵਿੱਚ ਸਥਿਤ ਮਾਤਾ




ਮੰਦਰ ਦੇ ਦਰਸ਼ਨ ਕਰਨ ਜਾ ਰਹੇ ਸਨ। ਫਿਰ, ਨਰਾਇਣਗੜ੍ਹ ਥਾਣਾ ਖੇਤਰ ਦੇ ਕਚਾਰੀਆ ਚੌਪਾਟੀ ਨੇੜੇ, ਸਾਹਮਣੇ ਤੋਂ ਆ ਰਹੇ ਇੱਕ ਮੋਟਰਸਾਈਕਲ ਸਵਾਰ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਵੈਨ ਉਸ ਨਾਲ ਟਕਰਾ ਗਈ ਅਤੇ ਫਿਰ ਬੇਕਾਬੂ ਹੋ ਗਈ ਅਤੇ ਸੜਕ ਦੇ ਕਿਨਾਰੇ ਇੱਕ ਖੇਤ ਵਿੱਚ ਇੱਕ ਖੁੱਲ੍ਹੇ ਖੂਹ ਵਿੱਚ ਡਿੱਗ ਗਈ। ਇਸ ਹਾਦਸੇ ਵਿੱਚ ਵੈਨ ਵਿੱਚ ਸਵਾਰ ਸੱਤ ਲੋਕਾਂ ਤੋਂ ਇਲਾਵਾ, ਮੋਟਰਸਾਈਕਲ ’ਤੇ ਸਵਾਰ ਇੱਕ ਵਿਅਕਤੀ ਅਤੇ ਬਚਾਅ ਕਾਰਜ ਦੌਰਾਨ ਖੂਹ ਵਿੱਚ ਡਿੱਗਣ ਵਾਲੇ ਇੱਕ ਵਿਅਕਤੀ ਸਮੇਤ ਕੁੱਲ ਨੌਂ ਲੋਕਾਂ ਦੀ ਮੌਤ ਹੋ ਗਈ ਹੈ। ਇਸ ਹਾਦਸੇ ਵਿੱਚ ਚਾਰ ਲੋਕ ਜ਼ਖਮੀ ਹੋ ਗਏ ਹਨ, ਜਿਨ੍ਹਾਂ ਨੂੰ ਜ਼ਿਲ੍ਹਾ ਹਸਪਤਾਲ ਲਿਆਂਦਾ ਗਿਆ ਹੈ। ਘਟਨਾ ਤੋਂ ਬਾਅਦ ਜ਼ਿਲ੍ਹਾ ਅਤੇ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀ ਮੌਕੇ ’ਤੇ ਪਹੁੰਚ ਗਏ। ਰਾਹਤ ਅਤੇ ਬਚਾਅ ਕਾਰਜ ਲਗਾਤਾਰ ਜਾਰੀ ਹਨ।

# ਅਜਿਹੀ ਹਾਲਤ ’ਚ ਮਿਲੀ ਔਰਤ ਦੀ ਲਾਸ਼, ਪੋਸਟਮਾਰਟਮ ਦੀ ਮੰਗ ਕਰਨ ’ਤੇ ਭਰਾ ਦੀ ਕੀਤੀ ਕੁੱਟਮਾਰ

ਅੰਮ੍ਰਿਤਸਰ 3 ਮਈ। ਇਸਲਾਮਾਬਾਦ ਇਲਾਕੇ ਦੇ ਅਧੀਨ ਆਉਂਦੇ ਆਦਰਸ਼ ਨਗਰ ’ਚ ਇਕ ਔਰਤ ਦੀ ਲਾਸ਼ ਪੱਖੇ ਨਾਲ ਲਟਕਦੀ ਮਿਲੀ। ਮ੍ਰਿਤਕਾ ਦੀ ਪਛਾਣ 48 ਸਾਲਾ ਅਨੂ ਵਜੋਂ ਹੋਈ ਹੈ। ਮ੍ਰਿਤਕ ਭੈਣ ਦੀ ਮੌਤ ਤੋਂ ਬਾਅਦ ਜਦੋਂ ਉਸ ਦਾ ਭਰਾ ਕਿਸ਼ਨ ਕੁਮਾਰ ਆਪਣੀ ਭੈਣ ਦੇ ਘਰ ਪਹੁੰਚਿਆ ਅਤੇ ਲਾਸ਼ ਦੀ ਹਾਲਤ ਦੇਖ ਕੇ ਉਸ ਨੇ ਪੋਸਟਮਾਰਟਮ ਦੀ ਮੰਗ ਕੀਤੀ। ਉਸ ਨੇ ਦੋਸ਼ ਲਾਇਆ ਕਿ ਉਸ ਦੀ ਭੈਣ ਦੇ ਪਤੀ ਅਤੇ ਪੁੱਤਰ ਨੇ ਇਸ ਗੱਲ ਨੂੰ ਲੈ ਕੇ ਉਸ ਦੀ ਕੁੱਟਮਾਰ ਕੀਤੀ। ਦੂਜੇ ਪਾਸੇ ਮ੍ਰਿਤਕਾ ਦੇ ਪਤੀ ਅਤੇ ਪੁੱਤਰ ਨੇ ਸਾਰੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਅਤੇ ਕਿਹਾ ਕਿ ਘਰ ’ਚ ਮਾਮੂਲੀ ਝਗੜਾ ਹੋਇਆ ਸੀ ਪਰ ਉਨ੍ਹਾਂ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਹ ਇੰਨਾ ਵੱਡਾ ਕਦਮ ਚੁੱਕੇਗੀ। ਉਨ੍ਹਾਂ ਦਾ ਕਦੇ ਕੋਈ ਗੰਭੀਰ ਝਗੜਾ ਨਹੀਂ ਹੋਇਆ। ਉਹ ਉਸ ਨੂੰ ਹਸਪਤਾਲ ਵੀ ਲੈ ਗਏ ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਮੌਕੇ ’ਤੇ ਪਹੁੰਚੀ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ। ਇਸ ਮਾਮਲੇ ਬਾਰੇ ਗੱਲਬਾਤ ਕਰਦਿਆਂ ਮ੍ਰਿਤਕਾ ਦੇ ਭਰਾ ਕਿਸ਼ਨ ਕੁਮਾਰ ਨੇ ਦੱਸਿਆ ਕਿ ਉਸ ਦੀ ਭੈਣ ਅਨੂ ਦਾ ਵਿਆਹ 26 ਸਾਲ ਪਹਿਲਾਂ ਹੋਇਆ ਸੀ। ਸਵੇਰੇ ਉਸ ਨੂੰ ਉਸ ਦੇ ਭਾਣਜੇ ਹਰਸ਼ ਦਾ ਫੋਨ ਆਇਆ ਕਿ ਉਸ ਦੀ ਮਾਂ ਅਨੂ ਦੀ ਮੌਤ ਹੋ ਗਈ ਹੈ। ਜਾਣਕਾਰੀ ਮਿਲਣ ਤੋਂ ਬਾਅਦ ਉਹ ਇਸਲਾਮਾਬਾਦ ਆਦਰਸ਼ ਨਗਰ ’ਚ ਆਪਣੀ ਭੈਣ ਦੇ ਸਹੁਰੇ ਘਰ ਪਹੁੰਚਿਆ। ਉਸ ਦੀ ਭੈਣ ਦੀ ਲਾਸ਼ ਉਥੇ ਜ਼ਮੀਨ ’ਤੇ ਪਈ ਸੀ। ਉਸ ਨੇ ਦੇਖਿਆ ਕਿ ਉਸ ਦੀ ਭੈਣ ਦਾ ਸਰੀਰ



ਅਜੇ ਵੀ ਗਰਮ ਸੀ, ਜਿਸ ਕਰ ਕੇ ਉਸ ਨੂੰ ਸ਼ੱਕ ਹੋਇਆ ਕਿ ਉਸ ਦੀ ਮੌਤ ਕੁਝ ਸਮਾਂ ਪਹਿਲਾਂ ਹੀ ਹੋਈ ਹੋਵੇਗੀ। ਕਿਸ਼ਨ ਨੇ ਅੱਗੇ ਕਿਹਾ ਕਿ ਜਦੋਂ ਉਸ ਨੇ ਆਪਣੀ ਭੈਣ ਅਨੂ ਦੀ ਲਾਸ਼ ਦਾ ਪੋਸਟਮਾਰਟਮ ਕਰਵਾਉਣ ਦੀ ਮੰਗ ਕੀਤੀ ਤਾਂ ਉਸ ਦੇ ਜੀਜੇ ਰਾਜੇਸ਼ ਕੁਮਾਰ, ਭਾਣਜੇ ਹਰਸ਼ ਅਤੇ ਭੈਣ ਦੇ ਦਿਉਰ ਬੱਬਲੂ ਨੇ ਉਸ ਦੀ ਕੁੱਟਮਾਰ ਕੀਤੀ। ਕਿਸ਼ਨ ਨੇ ਦੱਸਿਆ ਕਿ ਉਸ ਨੇ ਇਸ ਸਬੰਧੀ ਥਾਣਾ ਬੀ ਡਵੀਜ਼ਨ ਦੀ ਪੁਲਸ ’ਚ ਸ਼ਿਕਾਇਤ ਦਰਜ ਕਰਵਾਈ ਹੈ। ਦੂਜੇ ਪਾਸੇ, ਮ੍ਰਿਤਕਾ ਦੇ ਪਤੀ ਰਾਜੇਸ਼ ਅਤੇ ਭਾਣਜੇ ਹਰਸ਼ ਦਾ ਕਹਿਣਾ ਹੈ ਕਿ ਘਰ ਵਿਚ ਮਾਮੂਲੀ ਲੜਾਈ ਹੋਈ ਸੀ। ਉਹ ਡਰਾਇੰਗ ਰੂਮ ਵਿਚ ਬੈਠੇ ਸਨ ਅਤੇ ਅਨੂ ਆਪਣੇ ਕਮਰੇ ’ਚ ਚਲੀ ਗਈ। ਕੁਝ ਸਮੇਂ ਬਾਅਦ ਜਦੋਂ ਮੈਂ ਉਸ ਨੂੰ ਦੇਖਿਆ, ਉਹ ਪੱਖੇ ਨਾਲ ਲਟਕ ਰਹੀ ਸੀ। ਉਹ ਖੁਦ ਉਸ ਨੂੰ ਤੁਰੰਤ ਹਸਪਤਾਲ ਲੈ ਗਿਆ ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

### ਵਿਦੇਸ਼ ਭੇਜਣ ਦੇ ਨਾਂ ’ਤੇ ਮਾਰੀ 16 ਲੱਖ 50 ਹਜ਼ਾਰ ਦੀ ਠੱਗੀ

ਤਰਨਤਾਰਨ 3 ਮਈ। ਅਮਰੀਕਾ ਭੇਜਣ ਦੇ ਨਾਮ ਉੱਪਰ 16 ਲੱਖ 50 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੇ ਮਾਮਲੇ ਵਿੱਚ ਥਾਣਾ ਸਰਾਏ ਅਮਾਨਤ ਖਾਂ ਦੀ ਪੁਲਸ ਨੇ ਇਕ ਵਿਅਕਤੀ ਨੂੰ ਨਾਮਜ਼ਦ ਕਰਦੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਕੁਲਵਿੰਦਰ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਚਾਹਲ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਸ ਦਾ ਬੇਟਾ ਜਸਕੀਰਤ ਸਿੰਘ ਜੋ ਇੰਗਲੈਂਡ ਰਹਿੰਦਾ ਸੀ, ਨੂੰ ਅਮਰੀਕਾ ਭੇਜਣ ਲਈ ਜਗਦੀਪ ਸਿੰਘ ਪੁੱਤਰ ਸੁਖਚੈਨ ਸਿੰਘ ਵਾਸੀ ਸ਼ਾਹਬਾਜਪੁਰਾ ਵੱਲੋਂ 16 ਲੱਖ ਰੁਪਏ ਲਏ ਸਨ ਅਤੇ ਉਸਦੇ ਮੁੰਡੇ ਨੂੰ ਗਲਤ ਰਸਤੇ ਰਾਹੀਂ ਅਮਰੀਕਾ ਦਾ ਬਾਰਡਰ ਟਪਾ ਕੇ ਭੇਜ ਦਿੱਤਾ ਜਿੱਥੇ ਉਸ ਦਾ ਮੁੰਡਾ ਪੁਲਸ ਨੇ ਕਾਬੂ ਕਰ ਕੇ ਚਾਰ ਮਹੀਨੇ ਜੇਲ੍ਹ ਵਿੱਚ ਰੱਖਿਆ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਥਾਣਾ ਸਰਾਏ ਅਮਾਨਤ ਖਾਂ ਦੇ ਏ.ਐੱਸ.ਆਈ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਮਾਮਲੇ ਦੀ ਕੀਤੀ ਗਈ ਜਾਂਚ ਉਪਰੰਤ ਜਗਦੀਪ ਸਿੰਘ ਪੁੱਤਰ ਸੁਖਚੈਨ ਸਿੰਘ ਦੇ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕਰਦੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਰਸਤਾ ਰੋਕ ਕੇ ਵਿਅਕਤੀ ਦੀ ਕੁੱਟਮਾਰ ਕਰਨ ਦੇ ਦੋਸ਼ 'ਚ 4 ਨਾਮਜ਼ਦ

ਫਿਰੋਜ਼ਪੁਰ 3 ਮਈ। ਮਮਦੋਟ ਦੇ ਅਧੀਨ ਆਉਂਦੇ ਪਿੰਡ ਰਾਓ ਕੇ ਹਿਠਾੜ ਵਿਖੇ ਇਕ ਵਿਅਕਤੀ ਦਾ ਰਸਤਾ ਰੋਕ ਕੇ ਉਸ ਦੀ ਕੁੱਟਮਾਰ ਕਰਨ ਦੇ ਦੋਸ਼ ਵਿਚ ਪੁਲਸ ਨੇ 4 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਜਸਵਿੰਦਰ ਸਿੰਘ ਪੁੱਤਰ ਸੁਮੀਰ ਸਿੰਘ ਵਾਸੀ ਪਿੰਡ ਗਜਨੀਵਾਲਾ ਨੇ ਦੱਸਿਆ ਕਿ ਮਿਤੀ 9 ਅਪ੍ਰੈਲ 2025 ਨੂੰ




ਕਰੀਬ 9.30 ਵਜੇ ਰਾਓ ਕੇ ਹਿਠਾੜ ਨੂੰ ਉਹ ਆਪਣੀ ਮਹਿੰਦਰਾ ਗੱਡੀ ਬਲੈਰੋ 'ਤੇ ਸਵਾਰ ਹੋ ਕੇ ਪਿੰਡ ਰਾਓ ਕੇ ਹਿਠਾੜ ਤੋਂ ਬਾਣੀ ਡੇਅਰੀ ਦੇ ਕਰੀਬ 40 ਕਿੱਲੋ ਦੁੱਧ ਲੈ ਕੇ ਆਪਣੀ ਗੱਡੀ ਵਿਚ ਰੱਖ ਕੇ ਉਥੋਂ ਹੋਰ ਪਿੰਡਾਂ ਨੂੰ ਤੁਰਨ ਲੱਗਾ ਸੀ। ਇਸ ਦੌਰਾਨ ਦੋਸ਼ੀਅਨ ਮਨਪ੍ਰੀਤ ਸਿੰਘ ਪੁੱਤਰ ਵਜੀਰ ਸਿੰਘ, ਸੁਨੀਲ ਕੁਮਾਰ ਪੁੱਤਰ ਸਤਨਾਮ ਸਿੰਘ ਵਾਸੀਅਨ ਪਿੰਡ ਰਾਓ ਕੇ ਹਿਠਾੜ, ਕਿਰਪਾਲ ਸਿੰਘ ਪੁੱਤਰ ਵਜੀਰ ਸਿੰਘ ਬੱਬੂ, ਵਜੀਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀਅਨ ਰਾਓ ਕੇ ਹਿਠਾੜ ਨੇ ਉਸ ਦਾ ਰਸਤਾ ਰੋਕ ਕੇ ਪਹਿਲਾ ਉਸ ਨਾਲ ਗਲਤ ਬੋਲੇ ਅਤੇ ਫਿਰ ਸਾਰਿਆਂ ਨੇ ਮਿਲ ਕੇ ਉਸ ਦੀ ਕੁੱਟਮਾਰ ਕੀਤੀ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਸਪਾਲ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਅਣਪਛਾਤੇ ਨੌਜਵਾਨਾਂ ਨੇ ਸਰਪੰਚ 'ਤੇ ਚਲਾਈ ਗੋਲੀ, ਗੰਭੀਰ ਜ਼ਖਮੀ

ਅਬੋਹਰ 3 ਮਈ। ਬੱਲੂਆਣਾ ਵਿਧਾਨ ਸਭਾ ਹਲਕੇ ਦੇ ਪਿੰਡ ਭਾਗਸਰ 'ਚ ਬੀਤੀ ਰਾਤ ਨਕਾਬਪੋਸ਼ ਹਮਲਾਵਰਾਂ ਨੇ ਪਿੰਡ ਦੇ ਮੌਜੂਦਾ ਸਰਪੰਚ ਨੂੰ ਗੋਲੀ ਮਾਰ ਕੇ ਮਾਰਨ ਦੀ ਕੋਸ਼ਿਸ਼ ਕੀਤੀ, ਜਿਸ 'ਚ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਜ਼ਖਮੀ ਸਰਪੰਚ ਨੂੰ ਉਸਦੇ ਪਰਿਵਾਰਕ ਮੈਂਬਰਾਂ ਨੇ ਸਰਕਾਰੀ ਹਸਪਤਾਲ 'ਚ ਦਾਖ਼ਲ ਕਰਵਾਇਆ, ਜਿੱਥੋਂ ਮੁੱਢਲੀ ਸਹਾਇਤਾ ਤੋਂ ਬਾਅਦ ਉਸ ਨੂੰ ਫਰੀਦਕੋਟ ਮੈਡੀਕਲ ਕਾਲਜ ਰੈਫ਼ਰ ਕਰ ਦਿੱਤਾ ਗਿਆ। ਸੂਚਨਾ ਮਿਲਦੇ ਹੀ ਬਹਾਵਲਵਾਲਾ ਥਾਣੇ ਦੀ ਪੁਲਸ ਵੀ ਹਸਪਤਾਲ ਪਹੁੰਚ ਗਈ। ਜਾਣਕਾਰੀ ਅਨੁਸਾਰ ਪਿੰਡ ਭਾਗਸਰ ਦੇ ਮੌਜੂਦਾ ਸਰਪੰਚ ਸੁਧੀਰ ਕੁਕਣਾ ਬੀਤੀ ਰਾਤ ਆਪਣੇ ਖੇਤ ਤੋਂ ਕਾਰ 'ਚ ਘਰ ਵਾਪਸ ਆ ਰਿਹਾ ਸੀ ਤਾਂ ਰਸਤੇ 'ਚ ਮੋਟਰਸਾਈਕਲ 'ਤੇ ਸਵਾਰ ਦੋ ਨਕਾਬਪੋਸ਼ ਨੌਜਵਾਨਾਂ ਨੇ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ। ਜਿਵੇਂ ਹੀ ਉਸ ਨੇ ਕਾਰ ਰੋਕੀ ਅਤੇ ਉਨ੍ਹਾਂ ਦੀ ਗੱਲ ਸੁਣਨ ਲਈ ਕਾਰ ਦਾ ਸ਼ੀਸ਼ਾ ਹੇਠਾਂ



ਕੀਤਾ ਤਾਂ ਇਕ ਨੌਜਵਾਨ ਨੇ ਆਪਣੀ ਪਿਸਤੌਲ ਤੋਂ ਉਸ 'ਤੇ ਗੋਲੀ ਚਲਾਈ, ਜੋ ਉਸ ਦੇ ਮੋਢੇ 'ਤੇ ਲੱਗੀ ਅਤੇ ਉਹ ਖੂਨ ਨਾਲ ਲੱਥਪਥ ਡਿੱਗ ਪਿਆ ਅਤੇ ਹਮਲਾਵਰ ਨੌਜਵਾਨ ਮੌਕੇ ਤੋਂ ਭੱਜ ਗਏ। ਫਾਇਰ ਹੋਣ ਦੀ ਸੂਚਨਾ ਮਿਲਦੇ ਹੀ ਆਸ-ਪਾਸ ਦੇ ਲੋਕ ਇਕੱਠੇ ਹੋ ਗਏ ਅਤੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ, ਜਿਨ੍ਹਾਂ ਨੇ ਉਸ ਨੂੰ ਹਸਪਤਾਲ ਪਹੁੰਚਾਇਆ। ਸਰਪੰਚ ਦੇ ਚਚੇਰੇ ਭਰਾ ਨੇ ਦੱਸਿਆ ਕਿ ਜਿਵੇਂ ਹੀ ਉਨ੍ਹਾਂ ਨੂੰ ਸੁਧੀਰ ਨੂੰ ਗੋਲੀ ਲੱਗਣ ਦੀ ਸੂਚਨਾ ਮਿਲੀ, ਉਨ੍ਹਾਂ ਦੇ ਵੱਡੇ ਭਰਾ ਜੈ ਸਿੰਘ ਨੇ ਤੁਰੰਤ ਜ਼ਖਮੀ ਸੁਧੀਰ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਮੁੱਢਲੀ ਸਹਾਇਤਾ ਤੋਂ ਬਾਅਦ ਉਸ ਨੂੰ ਰੈਫ਼ਰ ਕਰ ਦਿੱਤਾ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਬਹਾਵਵਾਲਾ ਦੀ ਪੁਲਸ ਮੌਕੇ 'ਤੇ ਪਹੁੰਚ ਗਈ ਅਤੇ ਜਾਂਚ ਸ਼ੁਰੂ ਕਰ ਦਿੱਤੀ। ਮੌਕੇ 'ਤੇ ਮੌਜੂਦ ਪੁਲਸ ਅਧਿਕਾਰੀ ਬਲਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਸਰਪੰਚ ਨੂੰ ਅਣਪਛਾਤੇ ਨੌਜਵਾਨਾਂ ਨੇ ਗੋਲੀ ਮਾਰ ਦਿੱਤੀ ਹੈ, ਜਿਸ 'ਤੇ ਉਹ ਤੁਰੰਤ ਮੌਕੇ 'ਤੇ ਪਹੁੰਚ ਗਏ ਪਰ ਅਜੇ ਤੱਕ ਇਹ ਸਪੱਸ਼ਟ ਨਹੀਂ ਹੋਇਆ ਹੈ ਕਿ ਨੌਜਵਾਨਾਂ ਨੇ ਇਹ ਘਟਨਾ ਕਿਉਂ ਕੀਤੀ। ਪੁਲਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

## ਭਰਾ ਨੇ ਭਰਾ ਦੇ ਘਰ ਨੂੰ ਲਗਾਈ ਅੱਗ, ਪਰਿਵਾਰ ਨੇ ਭੱਜ ਕੇ ਬਚਾਈ ਜਾਨ

ਅਬੋਹਰ 3 ਮਈ। ਇੱਥੇ ਨੇੜਲੇ ਪਿੰਡ ਖਾਟਵਾਂ 'ਚ ਇਕ ਭਰਾ ਨੇ ਨਸ਼ੇ ਦੀ ਹਾਲਤ 'ਚ ਆਪਣੇ ਹੀ ਭਰਾ ਦੇ ਘਰ ਨੂੰ ਅੱਗ ਲਗਾ ਦਿੱਤੀ। ਇਸ ਦੌਰਾਨ ਉਸਦੇ ਭਰਾ ਅਤੇ ਉਸਦੇ ਪਰਿਵਾਰ ਨੇ ਉੱਥੋਂ ਭੱਜ ਕੇ ਆਪਣੀ ਜਾਨ ਬਚਾਈ ਪਰ ਕਮਰੇ ਵਿੱਚ ਲੱਗੀ ਭਿਆਨਕ ਅੱਗ ਕਾਰਨ ਉਨ੍ਹਾਂ ਦਾ ਭਾਰੀ ਨੁਕਸਾਨ ਹੋਇਆ। ਪੀੜਤ ਦੀ ਸ਼ਿਕਾਇਤ 'ਤੇ ਬਹਾਵਵਾਲਾ ਥਾਣੇ ਨੇ ਉਸਦੇ ਭਰਾ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਨੂੰ ਦਿੱਤੇ ਆਪਣੇ ਬਿਆਨ 'ਚ ਮਹਿੰਦਰ ਕੁਮਾਰ ਪੁੱਤਰ ਸਾਹਿਬ ਰਾਮ ਨੇ ਕਿਹਾ ਕਿ ਉਸਦਾ ਭਰਾ ਸੁਰਿੰਦਰ ਕੁਮਾਰ ਨਸ਼ੇੜੀ ਹੈ ਅਤੇ ਉਹ ਦੋ ਮੰਜ਼ਿਲਾ ਮਕਾਨ ਦੇ ਉੱਪਰਲੇ ਹਿੱਸੇ ਵਿੱਚ ਰਹਿੰਦਾ ਹੈ। ਪਿਛਲੇ ਦਿਨ ਜਦੋਂ ਉਸਦਾ ਪਰਿਵਾਰ ਕਮਰੇ 'ਚ ਸੁੱਤਾ ਪਿਆ ਸੀ ਤਾਂ ਉਸਦਾ ਭਰਾ ਸੁਰਿੰਦਰ ਹੇਠਾਂ ਆਇਆ ਅਤੇ ਵਿਹੜੇ 'ਚ ਖੜ੍ਹੇ ਮੋਟਰਸਾਈਕਲ ਵਿੱਚੋਂ ਪੈਟਰੋਲ ਕੱਢਿਆ ਅਤੇ ਕਮਰੇ ਵਿੱਚ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ। ਜਿਵੇਂ ਹੀ ਉਸਨੂੰ ਅੱਗ ਲੱਗਣ ਦਾ ਪਤਾ ਲੱਗਾ, ਉਹ ਬਹੁਤ ਮੁਸ਼ਕਲ ਨਾਲ ਕਮਰੇ ਵਿੱਚੋਂ ਬਾਹਰ ਆਇਆ ਅਤੇ ਆਪਣੀ ਜਾਨ ਬਚਾਈ। ਜਦੋਂ ਕਿ ਉਸਦੇ ਕਮਰੇ ਵਿੱਚ ਪਿਆ ਸਾਰਾ ਸਮਾਨ ਸੜ ਕੇ ਸੁਆਹ ਹੋ ਗਿਆ। ਸੁਰਿੰਦਰ ਕੁਮਾਰ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਅਤੇ ਅੱਜ ਮੈਡੀਕਲ ਜਾਂਚ ਲਈ ਹਸਪਤਾਲ ਲਿਆਂਦਾ ਗਿਆ।

# ਫਾਲਤੂ ਖ਼ਰਚੇ ਲਈ ਪੈਸੇ ਨਾ ਦੇਣ 'ਤੇ ਪੋਤਰੇ ਵੱਲੋਂ ਜ਼ਖਮੀ ਕੀਤੇ ਦਾਦੇ ਦੀ ਇਲਾਜ ਦੌਰਾਨ ਮੌਤ

ਲੁਧਿਆਣਾ 3 ਮਈ। ਫਜ਼ੂਲ ਖਰਚੀ ਲਈ ਪੈਸੇ ਦੇਣ ਤੋਂ ਇਨਕਾਰ ਕਰਨ 'ਤੇ ਪੋਤਰੇ ਵਲੋਂ ਬੈਟ ਮਾਰ ਕੇ



ਜ਼ਖ਼ਮੀ ਕੀਤੇ ਦਾਦੇ ਦੀ ਇਲਾਜ ਦੌਰਾਨ ਮੌਤ ਹੋ ਗਈ ਹੈ। ਪੁਲਸ ਨੇ ਮੁਲਜ਼ਮ ਖਿਲਾਫ਼ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ। ਡਾਬਾ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਮੁਹੱਲਾ ਬਸੰਤ ਨਗਰ ਵਾਸੀ ਰਵਿੰਦਰ ਸਿੰਘ ਨੇ ਦੋਸ਼ ਲਾਇਆ ਸੀ ਕਿ ਉਸ ਦੇ ਭਰਾ ਰਘੂਵੀਰ ਸਿੰਘ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਚੁੱਕੀ ਹੈ ਅਤੇ ਉਸਦਾ ਬੇਟਾ ਸੰਨੀ, ਜੋ ਕਿ ਉਸ ਦਾ ਭਤੀਜਾ ਲੱਗਦਾ ਹੈ, ਮਾੜੀ ਸੰਗਤ ਦਾ ਸ਼ਿਕਾਰ ਹੋ ਚੁੱਕਾ ਹੈ ਅਤੇ ਅਕਸਰ ਆਪਣੇ ਦਾਦੇ ਬਹਾਦਰ ਸਿੰਘ ਤੋਂ ਪੈਸੇ ਮੰਗਦਾ ਰਹਿੰਦਾ ਸੀ ਅਤੇ ਨਾਂਹ ਕਰਨ 'ਤੇ ਕੁੱਟਮਾਰ 'ਤੇ ਉਤਰ ਆਉਂਦਾ ਸੀ। 16 ਅਪ੍ਰੈਲ ਨੂੰ ਵੀ ਉਸਦੇ ਭਤੀਜੇ ਸੰਨੀ ਨੇ ਦਾਦਾ ਬਹਾਦਰ ਸਿੰਘ ਨੂੰ ਪੈਸੇ ਦੇਣ ਲਈ ਕਿਹਾ, ਜਿਸ 'ਤੇ ਉਸ ਨੇ ਨਾਂਹ ਕਰ ਦਿੱਤੀ, ਜਿਸ 'ਤੇ ਗੁੱਸੇ 'ਚ ਆ ਕੇ ਸੰਨੀ ਨੇ ਉਨ੍ਹਾਂ ਦੇ ਸਿਰ 'ਤੇ ਬੈਟ ਨਾਲ ਹਮਲਾ ਕਰ ਕੇ ਉਸਨੂੰ ਜ਼ਖ਼ਮੀ ਕਰ ਦਿੱਤਾ। ਜਿਵੇਂ ਹੀ ਉਸ ਨੇ ਅੱਗੇ ਵਧ ਕੇ ਉਸਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਮੁਲਜ਼ਮ ਨੇ ਛੁਰੇ ਨਾਲ ਵੀ ਵਾਰ ਕੀਤਾ ਅਤੇ ਧਮਕੀਆਂ ਦਿੰਦੇ ਹੋਏ ਫ਼ਰਾਰ ਹੋ ਗਿਆ। ਗੰਭੀਰ ਜ਼ਖ਼ਮੀ ਹੋਏ ਬਹਾਦਰ ਸਿੰਘ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ, ਜਿਸਦੀ ਇਲਾਜ ਦੌਰਾਨ ਸੋਮਵਾਰ ਨੂੰ ਮੌਤ ਹੋ ਗਈ। ਉਧਰ ਥਾਣਾ ਇੰਚਾਰਜ ਨੇ ਦੱਸਿਆ ਕਿ ਪੁਲਸ ਨੇ ਮੁਲਜ਼ਮ ਸੰਨੀ ਖਿਲਾਫ਼ ਇਰਾਦਾ ਕਤਲ ਦਾ ਮਾਮਲਾ ਦਰਜ ਕਰ ਕੇ ਉਸਨੂੰ ਗ੍ਰਿਫ਼ਤਾਰ ਕਰ ਕੇ ਜੇਲ ਭੇਜ ਦਿੱਤਾ ਹੈ। ਹੁਣ ਉਸ ਦੇ ਖਿਲਾਫ਼ ਦਰਜ ਮਾਮਲੇ ਵਿਚ ਕਤਲ ਦੀ ਧਾਰਾ ਜੋੜ ਦਿੱਤੀ ਗਈ ਹੈ। ਲਾਸ਼ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤੀ ਹੈ।

## ਝਗੜੇ 'ਚ ਸਿਰ 'ਤੇ ਇੱਟ ਵੱਜਣ ਨਾਲ ਵਿਅਕਤੀ ਦੀ ਮੌਤ, 4 ਲੋਕਾਂ ਖ਼ਿਲਾਫ਼ ਮਾਮਲਾ ਦਰਜ

ਫਿਰੋਜ਼ਪੁਰ 3 ਮਈ। ਪਿੰਡ ਸੋਢੇਵਾਲਾ 'ਚ ਹੋਏ ਝਗੜੇ ਦੌਰਾਨ ਇੱਕ ਵਿਅਕਤੀ ਦੇ ਸਿਰ ਵਿਚ ਇੱਟ ਵੱਜਣ ਕਾਰਨ ਉਸਦੀ ਮੌਤ ਹੋ ਗਈ। ਪੁਲਸ ਨੇ ਮ੍ਰਿਤਕ ਦੀ ਪਤਨੀ ਦੇ ਬਿਆਨਾਂ ਦੇ ਆਧਾਰ 'ਤੇ 4 ਦੋਸ਼ੀਆਂ ਦੇ ਖ਼?ਲਾਫ਼ ਪਰਚਾ ਦਰਜ ਕਰ ਲਿਆ ਹੈ। ਥਾਣਾ ਸਦਰ ਪੁਲਸ ਨੂੰ ਦਿੱਤੇ ਬਿਆਨਾ ਵਿਚ ਵੀਨਾ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦਾ ਰਹਿਣ ਵਾਲਾ ਕ੍ਰਿਸ਼ਨ ਉਨ੍ਹਾਂ ਦੇ ਘਰ ਦੇ ਬਾਹਰੋਂ ਨਿਕਲਦੇ ਸਮੇਂ ਅਕਸਰ ਗਲਤ ਨਜ਼ਰ ਰੱਖਦਾ ਹੈ। ਬੁੱਧਵਾਰ ਰਾਤ ਕ੍ਰਿਸ਼ਨ ਉਨਾਂ ਦੇ ਘਰ ਅੱਗੇ ਮੋਟਰਸਾਈਕਲ ਖੜ੍ਹੀ ਕਰਕੇ ਹਾਰਨ ਵਜਾਉਣ ਲੱਗ ਪਿਆ। ਉਸਦੇ ਪੁੱਤਰ ਗੋਰੇ ਨੇ ਬਾਹਰ ਨਿਕਲ ਕੇ ਕ੍ਰਿਸ਼ਨ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਉਸ ਨੇ ਧਮਕੀ ਦਿੱਤੀ ਉਹ ਉਨ੍ਹਾਂ ਦੇ ਘਰ ਦੀਆਂ ਧੀਆਂ-ਭੈਣਾਂ ਨੂੰ ਚੁੱਕ ਕੇ ਲੈ ਜਾਵੇਗਾ। ਇਸੇ ਗੱਲ ਨੂੰ ਲੈ ਕੇ ਉਨ੍ਹਾਂ ਦੇ ਪਰਿਵਾਰ ਦਾ ਕ੍ਰਿਸ਼ਨ ਨਾਲ ਝਗੜਾ ਹੋ ਗਿਆ ਤਾਂ ਉਸਨੇ ਆਪਣੇ ਪਿਤਾ ਤਰਸੇਮ, ਭਰਾਵਾਂ ਸੁੱਚਾ ਅਤੇ ਵਿਜੈ ਨੂੰ ਉੱਥੇ ਬੁਲਾ ਲਿਆ। ਇਸੇ ਦੌਰਾਨ ਕ੍ਰਿਸ਼ਨ ਨੇ ਇੱਕ ਇੱਟ ਉਸਦੇ ਪਤੀ ਸੁੱਖੇ ਦੇ ਸਿਰ ਵਿਚ ਮਾਰ ਦਿੱਤੀ। ਗੰਭੀਰ ਜ਼ਖਮੀ ਸੁੱਖੇ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਥਾਣਾ ਮੁਖੀ ਜਸਵੰਤ ਸਿੰਘ ਨੇ ਦੱਸਿਆ ਕਿ ਬਿਆਨਾਂ ਦੇ ਆਧਾਰ 'ਤੇ ਚਾਰਾਂ ਦੇ ਖ਼?ਲਾਫ਼ ਪਰਚਾ ਦਰਜ ਕਰ ਲਿਆ ਗਿਆ ਹੈ ਅਤੇ ਜਾਂਚ ਜਾਰੀ ਹੈ।

# ਸ਼ੇਅਰ ਬਾਜ਼ਾਰ : ਸੈਂਸੈਕਸ 70 ਅੰਕ ਚੜ੍ਹਿਆ ਤੇ ਨਿਫਟੀ 24,335 ਦੇ ਪੱਧਰ 'ਤੇ ਹੋਇਆ ਬੰਦ

ਮੁੰਬਈ 3 ਮਈ। ਹਫ਼ਤੇ ਦੇ ਦੂਜੇ ਕਾਰੋਬਾਰੀ ਦਿਨ, ਸਟਾਕ ਮਾਰਕੀਟ ਵਿੱਚ ਸਥਿਰ ਕਾਰੋਬਾਰ ਦੇਖਣ ਨੂੰ ਮਿਲਿਆ ਹੈ। ਸੈਂਸੈਕਸ 70.01 ਅੰਕ ਭਾਵ 0.09% ਦੇ ਵਾਧੇ ਨਾਲ 80,288.38 ਦੇ ਪੱਧਰ 'ਤੇ ਬੰਦ ਹੋਇਆ। ਸੈਂਸੈਕਸ ਦੇ 16 ਸਟਾਕ ਵਾਧੇ ਨਾਲ ਅਤੇ 14 ਸਟਾਕ ਗਿਰਾਵਟ ਨਾਲ ਕਾਰੋਬਾਰ ਕਰਦੇ ਦੇਖੇ ਗਏ। ਰਿਲਾਇੰਸ ਅਤੇ ਟੈਕ ਮਹਿੰਦਰਾ ਦੇ ਸ਼ੇਅਰ 2.2% ਤੋਂ ਵੱਧ ਵਧੇ। ਅਲਟਰਾਟੈਕ ਸੀਮੈਂਟ, ਪਾਵਰ ਗਰਿੱਡ ਅਤੇ ਸਨ ਫਾਰਮਾ ਦੇ ਸ਼ੇਅਰ 2.3% ਤੋਂ ਵੱਧ ਡਿੱਗ ਕੇ ਬੰਦ ਹੋਏ। ਦੂਜੇ ਪਾਸੇ ਨਿਫਟੀ 7.45 ਅੰਕ ਭਾਵ 0.03% ਵਧ ਕੇ 24,335.95 ਦੇ ਪੱਧਰ 'ਤੇ ਬੰਦ ਹੋਇਆ ਹੈ। 50 ਨਿਫਟੀ ਸਟਾਕਾਂ ਵਿੱਚੋਂ, 31 ਵਿੱਚ ਗਿਰਾਵਟ ਆਈ। ਐਨਐਸਈ ਸੈਕਟਰਲ ਸੂਚਕਾਂਕ ਵਿੱਚੋਂ ਸਭ ਤੋਂ ਵੱਧ ਗਿਰਾਵਟ ਫਾਰਮਾ ਵਿੱਚ 1.06%, ਮੈਟਲ ਵਿੱਚ 0.95% ਅਤੇ ਮੀਡੀਆ ਵਿੱਚ 0.79% ਰਹੀ। ਆਈਟੀ ਵਿੱਚ 1.23% ਦਾ ਵਾਧਾ ਹੋਇਆ। ਵਿਦੇਸ਼ੀ ਨਿਵੇਸ਼ਕ (699) ਭਾਰਤੀ ਬਾਜ਼ਾਰ ਵਿੱਚ ਖਰੀਦਦਾਰੀ ਕਰ ਰਹੇ ਹਨ। ਪਿਛਲੇ





ਵਪਾਰਕ ਹਫ਼ਤੇ (21-25 ਅਪ੍ਰੈਲ) ਵਿੱਚ 699 ਨੇ ਭਾਰਤੀ ਸ਼ੇਅਰ ਬਾਜ਼ਾਰਾਂ ਵਿੱਚ 17,425 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਕੱਲ੍ਹ ਹੀ, ਯਾਨੀ 28 ਅਪ੍ਰੈਲ ਨੂੰ, ਵਿਦੇਸ਼ੀ ਨਿਵੇਸ਼ਕਾਂ ਨੇ 2,474.10 ਕਰੋੜ ਰੁਪਏ ਦੇ ਸ਼ੇਅਰ ਖਰੀਦੇ। ਘਰੇਲੂ ਨਿਵੇਸ਼ਕਾਂ ਨੇ ਵੀ 2,817.64 ਕਰੋੜ ਰੁਪਏ ਦੀ ਖਰੀਦਦਾਰੀ ਕੀਤੀ। ਜਪਾਨ ਦਾ ਨਿੱਕੇਈ ਅੱਜ ਬੰਦ ਹੈ। ਕੱਲ੍ਹ ਇਹ 134.25 ਅੰਕ (0.38%) ਵਧ ਕੇ 35,839 'ਤੇ ਬੰਦ ਹੋਇਆ। ਕੋਰੀਆ ਦਾ ਕੋਸਪੀ 19 ਅੰਕ (0.74%) ਵਧ ਕੇ 2,568 'ਤੇ ਕਾਰੋਬਾਰ ਕਰ ਰਿਹਾ ਹੈ। ਚੀਨ ਦਾ ਸ਼ੰਘਾਈ ਕੰਪੋਜ਼ਿਟ ਮਾਮੂਲੀ ਗਿਰਾਵਟ ਨਾਲ 3,287 'ਤੇ ਕਾਰੋਬਾਰ ਕਰ ਰਿਹਾ ਹੈ। ਹਾਂਗ ਕਾਂਗ ਦਾ ਹੈਂਗ ਸੇਂਗ ਇੰਡੈਕਸ 88 ਅੰਕ (0.40%) ਵਧ ਕੇ 22,060 'ਤੇ ਕਾਰੋਬਾਰ ਕਰ ਰਿਹਾ ਹੈ।

## ਨਾਜਾਇਜ਼ ਦੇਸੀ ਪਿਸਤੌਲ ਤੇ 2 ਕਾਰਤੂਸ ਸਮੇਤ ਮੁਲਜ਼ਮ ਗ੍ਰਿਫ਼ਤਾਰ

ਮੋਹਾਲੀ 3 ਮਈ। ਸੀ. ਆਈ. ਏ. ਸਟਾਫ਼ ਵੱਲੋਂ ਇਕ ਵਿਅਕਤੀ ਨੂੰ ਨਾਜਾਇਜ਼ ਅਸਲੇ ਸਮੇਤ ਕਾਬੂ ਕੀਤਾ ਗਿਆ ਹੈ। ਗ੍ਰਿਫ਼ਤਾਰ ਵਿਅਕਤੀ ਦੀ ਪਛਾਣ ਧਰਮਿੰਦਰ ਕੁਮਾਰ ਪਿੰਡ ਖੁਰਦਨਵਾਂ ਪੁਰਾ ਜ਼ਿਲ੍ਹਾ ਬਰੇਲੀ ਯੂ. ਪੀ. ਵਜੋਂ ਹੋਈ ਹੈ। ਇਸ ਸਬੰਧੀ ਐੱਸ. ਐੱਸ. ਪੀ. ਦੀਪਕ ਪਾਰੀਕ ਨੇ ਦੱਸਿਆ ਕਿ 26 ਅਪ੍ਰੈਲ ਨੂੰ ਇੰਚਾਰਜ ਸੀ. ਆਈ. ਏ. ਸਟਾਫ਼ ਦੀ ਨਿਗਰਾਨੀ ਹੇਠ ਸੀ. ਆਈ. ਏ. ਦੀ ਟੀਮ ਨੇੜੇ ਬੱਸ ਸਟੈਂਡ ਖਰੜ ਮੌਜੂਦ ਸੀ ਤਾਂ ਸੀ. ਆਈ. ਏ. ਦੀ ਟੀਮ ਨੂੰ ਇਤਲਾਹ ਮਿਲੀ ਕਿ ਧਰਮਿੰਦਰ ਕੁਮਾਰ ਨਾਂ ਦੇ ਵਿਅਕਤੀ ਕੋਲ ਨਾਜਾਇਜ਼ ਹਥਿਆਰ ਹੈ ਅਤੇ ਉਹ ਕਿਸੇ



ਵਾਰਦਾਤ ਨੂੰ ਅੰਜਾਮ ਦੇਣ ਲਈ ਭਗਤਘਾਟ ਨੂੰ ਜਾਂਦੀ ਸੜਕ 'ਤੇ ਘੁੰਮ ਰਿਹਾ ਹੈ। ਗੁਪਤ ਸੂਚਨਾ ਦੇ ਆਧਾਰ 'ਤੇ ਉਕਤ ਮੁਲਜ਼ਮ ਅਸਲਾ ਐਕਟ ਦੇ ਤਹਿਤ ਮਾਮਲਾ ਦਰਜ ਕਰਕੇ ਸੀ. ਆਈ. ਏ. ਦੀ ਟੀਮ ਵਲੋਂ ਨੇੜੇ ਭਗਤਘਾਟ ਖਰੜ ਤੋਂ ਧਰਮਿੰਦਰ ਨੂੰ ਕਾਬੂ ਕੀਤਾ ਤਾਂ ਉਸ ਦੀ ਤਲਾਸ਼ੀ ਦੌਰਾਨ ਉਸ ਕੋਲੋਂ 1 ਨਾਜਾਇਜ਼ ਦੇਸੀ ਪਿਸਤੌਲ .315 ਬੋਰ ਸਮੇਤ 2 ਕਾਰਤੂਸ ਬਰਾਮਦ ਕੀਤੇ ਗਏ। ਮੁਲਜ਼ਮ ਧਰਮਿੰਦਰ ਕੁਮਾਰ ਜੋ ਕਿ ਇਸ ਸਮੇਂ ਹੋਟਲ ਜੀ-ਪਲਾਜਾ ਜ਼ੀਰਕਪੁਰ 'ਚ ਰਹਿ ਰਿਹਾ ਸੀ ਦੀ ਉਮਰ ਕਰੀਬ 19 ਸਾਲ ਹੈ। ਮੁਲਜ਼ਮ ਦਾ ਪੁਲਸ ਰਿਮਾਂਡ ਲਿਆ ਗਿਆ ਹੈ ਤੇ ਪੁੱਛਗਿੱਛ ਜਾਰੀ ਹੈ ਕਿ ਉਹ ਇਹ ਨਾਜਾਇਜ਼ ਹਥਿਆਰ ਕਿੱਥੋਂ ਤੇ ਕਿਸ ਮਕਸਦ ਲਈ ਲੈ ਕੇ ਆਇਆ ਸੀ।

## ਆਬਕਾਰੀ ਵਿਭਾਗ ਦੀ ਟੀਮ ਨੇ ਛਾਪੇਮਾਰੀ ਦੌਰਾਨ 77 ਪੇਟੀਆਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ

ਬਟਾਲਾ 3 ਮਈ। ਆਬਕਾਰੀ ਵਿਭਾਗ ਦੀ ਟੀਮ ਨੇ ਆਬਕਾਰੀ ਇੰਚਾਰਜ ਸੁਖਰਾਜ ਸਿੰਘ ਦੀ ਅਗਵਾਈ ਹੇਠ ਮੱਲ੍ਹੀ ਮਾਰਕੀਟ ਡੇਰਾ ਰੋਡ ਬਟਾਲਾ 'ਚ ਸਥਿਤ ਇਕ ਘਰ 'ਚੋਂ ਛਾਪੇਮਾਰੀ ਦੌਰਾਨ 77 ਪੇਟੀਆ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਹੈ। ਇਸ ਸਬੰਧੀ ਆਬਕਾਰੀ ਇੰਚਾਰਜ ਸੁਖਰਾਜ ਸਿੰਘ ਨੇ ਦੱਸਿਆ ਕਿ ਡੀ. ਸੀ. ਐਕਸਾਈਜ਼ ਸੁਰਿੰਦਰ



ਗਰਗ, ਏ. ਸੀ. ਐਕਸਾਈਜ਼ ਸੁਖਵਿੰਦਰ ਸਿੰਘ ਅਤੇ ਐੱਸ. ਐੱਸ. ਪੀ. ਬਟਾਲਾ ਸੁਹੇਲ ਕਾਸਿਮ ਮੀਰ ਦੇ ਨਿਰਦੇਸ਼ਾਂ ਤਹਿਤ ਆਬਕਾਰੀ ਵਿਭਾਗ ਵੱਲੋਂ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਕਰਨ ਵਾਲਿਆਂ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਲੜੀ ਤਹਿਤ ਆਬਕਾਰੀ ਵਿਭਾਗ ਦੀ ਟੀਮ ਵੱਲੋਂ ਮੱਲ੍ਹੀ ਮਾਰਕੀਟ 'ਚ ਸਥਿਤ ਇਕ ਘਰ 'ਚੋਂ 77 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਬਟਾਲਾ ਵਾਸੀ ਇਕ ਵਿਅਕਤੀ ਦੇ ਵਿਰੁੱਧ ਪਹਿਲਾਂ ਵੀ ਐਕਸਾਈਜ਼ ਐਕਟ ਤਹਿਤ ਕਈ ਕੇਸ ਦਰਜ ਹਨ ਅਤੇ ਉਸਨੇ ਮੱਲ੍ਹੀ ਮਾਰਕੀਟ 'ਚ ਕਿਰਾਏ ਦਾ ਮਕਾਨ ਲੈ ਕੇ ਨਾਜਾਇਜ਼ ਸ਼ਰਾਬ ਦੀਆਂ ਪੇਟੀਆਂ ਇੱਥੇ ਰੱਖੀਆਂ ਹੋਈਆਂ ਸਨ। ਉਨ੍ਹਾਂ ਕਿਹਾ ਕਿ ਇਲਾਕੇ 'ਚ ਨਾਜ਼ਾਇਜ਼ ਸ਼ਰਾਬ ਕਿਸੇ ਵੀ ਕੀਮਤ 'ਤੇ ਨਹੀਂ ਵਿੱਕਣ ਦਿੱਤੀ ਜਾਵੇਗੀ ਅਤੇ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਥਾਣਾ ਸਿਵਲ ਲਾਈਨ ਦੇ ਐੱਸ. ਆਈ. ਗੁਰਦੇਵ ਸਿੰਘ ਨੇ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚ ਕੇ ਨਾਜਾਇਜ਼ ਸ਼ਰਾਬ ਦੀਆਂ ਪੇਟੀਆਂ ਨੂੰ ਕਬਜ਼ੇ 'ਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਹਰਪਿੰਦਰ ਸਿੰਘ ਪਿੰਦਾ, ਬਲਜੀਤ ਸਿੰਘ, ਦਿਆਲ ਸਿੰਘ, ਮੇਜਰ ਸਿੰਘ, ਦਿਲਬਾਗ ਸਿੰਘ, ਵਿੱਕੀ, ਆਸ਼ੂ ਗਿੱਲ, ਜੋਗਿੰਦਰ ਸਿੰਘ ਆਦਿ ਹਾਜ਼ਰ ਸਨ।

# ਡਿਜੀਟਲ ਅਰੈਸਟ ਦੀ ਧਮਕੀ ਦੇ ਕੇ 14 ਲੱਖ ਦੀ ਠੱਗੀ ਮਾਰਨ ਵਾਲੇ 3 ਗ੍ਰਿਫ਼ਤਾਰ

ਫਾਜ਼ਿਲਕਾ 3 ਮਈ। ਜ਼ਿਲ੍ਹਾ ਪੁਲਸ ਮੁਖੀ ਵਰਿੰਦਰ ਸਿੰਘ ਬਰਾੜ ਦੇ ਦਿਸ਼ਾ-ਨਿਰਦੇਸ਼ਾਂ 'ਤੇ ਭੋਲੇ-ਭਾਲੇ ਲੋਕਾਂ ਨੂੰ ਡਰਾ-ਧਮਕਾ ਕੇ ਆਨਲਾਈਨ ਡਿਜੀਟਲ ਅਰੈਸਟ ਕਰਨ ਦੇ ਨਾਂ 'ਤੇ ਠੱਗੀ ਮਾਰਨ ਵਾਲੇ ਗੁਜਰਾਤ ਦੇ ਇਕ ਗਿਰੋਹ ਦੇ 3 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਫਾਜ਼ਿਲਕਾ ਥਾਣਾ ਸਾਈਬਰ ਕ੍ਰਾਈਮ ਦੇ ਇੰਸਪੈਕਟਰ ਮਨਜੀਤ ਸਿੰਘ ਕੋਲ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਖਿੱਪਾਂ ਵਾਲੀ ਦੇ ਵਸਨੀਕ ਰਜਿੰਦਰ ਸਿੰਘ ਨੇ ਬਿਆਨ ਦਰਜ ਕਰਵਾਇਆ ਸੀ ਕਿ ਉਸ ਨੂੰ 10 ਮਾਰਚ ਨੂੰ ਅਣਪਛਾਤੇ ਮੋਬਾਇਲ ਨੰਬਰ ਤੋਂ ਫੋਨ ਆਇਆ ਸੀ ਕਿ ਅਸੀਂ ਸੀ. ਬੀ. ਆਈ. ਪੁਲਸ ਕੁਲਾਬਾ ਤੋਂ ਬੋਲਦੇ ਹਾਂ ਅਤੇ ਤੁਹਾਡੇ ਨਾਂ 'ਤੇ ਇਕ ਹੋਰ ਨੰਬਰ ਚੱਲਦਾ ਹੈ, ਜਿਸਦੀ ਤੁਸੀ ਗਲਤ ਵਰਤੋਂ ਕਰ ਰਹੇ ਹੋ ਅਤੇ ਤੁਸੀਂ ਉਸ ਨੰਬਰ ਤੋਂ ਔਰਤਾਂ ਨੂੰ ਗਲਤ ਕਾਲ ਅਤੇ ਮੈਸਿਜ ਕਰਕੇ ਤੰਗ-ਪਰੇਸ਼ਾਨ ਕਰਦੇ ਹੋ। ਤੁਹਾਡੇ ਖ਼?ਲਾਫ਼ ਬਹੁਤ ਜ਼ਿਆਦਾ ਸ਼ਿਕਾਇਤਾਂ ਆਉਣ ਕਾਰਨ ਅਸੀਂ ਤੁਹਾਡੇ ਖ਼?ਲਾਫ਼ ਸ਼ਿਕਾਇਤ ਦਰਜ ਕੀਤੀ ਹੈ, ਜਿਸ 'ਤੇ ਠੱਗਾਂ ਵੱਲੋਂ ਡਿਜੀਟਲ ਅਰੈਸਟ ਕਰਨ ਦੀ ਧਮਕੀ ਦੇ ਕੇ 14 ਲੱਖ ਰੁਪਏ ਟਰਾਂਸਫਰ ਕਰਵਾ ਲਏ, ਜਿਸ



ਦੀ ਤਫ਼ਤੀਸ਼ ਕਰਨ 'ਤੇ ਪੁਲਸ ਨੇ ਥਾਣਾ ਨਾਂ 'ਤੇ ਠੱਗੀ ਮਾਰਨ ਵਾਲੇ ਗੁਜਰਾਤ ਦੇ ਇਕ ਗਿਰੋਹ ਦੇ 3 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਫਾਜ਼ਿਲਕਾ ਥਾਣਾ ਸਾਈਬਰ ਕ੍ਰਾਈਮ ਦੇ ਇੰਸਪੈਕਟਰ ਮਨਜੀਤ ਸਿੰਘ ਕੋਲ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਖਿੱਪਾਂ ਵਾਲੀ ਦੇ ਵਸਨੀਕ ਰਜਿੰਦਰ ਸਿੰਘ ਨੇ ਬਿਆਨ ਦਰਜ ਸਾਈਬਰ ਕ੍ਰਾਈਮ ਵਿਖੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਸੀ। ਪੜਤਾਲ ਕਰਨ ਤੋਂ ਬਾਅਦ ਇੰਸਪੈਕਟਰ ਮਨਜੀਤ ਸਿੰਘ ਦੀ ਅਗਵਾਈ 'ਚ ਪੁਲਸ ਵੱਲੋਂ ਗਿਰੋਹ ਦੇ 3 ਮੈਂਬਰਾਂ ਜੋਗੀ ਤੁਸਲੀਰਾਮ ਪ੍ਰਹਿਲਾਦ ਭਾਈ ਵਾਸੀ ਅਹਿਮਦਾਬਾਦ ਗੁਜਰਾਤ, ਸਤਿੰਦਰ ਸੋਨਪਾਲ ਗੋਸਵਾਮੀ ਵਾਸੀ ਅਹਿਮਦਾਬਾਦ ਅਤੇ ਵਿਪੁਲਭਾਈ ਲਾਭੋਭਾਈ ਵਾਸੀ ਸੂਰਤ ਗੁਜਰਾਤ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ ਚਾਰ ਮੋਬਾਇਲ ਫੋਨ ਬਰਾਮਦ ਕੀਤੇ ਗਏ। ਇਸ ਮਾਮਲੇ 'ਚ ਗਿਰੋਹ ਦੇ ਬਾਕੀ ਮੈਂਬਾਂ ਅਤੇ ਸਰਗਨੇ ਨੂੰ ਵੀ ਪੁਲਸ ਵੱਲੋਂ ਜਲਦ ਗ੍ਰਿਫ਼ਤਾਰ ਕੀਤਾ ਜਾਵੇਗਾ।


**ਉਤਰ ਰੇਲਵੇ**

**ਇਲੈਕਟ੍ਰੋਨਿਕ ਨਿਵਿਦਾ ਈ ਪ੍ਰਣਾਲੀ ਦੇ ਤਹਿਤ ਮਦਾਂ ਦੀ ਸਪਲਾਈ ਲਈ ਨਿਵਿਦਾ ਮੰਗ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁਖ ਮੁੱਖ ਸਮਗਰੀ ਪ੍ਰਬੰਧਕ ਉਤਰ ਰੇਲਵੇ ਨਵੀਂ ਦਿੱਲੀ-110001 ਦੁਆਰਾ ਇਛੁਕ ਫਰਮਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਲ.ਨ. | ਨਿਵਿਦਾ ਨੰਬਰ | ਸੰਖੇਪ ਵੇਰਵਾ | ਮਾਤਰਾ | ਅੰਤਮ ਮਿਤੀ |
|---|---|---|---|---|
| 01 | 15245119A | ਬੈਗੇਜ ਸਕੈਲਿੰਗ ਮਸ਼ੀਨ | 05 ਨਗ | 26-05-25 |
| 02 | 12255009 | ਥੀਨ ਵਾਲਡ ਫਲੈਕਸ ਇਲਾਸਟ | 19600 ਮੀਟਰ | 26-05-25 |
| 03 | 06255016 | ਰੇਕਟੇਂਗੁਲਰ ਹੋਲੋ ਸੈਕਸ਼ਨ | 140000 ਕਿਲੋਗ੍ਰਾਮ | 27-05-25 |
| 04 | 08235717C | ਸਪਲਾਈ, ਇੰਸਟਾਲੇਸ਼ਨ, ਟੇਸਟਿੰਗ ਐਂਡ ਕਮਿਸ਼ਨਿੰਗ | 29 ਨਗ | 10-06-25 |
| 05 | 09252120 | ਸਟ੍ਰਾਈਕਰ ਕਾਸਟਿੰਗ | 870 ਨਗ | 16-06-25 |
| 06 | 09252507 | ਆਉਟਰ ਸਪ੍ਰਿੰਗ | 9288 ਨਗ | 06-08-25 |
| 07 | 19250317 | ਸੇਟ ਆਫ ਸਸਪੇਂਸ਼ਨ ਬੇਅਰਿੰਗ ਫਾਰ ਹਿਤਾਚੀ | 307 ਸੇਟ | 17-09-25 |

ਨਿਵਿਦਾ ਸ਼ਰਤਾਂ-1. ਵਿਸਤ੍ਰਿਤ ਜਾਣਕਾਰੀ IREPS ਵੈਬਸਾਈਟ ਯਾਨੀ www.ireps.gov.in'ਤੇ ਦੇਖੀ ਜਾ ਸਕਦੀ ਹੈ। 2. ਮੈਨੂੰਅਲ ਨਿਵਿਦਾ ਸਵੀਕ੍ਰਿਤ ਨਹੀਂ ਕੀਤੀ ਜਾਵੇਗੀ।

ਟੇਂਡਰ ਨੋਟਿਸ ਨੰ. 11/2025-2026 ਤਾਰੀਕ :- 02.05.2025 1316/2025

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POON-AM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No.objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAG-WAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

कार्यालय- दंतेश्वरी मैया सहकारी शक्कर कारखाना मर्यादित बालोद, जिला-बालोद(छ.ग.)

// ई-निविदा सूचना //

ई-निविदा सूचना क्रमांक 167781, 167796, 167797 व 167798 दिनांक- 02/05/2025

दंतेश्वरी मैया सहकारी शक्कर कारखाना मर्यादित बालोद द्वारा पेराई सत्र 2024-25 में उत्पादित लगभग 2000 मि.टन मोलासीस विक्रय के लिए ई-निविदा एवं पेराई सत्र 2025-26 हेतु मरम्मत के लिए विभिन्न अधिकृत व मेक सामग्रीयों के क्रय एवं विभिन्न सर्विसिंग कार्यो हेतु ई-निविदा आमंत्रित की जाती है। ई-निविदा हेतु इच्छुक फर्मो/निविदाकार द्वारा भाग लेने के लिए ई-टेण्डर के वेबसाईट में जाकर पृथक-पृथक ई-निविदा हेतु फार्म राशि 1000/- + 311/-चिप्स के द्वारा ली जाने वाली सर्विस चार्ज ऑनलाईन के माध्यम से जमा कर शासकीय ऑनलाईन वेबसाईट (E-procurement Portal:http://eproc.cgstate.gov.in) में फार्म अपलोड किया जाना है।

नोटः-निविदा की शर्ते व नियम निविदा प्रपत्र कारखाने के वेब साईड www.dmsskm.com में भी अवलोकन कर सकते है। ई-निविदा हेतु तकनीकि सहयोग के लिए सम्पर्क-7987900070 एवं अन्य जानकारी हेतु 9098817773

प्रबंध संचालक

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHAR-GAON, TEH-SANGAMNER, DISTT-AHMADNAGAR, MAHA-RASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DAT-TATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਡੀ.ਸੀ. ਵੱਲੋਂ ਜ਼ਿਲ੍ਹੇ ਅੰਦਰ ਠੋਸ ਰਹਿੰਦ-ਖੂੰਹਦ ਜਾਂ ਕੂੜੇ ਕਰਕਟ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਖੁੱਲ੍ਹੇ 'ਚ ਸੜਨ ਤੋਂ ਰੋਕਣਾ ਯਕੀਨੀ ਬਣਾਉਣ ਦੇ ਸਖ਼ਤ ਨਿਰਦੇਸ਼

## ➢ ਜ਼ਿਲ੍ਹੇ ਦੀ ਆਬੋ-ਹਵਾ ਪਲੀਤ ਹੋਣ ਤੋਂ ਬਚਾਉਣ ਲਈ ਠੋਸ ਉਪਰਾਲੇ ਕੀਤੇ ਜਾਣ:ਡਾ. ਪ੍ਰੀਤੀ ਯਾਦਵ ➢ਜ਼ਿਲ੍ਹਾ ਵਾਤਾਵਰਣ ਕਮੇਟੀ ਦੀ ਮੀਟਿੰਗ ਮੌਕੇ ਵਾਤਾਵਰਣ ਪਲਾਨ 'ਤੇ ਚਰਚਾ



**ਪਟਿਆਲਾ, 3 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਨਗਰ ਨਿਗਮ, ਨਗਰ ਕੌਂਸਲਾਂ, ਨਗਰ ਪੰਚਾਇਤਾਂ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਐਨ.ਜੀ.ਟੀ. ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕਰਦੇ ਹੋਏ ਜ਼ਿਲ੍ਹੇ ਦੀ ਆਬੋ-ਹਵਾ ਨੂੰ ਦੂਸ਼ਿਤ ਹੋਣ ਤੋਂ ਹਰ ਹਾਲ ਬਚਾਇਆ ਜਾਵੇ। ਉਨ੍ਹਾਂ ਦੱਸਿਆ ਕਿ ਪਟਿਆਲਾ 'ਚ ਕੂੜੇ ਦੇ ਡੰਪ ਨੂੰ ਲੱਗੀ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ ਅਤੇ ਭਵਿੱਖ ਵਿੱਚ ਅਜਿਹਾ ਮੁੜ ਨਾ ਹੋਵੇ, ਸਬੰਧੀ ਕਾਰਜ ਯੋਜਨਾ ਬਣਾ ਕੇ ਸਖ਼ਤ ਕਦਮ ਚੁੱਕੇ ਜਾ ਰਹੇ ਹਨ।

ਜ਼ਿਲ੍ਹਾ ਵਾਤਾਵਰਣ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਜ਼ਿਲ੍ਹਾ ਵਾਤਾਵਰਣ ਯੋਜਨਾ ਅਧੀਨ ਹੋ ਰਹੀਆਂ ਵੱਖ-ਵੱਖ ਸਰਗਰਮੀਆਂ ਦੀ ਸਮੀਖਿਆ ਕਰਦਿਆਂ ਪਿਛਲੀ ਮੀਟਿੰਗ ਦੌਰਾਨ ਲਏ ਫੈਸਲਿਆਂ ਦੀ ਪਾਲਣਾ ਕਰਨ ਦੀ ਹਦਾਇਤ ਕੀਤੀ। ਡਿਪਟੀ ਕਮਿਸ਼ਨਰ ਨੇ ਆਗਾਮੀ ਝੋਨੇ ਦੇ ਸੀਜ਼ਨ ਦੌਰਾਨ ਪਰਾਲੀ ਤੇ ਨਾੜ ਨੂੰ ਅੱਗ ਲਗਾਣ ਤੋਂ ਰੋਕਣ ਲਈ ਖੇਤੀਬਾੜੀ ਸਮੇਤ ਹੋਰ ਵਿਭਾਗਾਂ ਵੱਲੋਂ ਕੀਤੀ ਜਾ ਰਹੀ ਤਿਆਰੀ ਦੀ ਵੀ ਸਮੀਖਿਆ ਕੀਤੀ।

ਡਾ. ਪ੍ਰੀਤੀ ਯਾਦਵ ਨੇ ਠੋਸ ਕੂੜਾ ਸਾੜਨ ਦੀ ਰੋਕਥਾਮ ਸਮੇਤ ਹਵਾ ਅਤੇ ਪਾਣੀ ਦੀ ਗੁਣਵੱਤਾ ਸੁਧਾਰ ਅਤੇ ਨਾਗਰਿਕਾਂ ਵਿੱਚ ਟਿਕਾਊ ਜੀਵਨਸ਼ੈਲੀ ਬਾਰੇ ਜਾਗਰੂਕਤਾ ਫੈਲਾਉਣ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਨੇ ਵਾਹਨਾਂ ਦੇ ਪ੍ਰਦੂਸ਼ਣ ਅਤੇ ਸੜਕਾਂ ਦੀ ਧੂੜ ਨੂੰ ਘਟਾਉਣ ਲਈ ਸਮਾਗ ਗੰਨ, ਮਕੈਨੀਕਲ ਸਵੀਪਿੰਗ ਮਸ਼ੀਨਾਂ ਤੇ ਪਾਣੀ ਛਿੜਕਾਅ ਮਸ਼ੀਨਾਂ ਦੀ ਵਰਤੋਂ ਵਰਤਣ ਲਈ ਵੀ ਆਖਿਆ। ਉਨ੍ਹਾਂ ਨੇ ਐਨਕੈਪ ਦੇ ਫ਼ੰਡਾਂ ਨਾਲ ਸ਼ਹਿਰ 'ਚ ਸਮਾਰਟ ਟ੍ਰੈਫਿਕ ਲਾਈਟਾਂ ਲਗਾਉਣ ਦੀ ਯੋਜਨਾ ਬਣਾਉਣ ਲਈ ਵੀ ਆਖਿਆ।

ਡਿਪਟੀ ਕਮਿਸ਼ਨਰ ਨੇ ਨਗਰ ਨਿਗਮ, ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੀ ਸਖ਼ਤ ਹਦਾਇਤ ਕੀਤੀ ਕਿ ਸਬੰਧਤ ਖੇਤਰ 'ਚ ਠੋਸ ਰਹਿੰਦ-ਖੂੰਹਦ ਜਾਂ ਕਿਸੇ ਵੀ ਕਿਸਮ ਦੇ ਰਹਿੰਦ-ਖੂੰਹਦ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਖੁੱਲ੍ਹੇ ਵਿੱਚ ਨਾ ਸਾੜਿਆ ਜਾਵੇ। ਉਨ੍ਹਾਂ ਨੇ ਏ.ਕਿਊ.ਆਈ 'ਤੇ ਚਰਚਾ ਕਰਦਿਆਂ ਸੜਕਾਂ ਦੀ ਧੂੜ ਅਤੇ ਵਾਹਨਾਂ ਦੇ ਧੂੰਏ ਕਾਰਨ ਹੋਣ ਵਾਲੇ ਹਵਾ ਪ੍ਰਦੂਸ਼ਣ ਰੋਕਣ ਲਈ ਸਬੰਧਤ ਵਿਭਾਗਾਂ ਵੱਲੋਂ ਕੀਤੀਆਂ ਕਾਰਵਾਈਆਂ ਦਾ ਮੁਲੰਕਣ ਕਰਦਿਆਂ ਕਿਹਾ ਕਿ ਵਾਤਾਵਰਣ ਸੁਧਾਰ ਪ੍ਰਾਜੈਕਟਾਂ ਲਈ ਨੈਸ਼ਨਲ ਕਲੀਨ ਏਅਰ ਪ੍ਰੋਗਰਾਮ (ਐਨਕੈਪ) ਦੇ ਫੰਡ ਦੀ ਵਰਤੋਂ ਲਈ ਤਜਵੀਜ਼ਾਂ ਉਪਰ ਵੀ ਪੂਰਾ ਅਮਲ ਯਕੀਨੀ ਬਣਾਇਆ ਜਾਵੇ।

ਡਾ. ਪ੍ਰੀਤੀ ਯਾਦਵ ਨੇ ਮਿਊਂਸਿਪਲ ਕਾਰਪੋਰੇਸ਼ਨ ਤੇ ਨਗਰ ਕੌਂਸਲਾਂ ਵੱਲੋਂ ਠੋਸ ਕੂੜਾ ਪ੍ਰਬੰਧਨ ਨਿਯਮ 2016 ਅਤੇ ਸਿੰਗਲ ਯੂਜ਼ ਪਲਾਸਟਿਕ 'ਤੇ ਪਾਬੰਦੀ ਦੀ ਪਾਲਣਾ ਦਾ ਜਾਇਜ਼ਾ ਲੈਂਦਿਆਂ ਜ਼ਿਲ੍ਹੇ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਸਿੰਗਲ ਯੂਜ਼ ਪਲਾਸਟਿਕ ਨਾਲ ਖ਼ੁਦ ਵਿੱਚ ਬੰਦ ਕਰਨ ਉਥੇ ਨਾਲ ਹੀ ਆਪਣੇ ਘਰਾਂ ਵਿੱਚੋਂ ਨਿਕਲਣ ਵਾਲੇ ਕੂੜੇ ਨੂੰ ਗਿੱਲੇ ਤੇ ਸੁੱਕੇ ਕੂੜੇ ਦੇ ਰੂਪ ਵਿੱਚ ਵੱਖ-ਵੱਖ ਕਰਕੇ ਹੀ ਕੂੜੇ ਵਾਲੇ ਨੂੰ ਚੁਕਾਉਣ।

ਮੀਟਿੰਗ ਦੌਰਾਨ ਗੰਦੇ ਪਾਣੀ ਦੀ ਪੈਦਾਵਾਰ ਅਤੇ ਇਲਾਜ, ਨਵੇਂ ਐਸ.ਟੀ.ਪੀਜ਼ ਲਗਾਉਣ ਤੇ ਮੌਜੂਦਾ ਐਸ.ਟੀ.ਪੀਜ਼ ਦੀ ਕਾਰਗੁਜ਼ਾਰੀ ਦਾ ਵੀ ਮੁਲੰਕਣ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਚੱਲ ਰਹੇ ਐਸ.ਟੀ.ਪੀਜ਼ ਤੋਂ ਨਿਕਲਦੇ ਸਾਫ਼ ਪਾਣੀ ਦੀ ਸਦ ਵਰਤੋਂ ਲਈ ਪਾਈਪਲਾਈਨਾਂ ਦੀ ਤਾਜ਼ਾ ਸਥਿਤੀ ਅਤੇ ਨਵੀਆਂ ਯੋਜਨਾਬੱਧ ਪਾਈਪਲਾਈਨਾਂ ਪਾਉਣ ਦੀ ਲੋੜ ਬਾਰੇ ਵੀ ਜਾਇਜ਼ਾ ਲਿਆ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਜ਼ਿਲ੍ਹੇ ਵਿੱਚੋਂ ਗੁਜ਼ਰਦੇ ਘੱਗਰ ਦਰਿਆ ਵਿੱਚ ਪ੍ਰਦੂਸ਼ਿਤ ਪਾਣੀ ਨਾ ਪੈਣ ਦਿੱਤਾ ਜਾਵੇ ਅਤੇ ਜਿੱਥੇ ਕਿਤੇ ਪ੍ਰਦੂਸ਼ਿਤ ਪਾਣੀ ਹੈ, ਉਸਦੀ ਗੁਣਵੱਤਾ ਨੂੰ ਸੁਧਾਰਨ ਲਈ ਵੱਖ-ਵੱਖ ਵਿਭਾਗਾਂ ਵੱਲੋਂ ਕੀਤੇ ਜਾ ਰਹੇ ਯਤਨ ਹੋਰ ਤੇਜ਼ ਕੀਤੇ ਜਾਣ। ਉਨ੍ਹਾਂ ਨੇ ਜ਼ਿਲ੍ਹੇ ਅੰਦਰ ਪਿੰਡਾਂ ਵਿੱਚਲੇ ਛੱਪੜਾਂ ਦੀ ਪੁਨਰਸੁਰਜੀਤੀ ਤੇ ਛੱਪੜਾਂ ਨੂੰ ਸਾਫ਼ ਕਰਨ ਦੀ ਕਾਰਜਯੋਜਨਾ ਦਾ ਵੀ ਮੁਲੰਕਣ ਕੀਤਾ। ਇਸ ਦੌਰਾਨ ਏ.ਡੀ.ਸੀ (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ ਨੇ ਵਾਤਾਵਰਣ ਨੀਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਵਿਭਾਗਾਂ ਵਿਚਕਾਰ ਭਰਪੂਰ ਤਾਲਮੇਲ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਸਬੰਧਤ ਵਿਭਾਗਾਂ ਨੂੰ ਲੰਬਿਤ ਕਾਰਵਾਈਆਂ ਨੂੰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਵਾਤਾਵਰਣ ਇੰਜੀਨੀਅਰ ਗੁਰਕਰਨ ਸਿੰਘ, ਇੰਜ. ਮੋਹਿਤ ਬਿਸ਼ਟ, ਸਹਾਇਕ ਵਾਤਾਵਰਣ ਇੰਜੀਨੀਅਰ ਇੰਜ. ਅਕਾਂਕਸ਼ਾ ਬਾਂਸਲ, ਨਗਰ ਨਿਗਮ, ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਕਾਰਜ ਸਾਧਕ ਅਫ਼ਸਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਜੰਗਲਾਤ ਵਿਭਾਗ, ਸਿਹਤ ਵਿਭਾਗ, ਜਲ ਸਪਲਾਈ ਤੇ ਸੀਵਰੇਜ ਬੋਰਡ, ਡਰੇਨੇਜ, ਪੀਡੀਏ, ਆਰਟੀਏ, ਭੂਮੀ ਰੱਖਿਆ ਆਦਿ ਵਿਭਾਗਾਂ ਦੇ ਅਧਿਕਾਰੀ ਵੀ ਸ਼ਾਮਲ ਸਨ।

# ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਸਕੂਲਾਂ 'ਚ ਹੋਏ ਨਵੇਂ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ



**ਪਟਿਆਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ੁਤਰਾਣਾ ਹਲਕੇ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਅੱਜ ਹਲਕੇ ਦੇ ਸੱਤ ਸਕੂਲਾਂ ਵਿੱਚ ਹੋਏ ਲੱਖਾਂ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਕਰਕੇ ਵਿਦਿਆਰਥੀਆਂ ਨੂੰ ਸਮਰਪਿਤ ਕੀਤੇ।

ਉਨ੍ਹਾਂ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਬੂਰੜ, ਸਰਕਾਰੀ ਸੀਨੀਅਰ ਸੈਕੰਡਰੀ ਤੇ ਪ੍ਰਾਇਮਰੀ ਸਕੂਲ ਦੁਗਾਲ, ਸਰਕਾਰੀ ਪ੍ਰਾਇਮਰੀ ਸਕੂਲ ਦੁਗਾਲ ਕਲਾ, ਸਰਕਾਰੀ ਪ੍ਰਾਇਮਰੀ ਦੁਗਾਲ ਖ਼ੁਰਦ, ਸਰਕਾਰੀ ਮਿਡਲ ਸਕੂਲ ਚੁਨਾਗਰਾ ਤੇ ਸਰਕਾਰੀ ਪ੍ਰਾਇਮਰੀ ਸਕੂਲ ਚੁਨਗਰਾ ਵਿਖੇ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।

ਇਸ ਮੌਕੇ ਐਮ ਐਲ ਏ ਕੁਲਵੰਤ ਸਿੰਘ ਬਾਜ਼ੀਗਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦੇ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਅਤੇ ਸਿੱਖਿਆ ਦੀ ਗੁਣਵੱਤਾ ਵਿਚ ਲਿਆਂਦੀ ਗਈ ਤਬਦੀਲੀ ਨੇ ਪੰਜਾਬ ਦੇ ਲੋਕਾਂ ਦਾ ਸਰਕਾਰੀ ਸਕੂਲਾਂ ਵਿੱਚ ਪਿਛਲੀਆਂ ਸਰਕਾਰਾਂ ਸਮੇਂ ਖ਼ੁੱਸਿਆ ਵਿਸ਼ਵਾਸ ਬਹਾਲ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਸਮੁੱਚੇ ਪੰਜਾਬ ਵਿੱਚ 2000 ਕਰੋੜ ਰੁਪਏ ਦੀ ਲਾਗਤ ਨਾਲ 12000 ਸਰਕਾਰੀ ਸਕੂਲਾਂ ਨੂੰ ਨਿਵੇਕਲੀ ਦਿੱਖ ਦਿੱਤੀ ਜਾ ਰਹੀ ਹੈ।

ਵਿਧਾਇਕ ਨੇ ਕਿਹਾ ਜਦੋਂ ਉਹ ਸਕੂਲਾਂ ਦੇ ਦੌਰੇ ਦੌਰਾਨ ਨਵੇਂ ਨਵੇਂ ਕਮਰੇ, ਸਮਾਰਟ ਕਲਾਸ ਰੂਮ, ਚੰਗੇ ਪਖਾਨੇ, ਸਾਫ ਪੀਣ ਵਾਲੇ ਪਾਣੀ ਦੀ ਵਿਵਸਥਾ, ਖੇਡ ਦੇ ਮੈਦਾਨ ਆਦਿ ਦੇਖਦੇ ਹਨ ਤਾਂ ਉਸ ਮੌਕੇ ਉਥੇ ਪੜ ਰਹੇ ਬੱਚਿਆਂ ਦੇ ਚਿਹਰਿਆਂ ਤੇ ਆਈ ਮੁਸਕਾਨ ਹੀ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਦਾ ਸਭ ਤੋਂ ਵੱਡਾ ਧੰਨਵਾਦ ਹੁੰਦਾ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦਾ ਇੱਕੋ ਇੱਕ ਨਿਸ਼ਾਨਾ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਦਿੱਖ ਨਿੱਜੀ ਸਕੂਲਾਂ ਤੋਂ ਵੀ ਬਿਹਤਰ ਬਣਾ ਕੇ ਸਰਕਾਰੀ ਸਿੱਖਿਆ ਸੰਸਥਾਵਾਂ ਵਿੱਚ ਮਿਆਰੀ ਸਿੱਖਿਆ ਸਹੂਲਤਾਂ ਮੁਹਈਆ ਕਰਵਾਉਣਾ ਹੈ। ਇਸ ਮੌਕੇ ਇਹਨਾਂ ਸਕੂਲਾਂ ਦੇ ਅਧਿਆਪਕਾਂ ਤੋਂ ਇਲਾਵਾ ਇਲਾਕੇ ਦੇ ਪੰਚ-ਸਰਪੰਚ ਅਤੇ ਮੋਹਤਬਰ ਮੌਜੂਦ ਸਨ।

# ਵਿਧਾਇਕ ਉੱਗੋਕੇ ਨੇ ਕਰੀਬ 31 ਕਰੋੜ ਦੀ ਲਾਗਤ ਵਾਲੀਆਂ ਸੜਕਾਂ ਮਨਜ਼ੂਰ ਕਰਵਾਈਆਂ



**ਬਰਨਾਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਭਦੌੜ ਦੇ ਵਿਧਾਇਕ ਸ. ਲਾਭ ਸਿੰਘ ਉੱਗੋਕੇ ਨੇ ਹਲਕਾ ਵਾਸੀਆਂ ਦੀ ਚਿਰੋਕਣੀ ਮੰਗ ਨੂੰ ਪੂਰਾ ਕਰਦਿਆਂ ਤਕਰੀਬਨ 31 ਕਰੋੜ ਦੀ ਲਾਗਤ ਨਾਲ ਬਣਨ ਵਾਲੀਆਂ ਦੋ ਸੜਕਾਂ ਮਨਜ਼ੂਰ ਕਰਵਾਈਆਂ ਹਨ, ਜਿਨ੍ਹਾਂ ਨੂੰ ਚੌੜਾ ਕੀਤਾ ਜਾਵੇਗਾ।

ਇਸ ਸਬੰਧੀ ਵਿਧਾਇਕ ਸ. ਲਾਭ ਸਿੰਘ ਉੱਗੋਕੇ ਨੇ ਦੱਸਿਆ ਇਲਾਕਾ ਵਾਸੀਆਂ ਦੀ ਮੰਗ 'ਤੇ ਬਰਨਾਲਾ - ਬਠਿੰਡਾ ਰੋਡ ਤਪਾ ਤੋਂ ਰੂੜੇਕੇ ਕਲਾਂ ਵਾਇਆ ਪਿੰਡ ਮਹਿਤਾ ਅਤੇ ਇਸ ਦੇ ਨਾਲ ਹੀ ਨੈਸ਼ਨਲ ਹਾਈਵੇ ਚੀਮਾ, ਨੇੜੇ ਆਰੀਆ ਭੱਟ ਕਾਲਜ ਤੋਂ ਸ਼ੁਰੂ ਹੋ ਕੇ ਉੱਗੋਕੇ, ਮੌੜ ਨਾਭਾ, ਜੈਮਲ ਸਿੰਘ ਵਾਲਾ ਹੁੰਦੇ ਹੋਏ ਚਿਤਾਨੰਦ ਗਊਸ਼ਾਲਾ ਆਲੀਕੇ ਤੱਕ ਸੜਕ ਬਣਾਉਣ ਲਈ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਸਨਮੁੱਖ ਗੁਜ਼ਾਰਿਸ਼ ਕੀਤੀ ਸੀ ਜਿਸ 'ਤੇ ਕਿ ਉਨ੍ਹਾਂ ਵੱਲੋਂ ਦੋਵਾਂ ਸੜਕਾਂ ਨੂੰ ਵਿਸ਼ੇਸ਼ ਸਹਾਇਤਾ ਪ੍ਰੋਗਰਾਮ ਅਧੀਨ ÷ਪਲਾਨ ਰੋਡ÷ ਘੋਸ਼ਿਤ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਵੇਂ ਸੜਕਾਂ ਪਹਿਲਾਂ 10 -10 ਫੁੱਟ ਚੌੜੀਆਂ ਸਨ, ਜਿਨ੍ਹਾਂ ਨੂੰ ਕਿ ਹੁਣ ਨਵੇਂ ਸਿਰਿਉਂ 18 -18 ਫੁੱਟ ਚੌੜੀਆਂ ਕਰਕੇ ਬਣਾਇਆ ਜਾਵੇਗਾ ਅਤੇ ਰੂੜੇਕੇ ਕਲਾਂ ਤੋਂ ਮਹਿਤਾ ਪਿੰਡ ਵਾਲੀ 7.64 ਕਿਲੋਮੀਟਰ ਵਾਲੀ ਸੜਕ 'ਤੇ 10 ਕਰੋੜ ਰੁਪਏ ਅਤੇ ਚੀਮਾ ਪਿੰਡ ਤੋਂ ਜੈਮਲ ਸਿੰਘ ਵਾਲਾ ਤੱਕ 17.85 ਕਿਲੋਮੀਟਰ ਦੀ ਲੰਬਾਈ ਵਾਲੀ ਸੜਕ 'ਤੇ ਅੰਦਾਜ਼ਨ 21 ਕਰੋੜ ਰੁਪਏ ਦੀ ਰਾਸ਼ੀ ਖਰਚ ਹੋਵੇਗੀ ਅਤੇ ਤਕਰੀਬਨ ਤਿੰਨ ਮਹੀਨਿਆਂ ਦੇ ਅੰਦਰ ਇਹਨਾਂ ਸੜਕਾਂ ਲਈ ਟੈਂਡਰ ਪ੍ਰਕ੍ਰਿਆ ਪੂਰੀ ਕਰਕੇ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਸੜਕਾਂ ਨੂੰ ਸੂਬਾ ਸਰਕਾਰ ਦੀ ਗ੍ਰਾਂਟ ਨਾਲ ਬਣਾਇਆ ਜਾਵੇਗਾ ਅਤੇ ਮਾਨਯੋਗ ਮੁੱਖ ਮੰਤਰੀ ਅਤੇ ਲੋਕ ਨਿਰਮਾਣ ਮੰਤਰੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਦੋਵੇਂ ਸੜਕਾਂ ਨੂੰ ਬਣਾਉਣ ਸਮੇਂ ਵਧੀਆ ਪੱਧਰ ਦੀ ਸਮੱਗਰੀ ਵਰਤੀ ਜਾਵੇਗੀ।

ਉਨ੍ਹਾਂ ਇਸ ਕਾਰਜ ਨੂੰ ਮਨਜ਼ੂਰੀ ਦੇਣ ਲਈ ਮਾਨਯੋਗ ਮੁੱਖ ਮੰਤਰੀ ਅਤੇ ਲੋਕ ਨਿਰਮਾਣ ਮੰਤਰੀ ਦਾ ਧੰਨਵਾਦ ਕਰਦਿਆਂ ਹਲਕਾ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਥੋੜੇ ਸਮੇਂ ਵਿੱਚ ਹੀ ਹਲਕਾ ਭਦੌੜ ਦੇ ਰਹਿੰਦੇ ਵਿਕਾਸ ਕਾਰਜ ਨੇਪਰੇ ਚਾੜ੍ਹ ਦਿੱਤੇ ਜਾਣਗੇ ਤੇ ਹਲਕੇ ਦਾ ਸਰਵਪੱਖੀ ਵਿਕਾਸ ਕੀਤਾ ਜਾਵੇਗਾ।

# ਮਾਰਕੀਟ ਕਮੇਟੀ ਡਕਾਲਾ ਵਿੱਚ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ



ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦਾ ਸਨਮਾਨ ਕਰਦੇ ਹੋਏ ਚੇਅਰਮੈਨ ਹਨੀ ਮਾਹਲਾ

**ਪਟਿਆਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਰਕੀਟ ਕਮੇਟੀ ਡਕਾਲਾ ਦੇ ਦਫਤਰ ਵਿਖੇ ਸਮੂਹ ਆੜਤੀ ਐਸੋਸੀਏਸ਼ਨ ਅਤੇ ਸਟਾਫ ਵੱਲੋਂ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਅਤੇ ਗੁਰੂ ਸਾਹਿਬ ਦਾ ਓਟ ਆਸਰਾ ਲੈ ਕੇ ਹਾੜ੍ਹੀ ਦੇ ਸੀਜ਼ਨ ਦੀ ਸੁੱਖ ਸ਼ਾਤੀ ਲਈ ਅਰਦਾਸ ਬੇਨਤੀ ਕੀਤੀ ਗਈ। ਇਸ ਉਪਰੰਤ ਗੁਰੂ ਕੇ ਅਤੁੱਟ ਲੰਗਰ ਵੀ ਵਰਤਾਏ ਗਏ।

ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਹਨੀ ਮਾਹਲਾ ਨੇ ਕਿਹਾ ਕਿ ਜੇਕਰ ਹਰ ਕੰਮ ਵਿੱਚ ਪ੍ਰਮਾਤਮਾਂ ਦੇ ਨਾਮ ਨੂੰ ਮੂਹਰੇ ਰੱਖ ਅਤੇ ਸ਼ੁਕਰਾਨਾਂ ਕਰ ਕੇ ਕੀਤਾ ਜਾਵੇ ਤਾਂ ਪ੍ਰਮਾਤਮਾ ਉਸ ਕਾਰਜ ਨੂੰ ਆਪ ਸਹਾਈ ਹੋ ਕੇ ਨੇਪਰੇ ਚਾੜਦਾ ਹੈ। ਮਾਹਲਾ ਨੇ ਪ੍ਰੋਗਰਾਮ ਵਿੱਚ ਪੁੱਜੇ ਸਾਰੇ ਮੰਤਰੀ ਸਾਹਿਬਾਨ, ਚੇਅਰਮੈਨ, ਆਫਿਸਰ, ਆਪ ਆਗੂਆਂ ਅਤੇ ਹੋਰ ਵਿਸ਼ੇਸ਼ ਤੌਰ ਤੇ ਸਮਾਗਮ ਵਿੱਚ ਪੁੱਜੇ ਲੋਕਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਚੇਅਰਮੈਨ ਪੰਜਾਬ ਮੰਡੀ ਬੋਰਡ ਹਰਚੰਦ ਸਿੰਘ ਬਰਸਟ, ਚੇਅਰਮੈਨ ਪੀਆਰਟੀਸੀ ਪੰਜਾਬ ਰਣਜੋਤ ਸਿੰਘ ਹਡਾਣਾ, ਐਮ ਐਲ ਏ ਹਰਮੀਤ ਸਿੰਘ ਪਠਾਣਮਾਜਰਾ,ਚੇਅਰਮੈਨ ਮਾਰਕੀਟ ਕਮੇਟੀ ਘਨੌਰ ਜਰਨੈਲ ਸਿੰਘ ਮਨੂ, ਚੇਅਰਮੈਨ ਮਾਰਕੀਟ ਕਮੇਟੀ ਦੇਵੀਗੜ੍ਹ ਬਲਦੇਵ ਸਿੰਘ, ਡਿਪਟੀ ਡੀਐਮਓ ਭਰਪੂਰ ਸਿੰਘ, ਹੈਪੀ ਪਹਾੜੀਪੁਰ ਅਤੇ ਸਟਾਫ ਤੋਂ ਨਰਿੰਦਰ ਸਿੰਘ, ਜਰਨੈਲ ਸਿੰਘ, ਅਮਨਦੀਪ, ਜਸਪ੍ਰੀਤ ਸਿੰਘ, ਹਰਜਿੰਦਰ ਸਿੰਘ, ਗੁਰਚੰਤ ਸਿੰਘ, ਸਤਨਾਮ ਸਿੰਘ, ਰੁਪਿੰਦਰ ਕੌਰ, ਮਨਪ੍ਰੀਤ ਕੌਰ, ਮਮਤਾ ਗੁਪਤਾ, ਸ਼ੁਭਦੀਪ ਕੌਰ, ਕਵਿਤਾ, ਆੜਤੀ ਸਾਹਿਬਾਨ ਡਕਾਲਾ ਮੰਡੀ ਤੋਂ ਜਤਿੰਦਰ ਬਠੋਈ, ਹਰਮੇਸ਼ ਗੋਇਲ, ਬਲਬੇੜਾ ਮੰਡੀ ਤੋਂ ਕਰਮਜੀਤ ਸਿੰਘ, ਗੁਰਮੇਲ ਸਿੰਘ, ਮਰਦਾਂ ਹੇੜੀ ਤੋਂ ਸੁਨੀਲ ਕੁਮਾਰ, ਰਾਮ ਕੁਮਾਰ, ਪੰਜੋਲਾ ਤੋਂ ਹਰੀ ਸ਼ਰਮਾ, ਸਤਪਾਲ ਸਿੰਘ, ਕਮਾਲਪੁਰ ਤੋਂ ਮਨਜੀਤ ਸਿੰਘ, ਅਸਮਾਨ ਨਗਰ ਤੋਂ ਯਸ਼ ਸ਼ਰਮਾ, ਕਰਹਾਲੀ ਸਾਹਿਬ ਤੋਂ ਮੁਨੀਤ ਸਿੰਘਲਾ, ਖੇੜੀ ਬਰਨਾ ਤੋਂ ਰਾਮਦਰ ਸਿੰਘ, ਡਰੋਲਾ ਡਰੋਲੀ ਤੋਂ ਅਜੇ ਸਿੰਗਲਾ, ਸ਼ੇਰ ਮਾਜਰਾ ਭਾਨਰਾ ਤੋਂ ਕਮਲ ਗੋਇਲ ਵਿਸ਼ੇਸ਼ ਤੋਂ ਇਲਾਵਾ ਨੇੜਲੇ ਪਿੰਡਾਂ ਦੇ ਪਤਵੰਤੇ ਲੋਕ ਵਿਸ਼ੇਸ਼ ਤੌਰ ਤੇ ਮੌਜੂਦ ਸਨ।

# ਸਰਕਾਰੀ ਖਰੀਦ 100 ਲੱਖ ਮੀਟ੍ਰਿਕ ਟਨ ਤੋਂ ਪਾਰ; 6 ਲੱਖ ਕਿਸਾਨਾਂ ਨੂੰ 22,815 ਕਰੋੜ ਰੁਪਏ ਦਾ ਭੁਗਤਾਨ ਕੀਤਾ ਗਿਆ: ਕਟਾਰੂਚੱਕ



**ਚੰਡੀਗੜ੍ਹ, 30 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਭਰ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਪ੍ਰਕਿਰਿਆ ਤੇਜ਼ੀ ਨਾਲ ਚੱਲ ਰਹੀ ਹੈ ਅਤੇ ਹੁਣ ਤੱਕ 114 ਲੱਖ ਮੀਟ੍ਰਿਕ ਟਨ ਕਣਕ ਮੰਡੀਆਂ ਵਿੱਚ ਪਹੁੰਚ ਚੁੱਕੀ ਹੈ ਜਿਸ ਵਿੱਚੋਂ 111 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ।

ਅੱਜ ਇੱਥੇ ਅਨਾਜ ਭਵਨ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਸਰਕਾਰੀ ਏਜੰਸੀਆਂ ਦੁਆਰਾ ਖਰੀਦ 100 ਲੱਖ ਮੀਟਰਿਕ ਟਨ ਦੇ ਅੰਕੜੇ ਨੂੰ ਪਾਰ ਕਰ ਗਈ ਹੈ ਅਤੇ ਮੌਜੂਦਾ ਸਮੇਂ ਮੰਡੀਆਂ ਵਿੱਚੋਂ 103 ਲੱਖ ਮੀਟਰਿਕ ਟਨ ਕਣਕ ਦੀ ਸਰਕਾਰੀ ਖਰੀਦ ਕੀਤੀ ਜਾ ਚੁੱਕੀ ਹੈ। ਕਿਸਾਨਾਂ ਨੂੰ ਅਦਾਇਗੀਆਂ ਦੇ ਸਬੰਧ ਵਿੱਚ ਉਹਨਾਂ ਦੱਸਿਆ ਕਿ ਕਿਸਾਨਾਂ ਦੇ ਖਾਤਿਆਂ ਵਿੱਚ 22815 ਕਰੋੜ ਰੁਪਏ ਦੀ ਰਕਮ ਜਮ੍ਹਾਂ ਕਰਵਾਈ ਜਾ ਚੁੱਕੀ ਹੈ। ਹੁਣ ਤੱਕ 6,28,674 ਕਿਸਾਨ ਆਪਣੀ ਉਪਜ ਮੰਡੀਆਂ ਵਿੱਚ ਲਿਆ ਚੁੱਕੇ ਹਨ। ਉਹਨਾਂ ਅੱਗੇ ਦੱਸਿਆ ਕਿ ਚੁਕਾਈ ਵੀ ਤੇਜ਼ੀ ਨਾਲ ਕੀਤੀ ਜਾ ਰਹੀ ਹੈ ਅਤੇ 47.37 ਲੱਖ ਮੀਟਰਿਕ ਟਨ ਕਣਕ ਦੀ ਚੁਕਾਈ ਹੋ ਚੁੱਕੀ ਹੈ ਜੋ ਕਿ 72 ਘੰਟਿਆਂ ਦੇ ਨਿਯਮਾਂ ਅਨੁਸਾਰ 56.6 ਫ਼ੀਸਦ ਹੈ।

ਇਸ ਤੋਂ ਇਲਾਵਾ ਸੁਚਾਰੂ ਅਤੇ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਸੂਬੇ ਭਰ ਵਿੱਚ ਕੁੱਲ 2885 ਖਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ ਅਤੇ ਇਨ੍ਹਾਂ ਵਿੱਚੋਂ 1864 ਨਿਯਮਤ ਕੀਤੇ ਗਏ ਹਨ ਜਦੋਂ ਕਿ 1021 ਅਸਥਾਈ ਹਨ। ਮੰਤਰੀ ਨੇ ਅੱਗੇ ਦੱਸਿਆ ਕਿ ਇਸ ਵਾਰ ਝਾੜ ਬਹੁਤ ਜ਼ਿਆਦਾ ਰਿਹਾ ਹੈ ਜਿਸ ਕਾਰਨ ਪੰਜਾਬ ਵਿੱਚ ਬੰਪਰ ਫ਼ਸਲ ਹੋਈ ਹੈ। ਇਸ ਨਾਲ 124 ਲੱਖ ਮੀਟ੍ਰਿਕ ਟਨ ਦੇ ਟੀਚੇ ਨੂੰ ਸਫਲਤਾਪੂਰਵਕ ਪੂਰਾ ਕਰਨ ਵਿੱਚ ਬਹੁਤ ਮਦਦ ਮਿਲੇਗੀ।

ਹੋਰ ਜਾਣਕਾਰੀ ਦਿੰਦਿਆਂ ਸ੍ਰੀ ਕਟਾਰੂਚੱਕ ਨੇ ਦੱਸਿਆ ਕਿ ਉਹ ਨਿਯਮਤ ਅੰਤਰਾਲਾਂ 'ਤੇ ਰਾਜ ਭਰ ਦੀਆਂ ਮੰਡੀਆਂ ਦਾ ਦੌਰਾ ਕਰ ਰਹੇ ਹਨ ਅਤੇ ਕਿਸੇ ਵੀ ਕਿਸਾਨ ਨੇ ਮੰਡੀਆਂ ਵਿੱਚ ਕੀਤੇ ਪ੍ਰਬੰਧਾਂ ਬਾਰੇ ਕੋਈ ਸ਼ਿਕਾਇਤ ਨਹੀਂ ਕੀਤੀ ਹੈ। ਇਸ ਦੇ ਨਾਲ ਹੀ ਬਾਰਦਾਨੇ, ਸਾਫ਼-ਸਫ਼ਾਈ, ਪੀਣ ਵਾਲਾ ਪਾਣੀ ਅਤੇ ਲੱਕੜ ਦੇ ਕਰੇਟ ਵਰਗੀਆਂ ਸਾਰੀਆਂ ਜ਼ਰੂਰੀ ਸਹੂਲਤਾਂ ਯਕੀਨੀ ਬਣਾਈਆਂ ਗਈਆਂ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਸਕੱਤਰ ਰਾਹੁਲ ਤਿਵਾੜੀ, ਵਧੀਕ ਸਕੱਤਰ ਕਮਲ ਕੁਮਾਰ ਗਰਗ ਅਤੇ ਵਧੀਕ ਡਾਇਰੈਕਟਰ ਡਾ. ਅੰਜੁਮਨ ਭਾਸਕਰ ਸ਼ਾਮਿਲ ਸਨ।

# ਗੁਰਪਤਵੰਤ ਪੰਨੂ ਵੱਲੋਂ ਪਟਿਆਲਾ ਆਰਮੀ ਸਕੂਲ ਦੀਆਂ ਕੰਧਾਂ 'ਤੇ ਖ਼ਾਲਿਸਤਾਨੀ ਨਾਅਰੇ ਲਿਖਣ ਦਾ ਦਾਅਵਾ

## ਵੀਡੀਓ ਜਾਰੀ ਹੋਣ ਤੋਂ ਬਾਅਦ ਪਟਿਆਲਾ ਪੁਲੀਸ ਨੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ




**ਪਟਿਆਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਬੰਦੀਸ਼ੁਦਾ ਵਿਦੇਸ਼ੀ ਸਿੱਖ ਜਥੇਬੰਦੀ 'ਸਿੱਖਸ ਫਾਰ ਜਸਟਿਸ' ਦੇ ਆਗੂ ਗੁਰਪਤਵੰਤ ਸਿੰਘ ਪੰਨੂ ਨੇ ਦਾਅਵਾ ਕੀਤਾ ਹੈ ਕਿ ਪਟਿਆਲਾ ਕੈਂਟ ਇਲਾਕੇ ਵਿੱਚ ਆਰਮੀ ਸਕੂਲ ਦੀਆਂ ਕੰਧਾਂ 'ਤੇ ਖਾਲਿਸਤਾਨ ਜ਼ਿੰਦਾਬਾਦ ਅਤੇ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਿਖੇ ਗਏ ਹਨ। ਪੰਨੂ ਨੇ ਇਸ ਸਬੰਧ ਵਿੱਚ ਇੱਕ ਵੀਡੀਓ ਜਾਰੀ ਕਰਦਿਆਂ ਬੱਚਿਆਂ ਨੂੰ ਇਹ ਵੀਡੀਓ ਅੱਗੇ ਸਾਂਝਾ ਕਰਨ ਦੀ ਅਪੀਲ ਕੀਤੀ ਹੈ।

ਪੰਨੂ ਨੇ ਵੀਡੀਓ ਵਿੱਚ ਦਾਅਵਾ ਕੀਤਾ ਹੈ ਕਿ ਪਟਿਆਲਾ ਦੇ ਆਰਮੀ ਕੈਂਟ ਨੇੜੇ 'ਪਾਕਿਸਤਾਨ-ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਿਖੇ ਗਏ ਹਨ। ਪੰਨੂ ਵੱਲੋਂ ਜਾਰੀ ਕੀਤੇ ਗਏ ਵੀਡੀਓ ਵਿੱਚ ਨਾਲ ਦੀ ਇੱਕ ਕੰਧ 'ਤੇ ਖਾਲਿਸਤਾਨ ਅਤੇ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਿਖੇ ਹੋਣ ਦਾ ਕਥਿਤ ਵੀਡੀਓ ਵੀ ਚੱਲ ਰਿਹਾ ਹੈ।

ਪੰਨੂ ਨੇ ਸਕੂਲ ਵਿੱਚ ਪੜ੍ਹਨ ਵਾਲੇ ਬੱਚਿਆਂ ਨੂੰ ਕਿਹਾ ਹੈ ਕਿ ਪਾਕਿਸਤਾਨ ਨਾਲ ਜੰਗ ਵਿੱਚ ਤੁਹਾਡੇ ਪਰਿਵਾਰ ਦੇ ਲੋਕ ਮਾਰੇ ਜਾ ਸਕਦੇ ਹਨ। ਪੰਨੂ ਵੱਲੋਂ ਪੰਜਾਬ ਦੇ ਆਰਮੀ ਪਬਲਿਕ ਸਕੂਲ ਦੇ ਬੱਚਿਆਂ ਨੂੰ ਭੜਕਾਉਣ ਦੀ ਵੀ ਕੋਸ਼ਿਸ਼ ਕੀਤੀ ਗਈ।

ਹਾਲਾਂਕਿ 'ਪੰਜਾਬੀ ਟ੍ਰਿਬਿਊਨ' ਉਕਤ ਵੀਡੀਓ ਦੀ ਪੁਸ਼ਟੀ ਨਹੀਂ ਕਰਦਾ। ਵੀਡੀਓ ਜਾਰੀ ਹੋਣ ਤੋਂ ਬਾਅਦ ਪਟਿਆਲਾ ਪੁਲੀਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਪੰਜਾਬੀ ਯੂਨੀਵਰਸਿਟੀ ਦਾ ਸਥਾਪਨਾ ਦਿਵਸ ਮਨਾਇਆ ਲੋਕ ਲਹਿਰਾਂ 'ਚ ਯੂਨੀਵਰਸਿਟੀ ਦਾ ਭਰਪੂਰ ਯੋਗਦਾਨ: ਘੁੰਮਣ



**ਪਟਿਆਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦਾ 64ਵਾਂ ਸਥਾਪਨਾ ਦਿਵਸ ਇਸ ਵਾਰ 'ਦਸਵੀਂ ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ' ਦੇ ਆਗਾਜ਼ ਨਾਲ ਮਨਾਇਆ ਗਿਆ। ਪੰਜਾਬੀ ਸਾਹਿਤ ਅਧਿਐਨ ਵਿਭਾਗ ਵੱਲੋਂ 'ਪੰਜਾਬੀ ਸਾਹਿਤ ਅਤੇ ਸਭਿਆਚਾਰ: ਸਥਿਤੀ ਤੇ ਸੰਭਾਵਨਾਵਾਂ' ਬਾਰੇ ਕਰਵਾਈ ਜਾ ਰਹੀ ਇਸ ਕਾਨਫ਼ਰੰਸ ਦੇ ਉਦਘਾਟਨੀ ਸਮਾਰੋਹ ਮੌਕੇ ਸਾਬਕਾ ਵਾਈਸ ਚਾਂਸਲਰ ਪ੍ਰੋ. ਬੀ.ਐੱਸ. ਘੁੰਮਣ ਵੱਲੋਂ ਸਥਾਪਨਾ ਦਿਵਸ ਸਬੰਧੀ ਭਾਸ਼ਣ ਦਿੱਤਾ ਗਿਆ। ਇਸ ਦੌਰਾਨ ਯੂਨੀਵਰਸਿਟੀ ਨੂੰ ਵਿਸ਼ੇਸ਼ ਏਆਈ ਨੀਤੀ ਤਿਆਰ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਯੂਨੀਵਰਸਿਟੀ ਨੂੰ ਏਆਈ ਜਿਹੇ ਖੇਤਰਾਂ ਵਿੱਚ ਹੋਰ ਵਧੇਰੇ ਡੂੰਘਾਈ ਨਾਲ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਇਹ ਯੂਨੀਵਰਸਿਟੀ ਨੂੰ ਨਾ ਸਿਰਫ਼ ਆਪਣੇ ਗੌਰਵਮਈ ਇਤਿਹਾਸ ਨੂੰ ਹੀ ਦਸਤਾਵੇਜ਼ ਰੂਪ ਵਿੱਚ ਲਿਖਣਾ ਚਾਹੀਦਾ ਹੈ ਬਲਕਿ ਭਵਿੱਖ ਲਈ ਵਿਜ਼ਨ ਦਸਤਾਵੇਜ਼ ਵੀ ਤਿਆਰ ਕਰਨਾ ਚਾਹੀਦਾ ਹੈ। ਡਾ. ਬੀਐੱਸ ਘੁੰਮਣ ਦਾ ਕਹਿਣਾ ਸੀ ਕਿ ਪੰਜਾਬ ਨੂੰ ਜਿੰਨੇ ਵਿਦਵਾਨ ਪੰਜਾਬੀ ਯੂਨੀਵਰਸਿਟੀ ਨੇ ਦਿੱਤੇ ਹਨ, ਓਨੇ ਸ਼ਾਇਦ ਹੀ ਕਿਸੇ ਹੋਰ ਅਦਾਰੇ ਨੇ ਦਿੱਤੇ ਹੋਣ ਇਹ ਅਗਾਂਹਵਧੂ ਵਿਚਾਰਾਂ ਅਤੇ ਨਵੀਆਂ ਪਹਿਲਕਦਮੀਆਂ ਦੀ ਨਰਸਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪੈਦਾ ਹੋਈਆਂ ਲੋਕ ਲਹਿਰਾਂ ਵਿਚ ਵੀ ਪੰਜਾਬੀ ਯੂਨੀਵਰਸਿਟੀ ਦਾ ਭਰਪੂਰ ਯੋਗਦਾਨ ਰਿਹਾ ਹੈ। ਇਸੇ ਦੌਰਾਨ ਵੀਡੀਓ ਸੰਦੇਸ਼ ਰਾਹੀਂ ਪ੍ਰਧਾਨਗੀ ਭਾਸ਼ਣ ਦਿੰਦਿਆਂ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਕੋਲ ਆਪਣੀ ਇੱਕ ਗੌਰਵਮਈ ਵਿਰਾਸਤ ਹੈ ਜਿਸ 'ਤੇ ਸਾਰਿਆਂ ਨੂੰ ਮਾਣ ਹੈ। ਉਨ੍ਹਾਂ ਯੂਨੀਵਰਸਿਟੀ ਦੀ ਬਿਹਤਰੀ ਲਈ ਹਰੇਕ ਅਧਿਆਪਕ ਨੂੰ ਸੁਹਿਰਦਤਾ ਨਾਲ ਜ਼ਿੰਮੇਵਾਰੀ ਨਿਭਾਉਣ ਦਾ ਸੱਦਾ ਦਿੱਤਾ। ਇਸ ਤੋਂ ਪਹਿਲਾਂ ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ ਨੇ ਯੂਨੀਵਰਸਿਟੀ ਵੱਲੋਂ ਕੀਤੀ ਜਾ ਰਹੀਆਂ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੱਤੀ। ਕਾਨਫ਼ਰੰਸ ਦੇ ਉਦਘਾਟਨੀ ਸੈਸ਼ਨ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਕੈਨੇਡਾ ਦੀ ਥਾਮਸਨ ਰਿਵਰਜ਼ ਯੂਨੀਵਰਸਿਟੀ ਤੋਂ ਪ੍ਰੋਫ਼ੈਸਰ ਅਮੈਰੀਟਸ ਪ੍ਰੋ. ਸੁਰਿੰਦਰ ਧੰਜਲ ਨੇ ਕਿਹਾ ਕਿ ਯੂਨੀਵਰਸਿਟੀ ਅਸਲ ਵਿੱਚ ਵਿਦਿਆਰਥੀਆਂ ਨਾਲ ਹੀ ਬਣਦੀ ਹੈ। ਇਸ ਲਈ ਨੂੰ ਵਿਦਿਆਰਥੀ ਕੇਂਦਰਿਤ ਅਕਾਦਮਿਕ ਮਾਹੌਲ ਦੀ ਸਿਰਜਣਾ ਵੱਲ ਧਿਆਨ ਦੇਣਾ ਚਾਹੀਦਾ ਹੈ। ਮੁੱਖ-ਸੁਰ ਭਾਸ਼ਣ ਵਿਚ ਉੱਘੇ ਵਿਦਵਾਨ ਪ੍ਰੋ. ਤੇਜਵੰਤ ਸਿੰਘ ਗਿੱਲ ਨੇ ਵੱਖ-ਵੱਖ ਖੇਤਰਾਂ ਵਿੱਚ ਕੀਤੇ ਆਪਣੇ ਕਾਰਜਾਂ ਦੇ ਹਵਾਲੇ ਨਾਲ ਗੱਲ ਕੀਤੀ। ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਨੇ ਯੂਨਵਰਸਿਟੀ ਵਿੱਚ ਸਥਾਪਿਤ ਕੀਤੀ ਗਈ ਡਿਜੀਟਲਕਰਣ ਸਬੰਧੀ ਲੈਬ ਬਾਰੇ ਜਾਣਕਾਰੀ ਦਿੱਤੀ। ਮੰਚ ਸੰਚਾਲਨ ਡੀਨ ਅਲੂਮਨੀ ਡਾ. ਗੁਰਮੁਖ ਸਿੰਘ ਅਤੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੇ ਮੁਖੀ ਡਾ. ਪਰਮੀਤ ਕੌਰ ਨੇ ਕੀਤਾ।

# ਦੋ ਜਣੇ 17 ਕਿੱਲੋ ਭੁੱਕੀ ਸਣੇ ਗ੍ਰਿਫ਼ਤਾਰ

**ਰਾਜਪੁਰਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਸਿਟੀ ਰਾਜਪੁਰਾ ਦੀ ਪੁਲੀਸ ਨੇ ਔਰਤ ਅਤੇ ਇਕ ਵਿਅਕਤੀ ਕੋਲੋਂ 17 ਕਿੱਲੋ ਭੁੱਕੀ ਬਰਾਮਦ ਕੀਤੀ ਹੈ। ਥਾਣਾ ਮੁਖੀ ਇੰਸਪੈਕਟਰ ਕਿਰਪਾਲ ਸਿੰਘ ਮੋਹੀ ਨੇ ਦੱਸਿਆ ਕਿ ਏਐੱਸਆਈ ਪਰਮਜੀਤ ਸਿੰਘ ਨੇ ਸਮੇਤ ਪੁਲੀਸ ਪਾਰਟੀ ਮੇਨ ਜੀਟੀ ਰੋਡ ਨੇੜੇ ਮਿੱਡਵੇਅ ਢਾਬੇ ਕੋਲ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਰਾਜਪੁਰਾ ਵਾਲੇ ਪਾਸੇ ਆਉਂਦੀ ਇੱਕ ਬੱਸ ਨਾਕੇ ਤੋਂ ਪਿੱਛੇ ਬੈਰੀਕੇਡ ਲੱਗੇ ਹੋਣ ਕਾਰਨ ਰੁਕੀ ਤਾਂ ਬੱਸ ਵਿੱਚੋਂ ਔਰਤ ਤੇ ਇਕ ਵਿਅਕਤੀ ਉਤਰਿਆ। ਉਨ੍ਹਾਂ ਹੱਥਾਂ ਵਿਚ ਪਲਾਸਟਿਕ ਦਾ ਇਕ ਬੈਗ ਫੜਿਆ ਹੋਇਆ ਸੀ। ਇਹ ਦੋਵੇਂ ਜਣੇ ਬੱਸ ਵਿਚੋਂ ਉਤਰ ਕੇ ਮੇਨ ਰੋਡ ਦੇ ਕਿਨਾਰੇ ਰਾਹੀਂ ਤੁਰ ਕ ਪਿੱਛੇ ਨੂੰ ਜਾਣ ਲੱਗੇ।

ਪੁਲਿਸ ਨੇ ਇਨ੍ਹਾਂ ਨੂੰ ਕਾਬੂ ਕਰ ਕੇ 17 ਕਿੱਲੋ ਭੁੱਕੀ ਬਰਾਮਦ ਕੀਤੀ। ਮੁਲਜ਼ਮਾਂ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ਼ ਗੱਗੂ ਵਾਸੀ ਬਠਿੰਡਾ ਅਤੇ ਪਾਰੋ ਦੇਵੀ ਵਾਸੀ ਬਠਿੰਡਾ ਵਜੋਂ ਹੋਈ ਹੈ। ਪੁਲੀਸ ਅਨੁਸਾਰ ਮੁਲਜ਼ਮਾਂ ਖ਼ਿਲਾਫ਼ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਸਥਾਨਕ ਸ਼ਹਿਰ 'ਚ ਸੀਆਈਏ ਸਟਾਫ ਸੰਗਰੂਰ ਦੀ ਪੁਲੀਸ ਨੇ ਇਕ ਵਿਅਕਤੀ ਨੂੰ 50 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਸੀਆਈਏ ਸਟਾਫ ਸੰਗਰੂਰ ਦੇ ਸਹਾਇਕ ਥਾਣੇਦਾਰ ਪ੍ਰੇਮ ਸਿੰਘ ਵਲੋਂ ਸਮੇਤ ਪੁਲੀਸ ਪਾਰਟੀ ਗਸਤ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਦੌਰਾਨ ਸੀਤਾਸਰ ਮੰਦਿਰ ਸੁਨਾਮ ਤੋਂ ਸਰਹਿੰਦ ਚੋਅ ਦੇ ਨਾਲ-ਨਾਲ ਸੜਕ 'ਤੇ ਸਿਵਲ ਹਸਪਤਾਲ ਵੱਲ ਜਾਂਦਿਆਂ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਜਿਸ ਕੋਲੋਂ 50 ਗ੍ਰਾਮ ਹੈਰੋਇਨ ਬਰਾਮਦ ਕੀਤਾ। ਕਾਬੂ ਕੀਤੇ ਗਏ ਵਿਅਕਤੀ ਦੀ ਪਛਾਣ ਜੱਗੀ ਵਾਸੀ ਸੁਨਾਮ ਵਜੋਂ ਹੋਈ ਹੈ। ਪੁਲੀਸ ਨੇ ਜੱਗੀ ਤੋਂ ਪੁੱਛ-ਪੜਤਾਲ ਉਪਰੰਤ ਸੰਗਰੂਰ ਸ਼ਹਿਰ ਦੀ ਲੱਖੋ ਨਾਂ ਦੀ ਇਕ ਔਰਤ ਨੂੰ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਹੈ।

# ਪਿੰਡ ਬੁੱਟਰ ਦੀ ਮਨਵੀਰ ਕੌਰ ਦੀ ਕੌਮੀ ਬੇਸਬਾਲ ਟੀਮ 'ਚ ਚੋਣ



**ਚੰਡੀਗੜ੍ਹ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਬੁੱਟਰ ਕਲਾਂ ਦੀ ਜੰਮਪਲ ਮਨਵੀਰ ਕੌਰ ਭਾਰਤੀ ਕੌਮੀ ਮਹਿਲਾ ਬੇਸਬਾਲ ਟੀਮ ਵਿਚ ਚੋਣ ਕੀਤੀ ਗਈ ਹੈ। ਇਹ ਟੀਮ ਇਸੇ ਸਾਲ ਹੋਣ ਵਾਲੇ ਏਸ਼ੀਆ ਕੱਪ ਵਿੱਚ ਭਾਰਤ ਦੀ ਨੁਮਾਇੰਦਗੀ ਕਰੇਗੀ। ਮਨਵੀਰ ਕੌਰ ਦੀ ਇਸ ਪ੍ਰਾਪਤੀ ਉਤੇ ਪਿੰਡ ਬੁੱਟਰ, ਜ਼ਿਲ੍ਹਾ ਮੋਗਾ ਵਿਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਮਨਵੀਰ ਨੇ ਬੈਂਕਾਕ (ਥਾਈਲੈਂਡ) ਵਿਖੇ ਇੰਡੀਆ ਟੀਮ ਦੇ ਕਰਵਾਏ ਗਏ ਏਸ਼ੀਆ ਕੱਪ ਕੁਆਲੀਫਾਈ ਮੁਕਾਬਲੇ ਵਿਚ ਕੁਆਲੀਫਾਈ ਕਰ ਲਿਆ ਹੈ। ਜਾਣਕਾਰੀ ਮੁਤਾਬਕ ਕਿਰਤੀ ਪਰਿਵਾਰ ਦੀ ਹੋਣਹਾਰ ਲੜਕੀ ਮਨਵੀਰ ਕੌਰ ਪੁੱਤਰੀ ਗੁਰਮਖ ਸਿੰਘ ਨੇ ਪਿੰਡ ਦੇ ਸਕੂਲ 'ਚੋਂ ਬਾਰ੍ਹਵੀਂ ਤੱਕ ਪੜ੍ਹਾਈ ਕੀਤੀ ਅਤੇ ਇਥੇ ਹੀ ਬੇਸਬਾਲ ਦੀ ਟ੍ਰੇਨਿੰਗ ਸ਼ੁਰੂ ਕੀਤੀ।

ਇਸ ਪਿੱਛੋਂ ਉਹ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਬੀਏ ਕਰਨ ਉਪਰੰਤ ਹੁਣ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਬੀਪੀਐਡ ਕਰ ਰਹੀ ਹੈ। ਪਿੰਡ ਵਾਸੀਆਂ ਤੇ ਇਲਾਕੇ ਵਿੱਚ ਮਨਵੀਰ ਕੌਰ ਦੀ ਭਾਰਤ ਦੀ ਟੀਮ ਵਿੱਚ ਹੋਈ ਚੋਣ ਲਈ ਖ਼ੁਸ਼ੀ ਤੇ ਮਾਣ ਮਹਿਸੂਸ ਕੀਤਾ ਜਾ ਰਿਹਾ ਹੈ।

# ਕਿੱਕ ਬਾਕਸਿੰਗ 'ਚ ਸੰਧੂ ਸਕੂਲ ਦੇ ਵਿਦਿਆਰਥੀਆਂ ਨੇ ਤ.ਗਮੇ ਜਿੱਤੇ



**ਦੇਵੀਗੜ੍ਹ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਬੀ.ਐੱਸ. ਸੰਧੂ ਮੈਮੋਰੀਅਲ ਪਬਲਿਕ ਸਕੂਲ ਜੁਲਾਹਖੇੜੀ ਦੇ ਵਿਦਿਆਰਥੀਆਂ ਨੇ ਵਾਕੋ ਇੰਡੀਆ ਕਿੱਕ ਬਾਕਸਿੰਗ ਫੈਡਰੇਸ਼ਨ ਵੱਲੋਂ ਮਹਾਰਾਜਾ ਰਣਜੀਤ ਸਿੰਘ ਖਾਲਸਾ ਕਾਲਜ ਬਠਿੰਡਾ ਵਿੱਚ ਬੀਤੇ ਦਿਨੀਂ ਕਰਵਾਏ ਰਾਜ ਪੱਧਰੀ ਕਿੱਕ ਬਾਕਸਿੰਗ ਮੁਕਾਬਲਿਆਂ ਵਿੱਚ ਤ.ਗਮੇ ਜਿੱਤੇ ਹਨ। ਵਿਦਿਆਰਥੀ ਇੰਦਰਜੀਤ ਸਿੰਘ ਨੇ ਦੋ ਚਾਂਦੀ ਦੇ ਤਗਮੇ, ਅਭਿਰਾਜ ਵੀਰ ਸਿੰਘ ਨੇ ਚਾਂਦੀ ਦਾ ਇੱਕ ਤਗਮਾ, ਗੈਰੀ ਨੇ ਦੋ ਕਾਂਸੀ ਦੇ ਤਗਮੇ ਅਤੇ ਪ੍ਰਿੰਸਪਾਲ ਸਿੰਘ ਨੇ ਇੱਕ ਕਾਂਸੀ ਦਾ ਤਗਮਾ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਦੇ ਚੇਅਰਮੈਨ ਹਰਦੀਪ ਸਿੰਘ ਸੰਧੂ ਅਤੇ ਪ੍ਰਿੰਸੀਪਲ ਰਜਿੰਦਰ ਕੌਰ ਸੰਧੂ ਨੇ ਸਕੂਲ ਪਹੁੰਚਣ 'ਤੇ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ ਤੇ ਬੱਚਿਆਂ ਦੀ ਹੌਸਲਾ-ਅਫਜ਼ਾਈ ਕੀਤੀ।

# ਸੁਤੰਤਰਤਾ ਸੰਗਰਾਮੀ ਐਸੋਸੀਏਸ਼ਨ ਵੱਲੋਂ ਡਿਪਟੀ ਕਮਿਸ਼ਨਰ ਦ.ਫਤਰ ਅੱਗੇ ਰੋਸ ਧਰਨਾ



**ਪਟਿਆਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਅਮਰਪ੍ਰੀਤ ਸਿੰਘ ਬੌਬੀ ਅਤੇ ਹੋਰ ਅਹੁਦੇਦਾਰਾਂ ਵੱਲੋਂ ਅੱਜ ਇਥੇ ਮਿਨੀ ਸਕੱਤਰੇਤ ਵਿੱਚ ਜ਼ਿਲ੍ਹਾ ਪੱਧਰੀ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸਰਕਾਰ ਦੀ ਤਰਫ਼ੋਂ ਨਵਜੋਤ ਸ਼ਰਮਾ (ਪੀਸੀਐੱਸ) ਨੇ ਸ਼ਿਰਕਤ ਕੀਤੀ। ਇਸ ਦੌਰਾਨ ਅਹੁਦੇਦਾਰਾਂ ਨੇ ਸਰਕਾਰ ਦੇ ਬਹੁਤੇ ਵਿਭਾਗਾਂ ਵੱਲੋਂ ਸੁਤੰਤਰਤਾ ਸੰਗਰਾਮੀ ਪਰਿਵਾਰਾਂ ਦੀਆਂ ਸਮੱਸਿਆਂਵਾਂ ਦੇ ਹੱਲ ਲਈ ਠੋਸ ਕਾਰਵਾਈ ਨਾ ਕਰਨ ਦਾ ਸ਼ਿਕਵਾ ਕੀਤਾ। ਉਨ੍ਹਾਂ ਨੇ ਪ੍ਰਸ਼ਾਸਨ 'ਤੇ ਇਨ੍ਹਾਂ ਪਰਿਵਾਰਾਂ ਲਈ ਨਿਰਧਾਰਤ ਸਨਮਾਨ ਸਹੂਲਤਾਂ ਨੂੰ ਜਾਣਬੁੱਝ ਕੇ ਅਣਗੌਲਿਆ ਕਰਨ ਦਾ ਦੋਸ਼ ਵੀ ਲਾਏ ਜਿਸ ਨੂੰ ਲੈ ਕੇ ਜ਼ਿਲ੍ਹਾ ਪ੍ਰਧਾਨ ਅਮਰਪ੍ਰੀਤ ਬੌਬੀ ਦੀ ਅਗਵਾਈ ਹੇਠਾਂ ਡਿਪਟੀ ਕਮਿਸ਼ਨਰ ਦੇ ਦਫਤਰ ਦੇ ਸਾਹਮਣੇ ਖੜ੍ਹ ਕੇ ਸਰਕਾਰ ਦੇ ਖਿਲਾਫ਼ ਰੋਸ ਪ੍ਰਦਰਸ਼ਨ ਵੀ ਕੀਤਾ। ਨਾਲ ਹੀ ਚਿਤਾਵਨੀ ਵੀ ਦਿਤੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਦੀ ਪੂਰਤੀ ਨਾ ਹੋਈ ਤਾਂ ਉਹ ਅਗਲੇ ਦਿਨਾ 'ਚ ਡੀ.ਸੀ ਦਫਤਰ ਮੂਹਰੇ ਭੁੱਖ ਹੜਤਾਲ ਰੱਖਣ ਲਈ ਮਜਬੂਰ ਹੋਣਗੇ। ਪ੍ਰੀਤਮ ਖਾਨਪੁਰ ਦਾ ਕਹਿਣਾ ਸੀ ਕਿ ਸਰਕਾਰ ਉਨ੍ਹਾਂ ਦੇ ਮਸਲਿਆਂ ਦਾ ਹੱਲ ਯਕੀਨੀ ਬਣਾਵੇ। ਇਸ ਮੌਕੇ ਪ੍ਰੀਤਮ ਸਿੰਘ ਖਾਨਪੁਰ, ਰਾਜ ਕੁਮਾਰ ਡਕਾਲਾ, ਪ੍ਰੀਤਮ ਸਿੰਘ ਖ਼ਾਨਪੁਰ, ਇੰਦਰਪਾਲ ਧਾਲੀਵਾਲ, ਅਮਰਪ੍ਰੀਤ ਬੌਬੀ, ਪਰਦੁਮਨ ਢੀਂਡਸਾ, ਗੁਰਇਕਬਾਲ ਸੰਧੂ, ਕਮਲਦੀਪ ਗਿੱਲ, ਅਮਰੀਕ ਗਿੱਲ, ਇੰਦਰਪਾਲ ਵਿਰਕ, ਬਚਿੱਤਰ ਸਿੰਘ, ਗੁਰਦੀਪ ਰਾਜਪੁਰਾ, ਤਰਸੇਮ ਰਾਜਪੁਰਾ, ਵਰਿੰਦਰ ਧੀਮਾਨ, ਪ੍ਰਭਜੀਤ ਨਾਭਾ, ਰਾਜਵਿੰਦਰ ਕੌਰ, ਹਰਦੀਪ ਕੌਲੀ ਆਦਿ ਵੀ ਮੌਜੂਦ ਸਨ।

# ਗਰਮਖਿਆਲੀ ਬਖਸ਼ੀਸ਼ ਸਿੰਘ ਬਾਬਾ ਖ਼ਿਲਾ.ਫ ਕੇਸ ਦਰਜ

**ਪਟਿਆਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਇੱਥੇ ਇੱਕ ਕਾਰ ਅਤੇ ਮੋਟਰਸਾਈਕਲ ਵਿਚਾਲੇ ਟੱਕਰ ਤੋਂ ਬਾਅਦ ਦੋਵਾਂ ਧਿਰਾਂ ਦਰਮਿਆਨ ਹੋਈ ਹੱਥੋਪਾਈ ਅਤੇ ਕੁੱਟਮਾਰ ਮਗਰੋਂ ਥਾਣਾ ਲਾਹੌਰੀ ਗੇਟ ਦੀ ਪੁਲੀਸ ਨੇ ਗਰਮਖਿਆਲੀ ਬਖਸ਼ੀਸ਼ ਸਿੰਘ ਉਰਫ਼ ਬਾਬਾ ਅਤੇ ਸਾਥੀਆਂ ਖ਼ਿਲਾਫ਼ ਕੁੱਟਮਾਰ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਹੈ।

ਬਖਸ਼ੀਸ਼ ਬਾਬਾ 2008 'ਚ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ 'ਤੇ ਕਰਨਾਲ ਨੇੜੇ ਇੱਕ ਟਰੱਕ ਦੀ ਸਟਿੱਪਣੀ 'ਚ ਰੱਖੇ ਗਏ ਬੰਬ ਨਾਲ ਕਥਿਤ ਹਮਲਾ ਕਰਨ ਦੇ ਮੁੱਖ ਮੁਲਜ਼ਮ ਵਜੋਂ ਜਾਣਿਆਂ ਜਾਂਦਾ ਰਿਹਾ ਹੈ। ਥਾਣਾ ਲਾਹੌਰੀ ਗੇਟ ਪਟਿਆਲਾ ਵਿੱਚ ਉਨ੍ਹਾਂ ਦੇ ਖ਼ਿਲਾਫ਼ ਇਹ ਕੇਸ ਇੱਕ ਮਹਿਲਾ ਦੀ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ ਜਿਸ ਦਾ ਕਹਿਣਾ ਹੈ ਕਿ ਉਹ ਜਦੋਂ ਪਟਿਆਲਾ-ਰਾਜਪੁਰਾ ਰੋਡ 'ਤੇ ਟਾਟਾ ਟਿਆਗੋ ਕਾਰ ਚਲਾ ਰਹੀ ਸੀ ਤਾਂ ਬਖਸ਼ੀਸ਼ ਸਿੰਘ ਦੇ ਗੰਨਮੈਨ ਦੱਸੇ ਜਾਂਦੇ ਇੱਕ ਵਿਅਕਤੀ ਨੇ ਮੋਟਰਸਾਈਕਲ ਉਨ੍ਹਾਂ ਦੀ ਕਾਰ 'ਚ ਮਾਰਿਆ। ਨੁਕਸਾਨ ਦੀ ਭਰਪਾਈ ਮੰਗਣ 'ਤੇ ਉਸ ਨੇ ਬਾਬਾ ਬਖਸ਼ੀਸ਼ ਤੇ ਹੋਰਾਂ ਨੂੰ ਸੱਦ ਲਿਆ ਜਿਨ੍ਹਾਂ ਆਰਐੱਸਐੱਸ ਦੇ ਆਗੂ ਦੱਸੇ ਜਾਂਦੇ ਉਸ ਦੇ ਪਤੀ ਤੇ ਸਾਥੀਆਂ ਦੀ ਕਥਿਤ ਕੁੱਟਮਾਰ ਕੀਤੀ। ਇਸ ਦੌਰਾਨ ਮਾਹੌਲ ਇਸ ਕਦਰ ਵਿਗੜ ਗਿਆ ਸੀ ਕਿ ਪੁਲੀਸ ਨੂੰ ਵੀ ਮੌਕੇ 'ਤੇ ਪਹੁੰਚ ਕੇ ਦਖਲ ਦੇਣਾ ਪਿਆ।

ਡੀਐੱਸਪੀ ਸਤਿਨਾਮ ਸਿੰਘ ਸੰਘਾ ਨੇ ਅਜਿਹਾ ਕੇਸ ਦਰਜ ਕਰਨ ਦੀ ਪੁਸ਼ਟੀ ਕੀਤੀ ਹੈ।

# ਕਿੱਥੋਂ ਕਿੱਥੇ ਆ ਪਹੁੰਚੀ ਪੰਜਾਬੀ ਗਾਇਕੀ

ਮਨਜਿੰਦਰ ਸਿੰਘ ਸਰੌਦ

ਕੋਈ ਸਮਾਂ ਸੀ ਜਦ ਪੰਜਾਬ ਦੀਆਂ ਸੰਗੀਤਕ ਫ਼ਿਜ਼ਾਵਾਂ ਅੰਦਰ ਢੋਲੇ-ਮਾਹੀਏ, ਰਿਸ਼ਤੇ ਨਾਤੇ ਤੇ ਲੋਕ ਕਿੱਸਿਆਂ ਨਾਲ ਭਰਪੂਰ ਗੀਤ-ਸੰਗੀਤ ਗੂੰਜਦਾ ਸੀ। ਪੱਛੋਂ ਦੀ ਠੰਢੀ ਹਵਾ ਦੇ ਬੁੱਲੇ ਵਰਗਾ ਇਹ ਸੰਗੀਤ ਮਨੁੱਖੀ ਰੂਹਾਂ ਨੂੰ ਤਰੋ-ਤਾਜ਼ਾ ਕਰ ਸਕੂਨ ਪ੍ਰਦਾਨ ਕਰਦਾ ਸੀ। ਉਦੋਂ ਦਿਉਰ-ਭਰਜਾਈ ਦੇ ਕਿੱਸੇ ਸਮਾਜਿਕ ਸਰੋਕਾਰਾਂ ਦੇ ਪ੍ਰਤੀਕ ਸਨ। ਕਲਾਕਾਰਾਂ ਨੂੰ ਸਮਾਜ ਆਪਣਾ ਆਦਰਸ਼ ਮੰਨ ਕੇ ਪਿਆਰ ਸਤਿਕਾਰ ਦਿੰਦਾ ਸੀ। ਇਸ ਦੇ ਬਦਲੇ ਫ਼ਨਕਾਰ ਵੀ ਸੱਭਿਅਤਾ ਤੇ ਨੈਤਿਕ ਕਦਰਾਂ ਕੀਮਤਾਂ ਨਾਲ ਲਬਰੇਜ਼ ਗੀਤ ਹੀ ਗਾਉਂਦੇ ਸਨ। ਕਲਾਕਾਰ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਨਵੀਂ ਪੀੜ੍ਹੀ ਵਿਰਸੇ ਦਾ ਵਾਰਿਸ ਬਣਾਉਣ 'ਚ ਯੋਗਦਾਨ ਪਾਉਂਦੇ ਸਨ। ਅਜੋਕੀ ਗਾਇਕੀ ਨੂੰ ਸੁਣੀਏ ਅਤੇ ਵਿਚਾਰੀਏ ਤਾਂ ਹੈਰਾਨੀ ਹੁੰਦੀ ਹੈ ਕਿ ਇਹ ਅੱਜ ਅਸੀਂ ਕਿੱਥੋਂ ਕਿੱਥੇ ਆ ਗਏ ਹਾਂ। ਇਸ ਵਰਤਾਰੇ ਲਈ ਆਖ਼ਰ ਜ਼ਿੰਮੇਵਾਰ ਕੌਣ ਹੈ?

### ਗਾਇਕੀ 'ਚ ਆਈ ਤਬਦੀਲੀ

ਸਮੇਂ ਨਾਲ ਚੱਲਦਿਆਂ ਅੱਜ ਪੰਜਾਬ ਦੇ ਪੁਰਾਣੇ ਤੇ ਸ਼ਾਨਾਮੱਤੇ ਗੀਤ-ਸੰਗੀਤ ਨੂੰ ਵਪਾਰਕ ਸੋਚ, ਦੌਲਤ, ਸ਼ੁਹਰਤ ਤੇ ਲੱਚਰਤਾ ਦੇ ਦੌਰ ਨੇ ਨਿਗਲਣਾ ਸ਼ੁਰੂ ਕਰ ਦਿੱਤਾ ਹੈ। ਸੱਭਿਅਤਾ ਦਾ ਮਜ਼ਬੂਤ ਕਿਲ੍ਹਾ, ਜਿਸ ਨੂੰ ਸਾਡੇ ਪੁਰਖਿਆਂ ਨੇ ਆਪਣੇ ਸੱਭਿਆਚਾਰ ਨੂੰ ਬੁਲੰਦੀਆਂ 'ਤੇ ਲੈ ਕੇ ਜਾਣ ਦੇ ਮਕਸਦ ਨਾਲ ਉਸਾਰਿਆ ਸੀ, ਅਜੋਕੀ ਗਾਇਕੀ ਕਾਰਨ ਇਹ ਕਿਲ੍ਹਾ ਕਮਜ਼ੋਰ ਪੈ ਕੇ ਢਹਿ ਰਿਹਾ ਹੈ। ਸੌਦਾਗਰਾਂ ਦੇ ਵਿੱਤੀ ਲਾਲਚ ਅਤੇ ਲੱਚਰਤਾ ਦੀ ਹਨੇਰੀ ਨੇ ਸੱਭਿਅਤਾ ਦੀ ਚਿੱਟੀ ਚਾਦਰ ਨੂੰ ਲੀਰੋ-ਲੀਰ ਕਰ ਦਿੱਤਾ ਹੈ।



### ਸੰਗੀਤ ਬਣਿਆ ਕਾਤਲ

ਉਹ ਗੀਤ-ਸੰਗੀਤ, ਜੋ ਰੂਹ ਦੀ ਖ਼ੁਰਾਕ ਹੁੰਦਾ ਸੀ, ਉਹ ਅੱਜ ਮੌਤ ਵੰਡਣ ਲੱਗ ਪਿਆ ਹੈ। ਵਿਆਹਾਂ-ਸ਼ਾਦੀਆਂ ਜਾਂ ਹੋਰ ਪ੍ਰੋਗਰਾਮਾਂ ਮੌਕੇ ਹਥਿਆਰਾਂ ਨੂੰ ਹੱਲਾਸ਼ੇਰੀ ਦੇਣ ਵਾਲੇ ਗੀਤਾਂ ਤੋਂ ਉਕਸਾਹਟ 'ਚ ਆ ਕੇ ਚਲਾਈਆਂ ਜਾਂਦੀਆਂ ਗੋਲੀਆਂ ਨਾਲ ਕਈ ਘਰਾਂ ਦੇ ਚਿਰਾਗ਼ ਬੁਝ ਗਏ ਹਨ। ਸਮਾਂ ਦੀ ਸਿਤਮ ਜ਼ਰੀਫ਼ੀ ਵੇਖੋ ਕਿ ਇਸ ਕਾਤਲ ਗੀਤ-ਸੰਗੀਤ ਨੇ ਕਈ ਹੱਸਦੇ-ਵੱਸਦੇ ਪਰਿਵਾਰਾਂ ਨੂੰ ਤਬਾਹ ਕਰ ਕੇ ਝੁੱਗਿਆਂ ਵਿਚ ਘਾਹ ਉੱਗਣ ਲਾ ਦਿੱਤਾ ਹੈ। ਅਜਿਹੀ ਗਾਇਕੀ ਨੂੰ ਕਦੇ ਵੀ ਗਾਇਕੀ ਨਹੀਂ ਆਖਿਆ ਜਾ ਸਕਦਾ। ਨੌਜਵਾਨਾਂ ਦਾ ਆਪਣੇ ਪਰਿਵਾਰਾਂ ਤੋਂ ਅਲੱਗ ਹੋ ਕੇ ਵੱਖਰੇ ਰਾਹ ਦੇ ਪਾਂਧੀ ਬਣਨ ਵਿਚ ਵੀ ਇਸ ਬੇਲਗ਼ਾਮ ਅਜੋਕੀ ਗਾਇਕੀ ਦਾ ਵੱਡਾ ਰੋਲ ਹੈ। ਅੱਜ ਪੰਜਾਬ 'ਚ ਜੋ ਗੈਂਗਵਾਰ ਵਧ ਰਹੇ ਹਨ, ਇਸ ਦੇ ਪਿੱਛੇ ਅਜਿਹੇ ਗਾਇਕਾਂ ਵੱਲੋਂ ਗਾਏ ਜਾਂਦੇ ਲੜਾਈ ਤੇ ਹਥਿਆਰਾਂ ਦੀ ਦੁਰਵਰਤੋਂ ਨੂੰ ਹੱਲਾਸ਼ੇਰੀ ਦੇਣ ਵਾਲੇ ਗੀਤਾਂ ਦੀ ਵੱਡੀ ਭੂਮਿਕਾ ਹੈ।

ਜਿਹੜਾ ਗੀਤ-ਸੰਗੀਤ ਸਮਾਜ ਦੀਆਂ ਚਾਰੇ ਕੂੰਟਾਂ ਅੰਦਰ ਆਪਣੀ ਮਹਿਕ ਖਿਲਾਰਦਾ ਸੀ, ਅੱਜ ਉਹ ਬੌਧਿਕ ਗਿਰਾਵਟ ਦਾ ਸ਼ਿਕਾਰ ਹੋ ਗਿਆ ਹੈ। ਲੱਚਰਤਾ ਤੇ ਹੋਰ ਮਾੜੀਆਂ ਅਲਾਮਤਾਂ ਨਾਲ ਭਰੇ ਅਜੋਕੇ ਪੰਜਾਬੀ ਗੀਤਾਂ ਨੂੰ ਨੌਜਵਾਨ ਪੀੜ੍ਹੀ ਮਾਨਤਾ ਦੇ ਕੇ ਆਪਣੇ ਪੈਰੀਂ ਆਪ ਕੁਹਾੜਾ ਮਾਰ ਰਹੀ ਹੈ। ਸਮੇਂ ਦੇ ਚੱਕਰਵਿਊ 'ਚ ਫਸੀ ਸਾਡੀ ਨੌਜਵਾਨ ਪੀੜ੍ਹੀ ਇਹ ਫ਼ੈਸਲਾ ਨਾ ਲੈ ਸਕੀ ਕਿ ਜਿਸ ਗਾਇਕੀ ਨੂੰ ਉਹ ਅਪਣਾ ਰਹੀ ਹੈ ਉਹ ਸਾਡੀ ਸੰਸਕ੍ਰਿਤੀ, ਇਤਿਹਾਸ ਤੇ ਸਮਾਜਿਕ ਰਹੁ-ਰੀਤਾਂ ਨੂੰ ਤਹਿਸ-ਨਹਿਸ ਦੇਵੇਗੀ।

### ਨੌਜਵਾਨ ਪੀੜ੍ਹੀ ਦਾ ਨੁਕਸਾਨ

ਸਕੂਲਾਂ-ਕਾਲਜਾਂ ਦੇ ਗੇਟਾਂ 'ਤੇ ਆਸ਼ਕੀ ਦੇ ਅੱਡਿਆਂ 'ਚ ਤਬਦੀਲ ਕਰਨ 'ਚ ਬਹੁਤ ਸਾਰੇ ਪੰਜਾਬੀ ਗੀਤਕਾਰਾਂ ਦਾ ਨਖਿੱਧ ਯੋਗਦਾਨ ਹੈ। ਇਨ੍ਹਾਂ ਵਿਦਿਅਕ ਅਦਾਰਿਆਂ ਤੋਂ ਸਿੱਖਿਆ ਲੈ ਕੇ ਸਾਡੀ ਨੌਜਵਾਨ ਪੀੜ੍ਹੀ ਅੱਗੇ ਪਲਾਂਘ ਪੁੱਟਦੀ ਹੈ ਪਰ ਅਜੋਕੀ ਪੰਜਾਬੀ ਗਾਇਕੀ ਨੇ ਇਸ ਨੂੰ ਵੀ ਸੁਰੱਖਿਅਤ ਨਾ ਰਹਿਣ ਦਿੱਤਾ। ਨਵੀਂ ਪੀੜ੍ਹੀ ਲੱਚਰਤਾ, ਹਥਿਆਰ ਕਲਚਰ, ਮਹਿੰਗੇ ਕੱਪੜੇ ਤੇ ਵੱਡੀਆਂ ਗੱਡੀਆਂ ਨਾਲ ਸਬੰਧਤ ਗੀਤ ਸੰਗੀਤ ਵਿੱਚੋਂ ਭਵਿੱਖ ਤਲਾਸ਼ਦੀ ਨਜ਼ਰ ਆਉਂਦੀ ਹੈ। ਨਸ਼ਿਆਂ ਨੇ ਤਾਂ ਅਮਰਵੇਲ ਦੀ ਤਰ੍ਹਾਂ ਗੀਤਾਂ ਨੂੰ ਜਕੜ ਕੇ ਜਵਾਨੀ ਦੇ ਜ਼ਿਹਨ ਤੇ ਐਸਾ ਜਾਦੂ ਕੀਤਾ ਕਿ ਉਹ ਸਭ ਕੁਝ ਭੁੱਲ-ਭੁਲਾ ਕੇ ਇਸ ਵਿੱਚੋਂ ਹੀ ਆਪਣਾ ਮਾੜਾ-ਚੰਗਾ ਤਰਾਸ਼ਣ ਲਈ ਪਰ ਤੋਲਣ ਲੱਗ ਪਈ। ਹੁਣ ਇਸ ਦੇ ਭਿਆਨਕ ਰੂਪ ਅਖ਼ਤਿਆਰ ਕਰਨ, ਕਈ ਮਨੁੱਖੀ ਜਾਨਾਂ ਲੈਣ ਤੇ ਜ਼ਮੀਨ-ਜਾਇਦਾਦ ਇਸ ਦੀ ਭੇਟ ਚੜ੍ਹਨ ਨਾਲ ਸੱਭਿਆਚਾਰ ਤੇ ਨੌਜਵਾਨੀ ਨੂੰ ਵੱਡਾ ਖੋਰਾ ਲੱਗਾ ਹੈ ਪਰ ਗੀਤ-ਸੰਗੀਤ ਦੇ ਵਪਾਰੀਆਂ ਦੇ ਖੀਸੇ ਮਾਲਾ-ਮਾਲ ਹੋ ਗਏ।

### ਕਲਾਕਾਰ ਤੇ ਸਰੋਤੇ ਦੋਵੇਂ ਕਸੂਰਵਾਰ

ਅਜੋਕੀ ਸੰਗੀਤਕ ਵਰਤਾਰੇ ਲਈ ਇਕੱਲੇ ਕਲਾਕਾਰਾਂ, ਮਿਊਜ਼ਿਕ ਕੰਪਨੀਆਂ ਤੇ ਵਪਾਰਕ ਸੋਚ ਵਾਲੇ ਲੋਕਾਂ ਨੂੰ ਹੀ ਦੋਸ਼ੀ ਨਹੀਂ ਹਨ ਸਗੋਂ ਜਨਤਾ ਵੀ ਇਸ ਬਰਾਬਰ ਦੀ ਜ਼ਿੰਮੇਵਾਰ ਹੈ। ਕਿਸੇ ਵੀ ਗੀਤ-ਸੰਗੀਤ ਨੂੰ ਸਰੋਤਿਆਂ ਨੇ ਹੀ ਪ੍ਰਵਾਨ ਕਰਨਾ ਹੁੰਦਾ ਹੈ। ਉੱਚੀ ਗਾਇਕੀ ਨੂੰ ਪ੍ਰਣਾਏ ਕਲਾਕਾਰ ਬਲਕਾਰ ਸਿੱਧੂ ਦੀ ਬੇਬਾਕ ਟਿੱਪਣੀ ਹੈ ਕਿ 'ਹੁਣ ਤਾਂ ਸਟੇਜ ਤੇ ਚੰਗਾ ਗੀਤ ਗਾਉਂਦਿਆਂ ਵੀ ਕਈ ਵਾਰ ਡਰ ਲਗਦਾ ਹੈ ਕਿ ਕਿਤੇ ਕੋਈ ਸਾਹਮਣੇ ਬੈਠਾ ਸਰੋਤਾ ਇਹ ਨਾ ਆਖ ਦੇਵੇ ਕਿ ਇਹ ਕੀ ਗਾਈ ਜਾਨੈ ਕੋਈ ਚੱਕਮਾ ਜਿਹਾ ਗੀਤ ਸੁਣਾ।' ਇਹ ਅੱਜ ਦੇ ਯੁੱਗ ਵਿਚ ਗਾਇਕੀ ਦੇ ਪਤਨ ਦੀ ਨਿਸ਼ਾਨੀ ਹੈ, ਜਿਸ ਦੀ ਜ਼ਿੰਮੇਵਾਰੀ ਸਾਰੀਆਂ ਧਿਰਾਂ ਦੀ ਬਰਾਬਰ ਬਣਦੀ ਹੈ।

### ਮਿਲ ਕੇ ਹੰਭਲਾ ਮਾਰਨ ਦੀ ਲੋੜ

ਬੇਸ਼ੱਕ ਚੰਗੇ ਸਮਾਜ ਦੀ ਕਾਮਨਾ ਨੂੰ ਲੈ ਕੇ ਕਲਾ ਦੇ ਖੇਤਰ 'ਚ ਵਿਚਰ ਰਹੇ ਹਰਭਜਨ ਮਾਨ, ਹਰਜੀਤ ਹਰਮਨ, ਪੰਮਾ ਡੂਮੇਵਾਲ, ਸੁਖਵਿੰਦਰ ਸੁੱਖੀ, ਰਾਜ ਕਾਕੜਾ, ਭਗਵਾਨ ਹਾਂਸ, ਪੰਮਾ ਰਣੂਰ ਆਦਿ ਫ਼ਨਕਾਰਾਂ ਨੇ ਇਸ ਮਾੜੇ ਦੌਰ ਅੰਦਰ ਵੀ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਹਨ ਫਿਰ ਵੀ ਸ਼ੁਹਰਤ, ਦੌਲਤ, ਹਥਿਆਰਾਂ ਤੇ ਲੱਚਰਤਾ ਦਾ ਪੱਖ ਗਾਇਕੀ ਉੱਪਰ ਭਾਰੂ ਹੈ। ਪੰਜਾਬ ਪੁਲਿਸ ਨੇ ਬੀਤੇ ਸਮਾਂ ਸੱਭਿਆਚਾਰ ਦੀ ਮਿੱਟੀ ਪੁੱਟ ਰਹੇ ਕੁਝ ਅਖੌਤੀ ਗਵੱਈਆਂ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਸੀ, ਉਹ ਵੀ ਹੁਣ ਠੱਪ ਹੋ ਕੇ ਰਹਿ ਗਈ ਹੈ। ਸਾਹਿਤਕ ਜਥੇਬੰਦੀਆਂ ਨੂੰ ਉਸਾਰੂ ਗੀਤ-ਸੰਗੀਤ ਦੇ ਹੱਕ 'ਚ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਨੌਜਵਾਨਾਂ ਨੂੰ ਵੀ ਚੰਗੇ-ਮੰਦੇ ਦੀ ਪਰਖ ਕਰ ਕੇ ਆਪਣੇ ਵਿਰਸੇ ਨੂੰ ਪਲੀਤ ਕਰਨ ਵਾਲੇ ਗੀਤਾਂ ਨੂੰ ਨਕਾਰਨਾ ਚਾਹੀਦਾ ਹੈ ਅਤੇ ਸਮਾਜਿਕ ਸਰੋਕਾਰਾਂ ਤੇ ਨੈਤਿਕ ਕਦਰਾਂ ਕੀਮਤਾਂ ਦੀ ਬਾਤ ਪਾਉਂਦੇ ਗੀਤਾਂ ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ। ●

94634-63136

---

**ਕੁਲਦੀਪ ਕੰਡਿਆਰਾ ਹੁਣ ਤਕ 20 ਤੋਂ ਵੱਧ ਪੰਜਾਬੀ ਫ਼ਿਲਮਾਂ ਦੇ ਗੀਤ ਲਿਖ ਚੁੱਕਾ ਹੈ। ਇਸ ਤੋਂ ਇਲਾਵਾ ਉਸ ਦੇ ਲਿਖੇ ਗੀਤਾਂ ਦੀ ਇਕ ਕਿਤਾਬ 'ਵੰਝਲੀ' ਵੀ ਪ੍ਰਕਾਸ਼ਿਤ ਹੋ ਚੁੱਕੀ ਹੈ...**

# ਗੀਤਕਾਰੀ ਦਾ ਚਮਕਦਾ ਤਾਰਾ ਕੁਲਦੀਪ ਕੰਡਿਆਰਾ

ਜਗਜੀਤ ਸਿੰਘ ਕੰਡਾ



ਪੰਜਾਬੀ ਸੱਭਿਆਚਾਰ ਨੂੰ ਜ਼ਿਉਂਦਾ ਰੱਖਣ ਲਈ ਅਨੇਕ ਹਜ਼ਾਰਾਂ ਗੀਤਕਾਰ ਤੇ ਗਾਇਕ ਆਪਣਾ ਯੋਗਦਾਨ ਪਾ ਰਹੇ ਹਨ। ਇਨ੍ਹਾਂ 'ਚੋਂ ਗੀਤਕਾਰ ਕੁਲਦੀਪ ਕੰਡਿਆਰਾ ਦਾ ਨਾਂ ਮੁਹਰਲੀ ਕਤਾਰ 'ਚ ਆਉਂਦਾ ਹੈ। ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਨਨਕਸਰ ਵਿਖੇ ਪਿਤਾ ਜੀਰਾ ਸਿੰਘ ਤੇ ਮਾਤਾ ਅੰਗਰੇਜ਼ ਕੌਰ ਦੇ ਘਰ ਕੁਲਦੀਪ ਦਾ ਜਨਮ 1976 'ਚ ਹੋਇਆ। ਕੁਲਦੀਪ ਨੇ ਦਸਵੀਂ ਤਕ ਦੀ ਪੜ੍ਹਾਈ ਆਪਣੇ ਪਿੰਡ ਦੇ ਸਕੂਲ ਤੋਂ ਕੀਤੀ। ਸਕੂਲ ਪੜ੍ਹਦਿਆਂ ਹੀ ਕੁਲਦੀਪ ਦੇ ਮਨ ਅੰਦਰ ਹੋਰ ਉੱਚੀਆਂ ਉਡਾਰੀਆਂ ਲਾਉਣ ਦੇ ਸੁਪਨੇ ਪੈਦਾ ਹੋਏ ਜਿਸ ਦੇ ਚੱਲਦਿਆਂ ਕੁਲਦੀਪ ਹੁਣ ਤਕ ਪੰਜ ਹਜ਼ਾਰ ਤੋਂ ਵੱਧ ਗੀਤ ਲਿਖ ਚੁੱਕਾ ਹੈ। ਇਨ੍ਹਾਂ ਗੀਤਾਂ ਨੂੰ ਰਿਕਾਰਡ ਕਰਵਾਉਣ ਲਈ ਕੁਲਦੀਪ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਅਸਲ ਵਿਚ ਕੁਲਦੀਪ ਦੀ ਗੀਤਕਾਰੀ ਅਜੋਕੇ ਮਾਹੌਲ ਦੇ ਲੱਚਰ ਗੀਤਾਂ ਤੋਂ ਕੋਹਾਂ ਦੂਰ ਹੈ। ਇਕ ਦਿਨ ਉਸ ਦੇ ਪਿੰਡ ਦੇ ਹੀ ਗਾਇਕ ਦਿਲਬਾਗ਼ ਚਹਿਲ ਨੇ ਆਪਣੇ ਦੋਸਤ ਤੇ ਪ੍ਰਸਿੱਧ ਗਾਇਕ ਕਰਮਜੀਤ ਅਨਮੋਲ ਨਾਲ ਉਸ ਦਾ ਮੇਲ ਕਰਵਾਇਆ। ਕਰਮਜੀਤ ਅਨਮੋਲ ਨੇ ਆਪਣੀ ਕੈਸਿਟ 'ਬਲੌਰੀ ਅੱਖ' ਵਿਚ ਕੁਲਦੀਪ ਦਾ ਲਿਖਿਆ ਗੀਤ 'ਤੇਰੇ ਹੀ ਚੁਬਾਰੇ ਵੱਲ ਖੁੱਲ੍ਹੂ ਰੀਜੋ, ਨੀਂ ਸਾਰੇ ਪਿੰਡ ਦੇ ਚੁਬਾਰਿਆਂ ਦੀ ਬਾਰੀ' (2004) ਰਿਕਾਰਡ ਕਰਵਾਇਆ। ਇਥੋਂ ਹੀ ਕੁਲਦੀਪ ਨੇ ਸਫਲਤਾ ਦੀ ਪੌੜੀ ਦੇ ਪਹਿਲੇ ਡੰਡੇ 'ਤੇ ਪੈਰ ਧਰਿਆ ਤੇ ਮੁੜ ਪਿੱਛੇ ਮੁੜ ਕੇ ਨਹੀਂ ਵੇਖਿਆ। ਮਸ਼ਹੂਰ ਪੰਜਾਬੀ ਗਾਇਕਾਂ ਹਰਭਜਨ ਸ਼ੇਰਾ, ਸਿਕੰਦਰ ਸਲੀਮ, ਰਾਜਾ ਸਿੱਧੂ, ਦਿਲਬਾਗ਼ ਚਹਿਲ, ਮਿਸ ਪੂਜਾ, ਸੁਦੇਸ਼ ਕੁਮਾਰੀ, ਸੁਨਿਧੀ ਚੌਹਾਨ, ਪਰਗਟ ਭਾਗੂ, ਹਰਲੀਨ ਅਖ਼ਤਰ ਆਦਿ ਨੇ ਉਸ ਦੇ ਗੀਤਾਂ ਨੂੰ ਆਵਾਜ਼ ਦਿੱਤੀ। ਇਸ ਦੌਰਾਨ ਕਰਮਜੀਤ ਅਨਮੋਲ ਨੇ ਫ਼ਿਲਮ 'ਜੱਟ ਬੁਆਇਜ਼' (2013) ਵਿਚ ਕੰਡਿਆਰੇ ਦਾ ਲਿਖਿਆ ਗੀਤ 'ਯਾਰਾ ਵੇ' ਨੂੰ ਵੈਰਾਗਮਈ ਅੰਦਾਜ਼ 'ਚ ਗਾਇਆ ਤਾਂ ਇਹ ਇਕ ਯਾਦਗਾਰੀ ਗੀਤ ਹੋ ਨਿੱਬੜਿਆ। ਅੱਜ ਵੀ ਨੌਜਵਾਨਾਂ ਦੀ ਜ਼ੁਬਾਨ ਤੇ ਇਹ ਗੀਤ ਸੁਣਿਆ ਜਾਂਦਾ ਹੈ। ਇਥੋਂ ਹੀ ਕੁਲਦੀਪ ਦੀ ਕਲਮ ਨੇ ਫ਼ਿਲਮੀ ਗੀਤਾਂ ਦਾ ਸਫ਼ਰ ਸ਼ੁਰੂ ਕੀਤਾ। ਹੁਣ ਤਕ ਉਹ 20 ਤੋਂ ਵੱਧ ਪੰਜਾਬੀ ਫ਼ਿਲਮਾਂ 'ਮੁੰਡੇ ਕਮਾਲ ਦੇ', 'ਲੈਦਰ ਲਾਈਫ਼', 'ਰੱਬ ਜੈਸਾ', 'ਗੋਰਿਆ ਨੂੰ ਦਫ਼ਾ ਕਰੋ', 'ਨਿੱਕਾ ਜ਼ੈਲਦਾਰ 1 ਤੇ 2', 'ਮੇਰੇ ਬਿਸਤਰੇ', 'ਪ੍ਰਾਹੁਣਾ', 'ਮਰ ਗਏ ਓ ਲੋਕੋ', 'ਆਟੇ ਦੀ ਚਿੜੀ', ਆਦਿ ਵਿਚ ਆਪਣੀ ਕਲਮ ਤੇ ਕਰਮਜੀਤ ਅਨਮੋਲ ਦੇ ਸਾਥ ਸਦਕਾ ਆਪਣੀ ਚੰਗੀ ਪਛਾਣ ਬਣਾਈ। ਜਲਦੀ ਹੀ ਕੁਲਦੀਪ ਦਾ ਲਿਖਿਆ ਗੀਤ 'ਸਾਡਾ ਸਾਰਾ ਪਿੰਡ ਵਿਕਾਊ ਏ' ਪੰਜਾਬ ਦੀ ਮੌਜੂਦਾ ਤਸਵੀਰ ਨੂੰ ਲੋਕਾਂ ਸਾਹਮਣੇ ਪੇਸ਼ ਕਰੇਗਾ। ਇਸ ਗੀਤ ਨੂੰ ਵੀ ਕਰਮਜੀਤ ਅਨਮੋਲ ਨੇ ਆਵਾਜ਼ ਦਿੱਤੀ ਹੈ। ਆਉਣ ਵਾਲੀਆਂ ਪੰਜਾਬੀ ਫ਼ਿਲਮਾਂ 'ਰੰਬਾ-ਰੰਬਾ ਮੀਂਹ ਵਰਸਾ', 'ਛੱਡ ਬਾਬੀ', 'ਮਿੱਠੋ ਤਸੀਲਦਾਰਨੀ' ਵਿਚ ਵੀ ਕੁਲਦੀਪ ਦੇ ਲਿਖੇ ਗੀਤ ਸੁਣਨ ਨੂੰ ਮਿਲਣਗੇ। ●

96462-00468

---

ਕਾਲਾ ਸਿੰਘ ਸੈਣੀ

# ਨਿੱਕੀ ਉਮਰ ਦੀਆਂ ਲੰਬੀਆਂ ਉਡਾਰੀਆਂ

ਅਕਸਰ ਜਦੋਂ ਰਿਲੀਜ਼ ਹੋ ਚੁੱਕੀਆਂ ਫ਼ਿਲਮਾਂ ਬਾਰੇ ਚਰਚਾ ਹੁੰਦੀ ਹੈ ਤਾਂ ਉਸ ਨਾਲ ਜੁੜੇ ਅਦਾਕਾਰਾਂ ਦਾ ਜ਼ਿਕਰ ਵੀ ਛਿੜਦਾ ਹੈ। ਇਨ੍ਹਾਂ ਫ਼ਿਲਮਾਂ ਦੇ ਮੁੱਖ ਅਦਾਕਾਰਾਂ ਦੇ ਨਾਲ-ਨਾਲ ਬਾਲ ਕਲਾਕਾਰਾਂ ਦੀ ਅਦਾਕਾਰੀ ਦੀ ਵੀ ਤਾਰੀਫ਼ ਹੁੰਦੀ ਹੈ। ਫ਼ਿਲਮ ਦੀ ਕਹਾਣੀ ਮੁਤਾਬਕ ਬਾਲ ਕਲਾਕਾਰ ਵੱਲੋਂ ਨਿਭਾਏ ਗਏ ਕਿਰਦਾਰ ਵੀ ਸਿਨੇਮਾ ਪ੍ਰੇਮੀਆਂ 'ਤੇ ਚੰਗਾ ਪ੍ਰਭਾਵ ਪਾਉਂਦੇ ਹਨ। ਜੇ ਸਿਨੇਮੇ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਬਹੁਤ ਸਾਰੇ ਨਾਮੀ ਅਦਾਕਾਰਾਂ ਹਨ, ਜਿਨ੍ਹਾਂ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਬਤੌਰ ਬਾਲ ਕਲਾਕਾਰ ਕੀਤੀ। ਅੱਜ ਵੀ ਬਾਲ ਅਦਾਕਾਰ ਫ਼ਿਲਮਾਂ ਦਾ ਅਹਿਮ ਹਿੱਸਾ ਹਨ। ਪੰਜਾਬੀ ਸਿਨੇਮਾ ਵਿਚ ਵੀ ਪਿਛਲੇ ਕੁਝ ਸਮੇਂ ਦੌਰਾਨ ਕਈ ਅਜਿਹੇ ਅਦਾਕਾਰ ਉੱਭਰ ਕੇ ਸਾਹਮਣੇ ਆਏ ਹਨ, ਜਿਨ੍ਹਾਂ ਦੀ ਉਮਰ ਭਾਵੇਂ ਨਿੱਕੀ ਹੈ ਪਰ ਉਨ੍ਹਾਂ ਦੀਆਂ ਉਡਾਰੀਆਂ ਬਹੁਤ ਲੰਬੀਆਂ ਹਨ। ਅੱਜ ਅਸੀਂ ਤੁਹਾਡੇ ਨਾਲ ਅਜਿਹੇ ਹੀ ਤਿੰਨ ਨਿੱਕੇ ਪਰ ਮਸ਼ਹੂਰ ਅਦਾਕਾਰਾਂ ਦੇ ਫ਼ਿਲਮੀ ਸਫ਼ਰ ਬਾਰੇ ਚਰਚਾ ਕਰ ਰਹੇ ਹਾਂ।







**ਹਰ ਭਾਸ਼ਾ ਦੀ ਫ਼ਿਲਮ 'ਚ ਬਾਲ ਕਲਾਕਾਰਾਂ ਵੱਲੋਂ ਨਿਭਾਏ ਗਏ ਕਿਰਦਾਰ ਹਮੇਸ਼ਾ ਸਿਨੇਮਾ ਪ੍ਰੇਮੀਆਂ 'ਤੇ ਚੰਗਾ ਪ੍ਰਭਾਵ ਪਾਉਂਦੇ ਆਏ ਹਨ। ਅੱਜ ਪੰਜਾਬੀ ਸਿਨੇਮਾ ਨਾਲ ਜੁੜੇ ਕੁਝ ਬਾਲ ਕਲਾਕਾਰ ਵੀ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾ ਰਹੇ ਹਨ...**

### ਚਿਰਾਗ਼ਦੀਪ ਗਿੱਲ

ਸੁਪਰਹਿੱਟ ਪੰਜਾਬੀ ਫ਼ਿਲਮ 'ਸਰਦਾਰ ਜੀ' ਨਾਲ ਪਾਲੀਵੁੱਡ 'ਚ ਕਦਮ ਰੱਖਣ ਵਾਲਾ ਚਿਰਾਗ਼ਦੀਪ ਗਿੱਲ ਅੱਜ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਚੰਡੀਗੜ੍ਹ ਨਿਵਾਸੀ ਚਿਰਾਗ਼ਦੀਪ ਨੂੰ ਕਲਾ ਦੀ ਗੁੜ੍ਹਤੀ ਵਿਰਾਸਤ 'ਚ ਮਿਲੀ। ਉਸ ਦਾ ਪਿਤਾ ਜਸਬੀਰ ਗਿੱਲ ਪਾਲੀਵੁੱਡ ਤੇ ਬਾਲੀਵੁੱਡ ਦਾ ਸੁਲਝਿਆ ਹੋਇਆ ਅਦਾਕਾਰ ਹੈ। ਚਿਰਾਗ਼ਦੀਪ ਹੁਣ ਤਕ 'ਬਿਊਕਟ', 'ਤੂਫ਼ਾਨ ਸਿੰਘ', 'ਗੋਲਕ ਬੁਗਨੀ ਬੈਂਕ ਤੇ ਬਟੂਆ', 'ਸੰਨ ਆਫ਼ ਮਨਜੀਤ ਸਿੰਘ' ਆਦਿ ਫ਼ਿਲਮਾਂ 'ਚ ਅਹਿਮ ਰੋਲ ਨਿਭਾ ਚੁੱਕਾ ਹੈ। ਉਹ ਹਿੰਦੀ ਫ਼ਿਲਮ 'ਦਿ ਸਲੇਮ ਸਟਾਰ' ਵਿਚ ਵੀ ਬਤੌਰ ਹੀਰੋ ਪਰਦੇ 'ਤੇ ਨਜ਼ਰ ਆਇਆ। ਚਰਚਿਤ ਫ਼ਿਲਮ 'ਬੋਧ' ਵਿਚ ਉਸ ਨੇ ਮਾਨਵ ਵਿਜ ਦੇ ਬਚਪਨ ਦਾ ਰੋਲ ਨਿਭਾਇਆ ਤੇ ਕਾਫ਼ੀ ਵਾਹ-ਵਾਹ ਖੱਟੀ। ਅੱਜ ਇਹ ਨਿੱਕਾ ਸਟਾਰ ਪਾਲੀਵੁੱਡ ਤੇ ਬਾਲੀਵੁੱਡ ਦੇ ਤਜ਼ਰਬੇਕਾਰ ਨਿਰਦੇਸ਼ਕਾਂ ਨਾਲ ਕੰਮ ਕਰਦਾ ਹੋਇਆ ਐਕਟਿੰਗ ਦੇ ਖੇਤਰ 'ਚ ਅਮਿੱਟ ਪੈੜਾਂ ਪਾ ਰਿਹਾ ਹੈ। ਜਲਦ ਹੀ ਉਹ ਗਾਇਕ ਤੇ ਅਦਾਕਾਰ ਗੁਰਨਾਮ ਭੁੱਲਰ ਦੀ ਫ਼ਿਲਮ 'ਵਲੈਤੀ ਯੰਤਰ' ਵਿਚ ਵੀ ਨਜ਼ਰ ਆਵੇਗਾ। ਅਦਾਕਾਰੀ ਤੋਂ ਇਲਾਵਾ ਉਸ ਨੂੰ ਗਿਟਾਰ ਵਜਾਉਣ 'ਚ ਵੀ ਚੰਗੀ ਮੁਹਾਰਤ ਹੈ। ਹੁਣ ਤਕ ਉਹ ਕਈ ਸੰਗੀਤਕ ਵੀਡੀਓਜ਼ 'ਚ ਆਪਣੇ ਹੁਨਰ ਦਾ ਲੋਹਾ ਮਨਵਾ ਚੁੱਕਾ ਹੈ।

### ਸਮੀਪ ਸਿੰਘ ਰਣੌਤ

ਜੂਨੀਅਰ ਵਰਲਡ ਕੱਪ ਜੇਤੂ ਹਾਕੀ ਟੀਮ ਦੇ ਕਪਤਾਨ ਹਰਜੀਤ ਸਿੰਘ ਤੁੱਲੀ ਦੇ ਸੰਘਰਸ਼ਮਈ ਜੀਵਨ 'ਤੇ ਬਣੀ ਪੰਜਾਬੀ ਫ਼ਿਲਮ 'ਹਰਜੀਤਾ' ਨੇ ਪਰਦੇ 'ਤੇ ਚੰਗੀ ਸਫਲਤਾ ਹਾਸਲ ਕੀਤੀ। ਇਸੇ ਫ਼ਿਲਮ 'ਚ ਹਰਜੀਤ ਸਿੰਘ ਦੇ ਬਚਪਨ ਦਾ ਕਿਰਦਾਰ ਨਿਭਾਉਣ ਵਾਲਾ ਸਮੀਪ ਸਿੰਘ ਰਣੌਤ ਹੁਣ ਵੱਡਾ ਸਟਾਰ ਬਣ ਕੇ ਦਰਸ਼ਕਾਂ ਸਾਹਮਣੇ ਆਇਆ ਹੈ। ਨਿਰਦੇਸ਼ਕ ਵਿਜੇ ਕੁਮਾਰ ਅਰੋੜਾ ਦੇ ਨਿਰਦੇਸ਼ਨ ਹੇਠ ਇਸ ਫ਼ਿਲਮ 'ਚ ਕੰਮ ਕਰਨ ਤੋਂ ਬਾਅਦ ਸਮੀਪ ਨੂੰ 'ਕਿਸਮਤ', 'ਓ ਅ', 'ਗੁੱਡੀਆਂ ਪਟੋਲੇ', 'ਰੱਬ ਦਾ ਰੇਡੀਓ-2' ਆਦਿ ਪੰਜਾਬੀ ਫ਼ਿਲਮਾਂ 'ਚ ਅਹਿਮ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ। ਵੈਸੇ ਸਮੀਪ ਦੀ ਅਦਾਕਾਰੀ ਸਫ਼ਰ 'ਚ ਸਭ ਤੋਂ ਵੱਡਾ ਯੋਗਦਾਨ ਫ਼ਿਲਮ 'ਹਰਜੀਤਾ' ਦਾ ਹੀ ਰਿਹਾ ਹੈ। ਜਲਦ ਹੀ ਉਹ 'ਜੱਦੀ ਸਰਦਾਰ' ਅਤੇ 'ਉੱਨੀ ਇੱਕੀ' ਪੰਜਾਬੀ ਫ਼ਿਲਮਾਂ 'ਚ ਦਮਦਾਰ ਭੂਮਿਕਾ ਨਿਭਾਉਂਦਾ ਨਜ਼ਰ ਆਵੇਗਾ। ਸਮੀਪ ਦੇ ਪਿਤਾ ਸੁਰਜੀਤ ਸਿੰਘ ਪੇਂਟਿੰਗ 'ਚ ਸਟੇਟ ਐਵਾਰਡ ਪ੍ਰਾਪਤ ਕਰ ਚੁੱਕੇ ਹਨ। ਵੈਸੇ, ਸੁਰਜੀਤ ਸਿੰਘ ਵੀ ਕਾਲਜ ਸਮੇਂ ਰੰਗਮੰਚ ਨਾਲ ਜੁੜੇ ਹੋਏ ਸਨ। ਪਿਤਾ ਦੀ ਹੱਲਾਸ਼ੇਰੀ ਸਦਕਾ ਹੀ ਸਮੀਪ ਸਿੰਘ ਅੱਜ ਫ਼ਿਲਮੀ ਪਰਦੇ 'ਤੇ ਚੰਗਾ ਨਾਂ ਕਮਾ ਰਿਹਾ ਹੈ। ਆਪਣੇ ਪੁੱਤ 'ਚ ਕਲਾ ਦੀ ਝਲਕ ਵੇਖ ਕੇ ਸੁਰਜੀਤ ਸਿੰਘ ਬੇਹੱਦ ਖ਼ੁਸ਼ੀ ਮਹਿਸੂਸ ਕਰਦੇ ਹਨ।

### ਦਿਲਨੂਰ ਕੌਰ (ਏਂਜਲ)

ਐਕਟਿੰਗ ਦੇ ਖੇਤਰ 'ਚ ਦਿਲਨੂਰ ਕੌਰ ਨੇ ਪੰਜਾਬੀ ਫ਼ਿਲਮ 'ਸਰਵਣ' ਨਾਲ ਸਫਲ ਆਗਾਜ਼ ਕੀਤਾ। ਇਸ ਤੋਂ ਬਾਅਦ ਉਹ 'ਸੂਬੇਦਾਰ ਜੋਗਿੰਦਰ ਸਿੰਘ', 'ਅਰਦਾਸ', 'ਦਾਣਾ-ਪਾਣੀ', 'ਕਾਲਾ ਸ਼ਾਹ ਕਾਲਾ', 'ਗੁੱਡੀਆਂ ਪਟੋਲੇ' ਆਦਿ ਪੰਜਾਬੀ ਫ਼ਿਲਮਾਂ 'ਚ ਵੀ ਅਦਾਕਾਰੀ ਦੇ ਰੰਗ ਬਿਖੇਰੇ। ਦਿਲਨੂਰ ਨੇ ਹਿੰਦੀ ਫ਼ਿਲਮ 'ਨਜ਼ਰਬੱਟੂ' ਅਤੇ ਬਾਲੀਵੁੱਡ ਨਿਰਦੇਸ਼ਕ ਸ਼ੈਲੀ ਚੋਪੜਾ ਧਰ ਦੀ ਫ਼ਿਲਮ 'ਏਕ ਲੜਕੀ ਕੋ ਦੇਖਾ ਤੋ ਐਸਾ ਲਗਾ' 'ਚ ਵੀ ਵਧੀਆ ਕੰਮ ਕੀਤਾ। ਪਾਲੀਵੁੱਡ-ਬਾਲੀਵੁੱਡ ਦੀ ਇਸ ਨੰਨ੍ਹੀ ਅਦਾਕਾਰਾ ਨੂੰ ਦਰਸ਼ਕਾਂ ਵੱਲੋਂ ਪਰਦੇ 'ਤੇ ਖ਼ੂਬ ਪਸੰਦ ਕੀਤਾ ਜਾਂਦਾ ਹੈ। ਇਹ ਦਿਲਨੂਰ ਦੀ ਅਦਾਕਾਰੀ ਦਾ ਹੀ ਜਾਦੂ ਹੈ ਕਿ ਉਸ ਨੂੰ ਬਾਲੀਵੁੱਡ ਦੇ ਨਾਮੀ ਸਿਤਾਰਿਆਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਉਸ ਦੀਆਂ ਅਗਲੀਆਂ ਫ਼ਿਲਮਾਂ ਜਿਵੇਂ 'ਦਾਸਵੇਂ' ਅਤੇ 'ਸਿੰਘਮ' ਆਦਿ ਵੀ ਰਿਲੀਜ਼ ਹੋਣ ਦੀ ਦਹਿਲੀਜ਼ 'ਤੇ ਹਨ। ਪੰਜਾਬੀ ਫ਼ਿਲਮ 'ਸਿੰਘਮ' ਨੂੰ ਬਾਲੀਵੁੱਡ ਸਟਾਰ ਅਜੈ ਦੇਵਗਨ ਤੇ ਟੀ-ਸੀਰੀਜ਼ ਪ੍ਰੋਡਕਸ਼ਨ ਹਾਊਸ ਨੇ ਮਿਲ ਕੇ ਬਣਾਇਆ ਹੈ। ਇਸ ਵਿਚ ਪਰਮੀਸ਼ ਵਰਮਾ ਮੁੱਖ ਭੂਮਿਕਾ 'ਚ ਨਜ਼ਰ ਆਵੇਗਾ। ਅੱਜ ਦਿਲਨੂਰ ਨਿੱਕੀ ਉਮਰੇ ਵੱਡੀ ਮੱਲਾਂ ਮਾਰਦੀ ਹੋਈ ਆਪਣੇ ਮਾਪਿਆਂ ਦਾ ਨਾਂ ਦੁਨੀਆ ਭਰ ਵਿਚ ਰੌਸ਼ਨ ਕਰ ਰਹੀ ਹੈ। ਉਸ ਨੇ ਕਈ ਪੰਜਾਬੀ ਗੀਤਾਂ ਦੇ ਫ਼ਿਲਮਾਂਕਣ ਵਿਚ ਵੀ ਵਧੀਆ ਕੰਮ ਕੀਤੇ ਹਨ। ਜ਼ਿਕਰਯੋਗ ਹੈ ਕਿ ਦਿਲਨੂਰ ਦੇ ਪਿਤਾ ਵਿਕਰਮ ਚੌਹਾਨ ਇਕ ਵਧੀਆ ਸਕ੍ਰਿਪਟ ਲੇਖਕ ਤੇ ਅਦਾਕਾਰ ਹਨ। ਉਸ ਦੀ ਮਾਤਾ ਖ਼ੁਸ਼ਵੰਤ ਕੌਰ ਵੀ ਉਸ ਨੂੰ ਅੱਗੇ ਵੱਧਣ ਲਈ ਪੂਰਾ ਸਹਿਯੋਗ ਦਿੰਦੀ ਹੈ। ●

99882-80386

---

# ਗੀਤਕਾਰੀ 'ਚ ਨਵੀਆਂ ਪੈੜਾਂ ਪਾ ਰਿਹੈ ਸੁਖਜੀਤ ਜਵਾਹਰਕੇ

ਬਿਕਰਮ ਸਿੰਘ ਵਿੱਕੀ

ਅਜੋਕੀ ਗੀਤਕਾਰੀ 'ਤੇ ਨਜ਼ਰ ਮਾਰੀਏ ਤਾਂ ਹੁਣ ਦੇ ਗੀਤਕਾਰ ਲਈ ਇਸ ਖੇਤਰ 'ਚ ਆਪਣਾ ਅਲੱਗ ਸਥਾਨ ਬਣਾਉਣਾ ਆਸਾਨ ਨਹੀਂ ਰਿਹਾ ਹੈ। ਇਸ ਦੇ ਬਾਵਜੂਦ ਜੋ ਗੀਤਕਾਰ ਆਪਣੀ ਮਿਹਨਤ ਤੇ ਹੁਨਰ 'ਤੇ ਯਕੀਨ ਰੱਖ ਦੇ ਨੇ, ਉਹ ਇਕ ਨਾ ਇਕ ਦਿਨ ਜ਼ਰੂਰ ਕਾਮਯਾਬ ਹੁੰਦੇ ਹਨ। ਅਜਿਹੇ ਗੀਤਕਾਰਾਂ ਵਿੱਚੋਂ ਹੀ ਇਕ ਹੈ ਮਾਨਸਾ ਜ਼ਿਲ੍ਹੇ ਦਾ ਜੰਮਪਲ ਸੁਖਜੀਤ ਸਿੰਘ ਸਿੱਧੂ। ਗੀਤਕਾਰੀ ਖੇਤਰ ਵਿਚ ਉਸ ਨੇ ਸੁਖਜੀਤ ਜਵਾਹਰਕੇ ਦੇ ਨਾਂ ਨਾਲ ਪਛਾਣ ਬਣਾਈ ਹੈ। ਸੁਖਜੀਤ ਦਾ ਜਨਮ ਪਿਤਾ ਤਰਸੇਮ ਸਿੰਘ ਸਿੱਧੂ ਤੇ ਮਾਤਾ ਕਰਮਜੀਤ ਕੌਰ ਦੇ ਘਰ ਪਿੰਡ ਜਵਾਹਰਕੇ ਵਿਚ ਹੋਇਆ। ਉਸ ਨੂੰ ਲਿਖਣ ਦਾ ਸ਼ੌਕ ਸਕੂਲ ਪੜ੍ਹਦਿਆਂ ਹੀ ਲੱਗ ਗਿਆ ਸੀ ਜੋ ਵਕਤ ਦੇ ਨਾਲ-ਨਾਲ ਜਨੂੰਨ ਬਣਦਾ ਗਿਆ। ਉਸ ਦਾ ਲਿਖਿਆ ਪਹਿਲਾ ਗੀਤ 'ਬਾਜ਼ਵਾ' ਗਾਇਕ ਸਿੰਘ ਬਲਰਾਜ ਦੀ ਆਵਾਜ਼ ਵਿਚ ਰਿਕਾਰਡ ਹੋਇਆ ਜਿਸ ਨੂੰ ਸਰੋਤਿਆਂ ਵੱਲੋਂ ਚੰਗਾ ਹੁੰਗਾਰਾ ਮਿਲਿਆ। ਇਸ ਗੀਤ ਦੀ ਸਫਲਤਾ ਤੋਂ ਬਾਅਦ ਸੁਖਜੀਤ ਦੇ ਹੌਸਲੇ ਹੋਰ ਬੁਲੰਦ ਹੋ ਗਏ। ਹੁਣ ਤਕ ਉਸ ਦੇ ਲਿਖੇ ਗੀਤਾਂ ਨੂੰ ਕਈ ਮਸ਼ਹੂਰ ਪੰਜਾਬੀ ਗਾਇਕ ਆਵਾਜ਼ ਦੇ ਚੁੱਕੇ ਹਨ। ਇਨ੍ਹਾਂ ਗਾਇਕਾਂ 'ਚ ਵੀਰ ਸੁਖਵੰਤ, ਗਾਇਕਾ ਜੈਨਤ ਕੌਰ, ਹੈਰੀ ਉੱਪਲ , ਅਮਨ ਵਰਮਾ, ਹੈਰੀ ਸਿੰਘ ਆਦਿ ਪ੍ਰਮੁੱਖ ਹਨ। ਸੁਖਜੀਤ ਨੇ ਦੱਸਿਆ ਕਿ ਜਲਦੀ ਹੀ ਗਾਇਕ ਜੱਗੀ ਧਾਲੀਵਾਲ ਤੇ ਗਾਇਕਾ ਦੀਪਕ ਢਿੱਲੋਂ ਦੀ ਆਵਾਜ਼ ਵਿਚ ਉਸ ਦਾ ਲਿਖਿਆ ਦੋਗਾਣਾ ਸਰੋਤਿਆਂ ਦੀ ਕਚਹਿਰੀ 'ਚ ਪੇਸ਼ ਹੋਵੇਗਾ। ਸੁਖਜੀਤ ਆਪਣੀ ਗੀਤਕਾਰੀ ਦੇ ਸਫ਼ਰ 'ਚ ਸਭ ਤੋਂ ਵੱਡਾ ਯੋਗਦਾਨ ਮਿਊਜ਼ਿਕ ਡਾਇਰੈਕਟਰ ਡੀਸੀ ਬੋਸ ਤੇ ਆਪਣੇ ਪਰਿਵਾਰ ਦਾ ਮੰਨਦਾ ਹੈ। ਸੁਖਜੀਤ ਨੂੰ ਉਮੀਦ ਹੈ ਕਿ ਜਿਸ ਤਰ੍ਹਾਂ ਸਰੋਤੇ ਉਸ ਦੇ ਹੁਣ ਤਕ ਲਿਖੇ ਗੀਤਾਂ ਨੂੰ ਭਰਵਾਂ ਹੁੰਗਾਰਾ ਦਿੰਦੇ ਰਹੇ ਹਨ। ਉਸੇ ਤਰ੍ਹਾਂ ਉਸ ਦੇ ਅੱਗੇ ਆਉਣ ਵਾਲੇ ਗੀਤਾਂ ਨੂੰ ਹਾਂ ਪੱਖੀ ਹੁੰਗਾਰਾ ਦਿੰਦੇ ਰਹਿਣਗੇ। ●

75082-42992

---

ਹਰਦਿਆਲ ਸਿੰਘ ਥੂਹੀ

# ਮਿਆਰੀ ਗਾਇਕੀ ਦਾ ਸਿਰਨਾਵਾਂ ਭਾਨ ਸਿੰਘ ਮਾਹੀ

**ਗਾਇਕ ਭਾਨ ਸਿੰਘ ਮਾਹੀ ਦਾ ਪਹਿਲਾ ਗੀਤ 'ਸ਼ਹਿਰ ਨੂੰ ਨਾ ਜਾਈਂ ਗੋਰੀਏ, ਪੈਰੀਂ ਪਾ ਕੇ ਸਲੀਪਰ ਕਾਲੇ' ਰਿਕਾਰਡ ਹੋਇਆ। ਇਸ ਗੀਤ ਵਾਲਾ ਤਵਾ ਓਦੋਂ ਪੰਜ ਦੀ ਥਾਂ ਪੰਦਰੀ ਰੁਪਏ ਤਕ ਬਲੈਕ 'ਚ ਵਿਕਿਆ ਸੀ...**



'ਰਾਤੀਂ ਜਾਗ ਹੋਸ਼ਆਂ ਦਾ ਕਿਸ ਲਾਇਆ, ਦੁੱਧ ਨੂੰ ਮਧਾਣੀ ਪੁੱਛਦੀ' ਗੀਤ ਦਾ ਗਾਇਕ ਭਾਨ ਸਿੰਘ ਮਾਹੀ ਪੰਜਾਬੀ ਲੋਕ ਗਾਇਕੀ ਦੇ ਇਤਿਹਾਸ ਦਾ ਸੁਨਹਿਰੀ ਪੰਨਾ ਹੈ। ਮਾਹੀ ਦੀ ਭਾਵੇਂ ਥੋੜ੍ਹੀ ਰਿਕਾਰਡਿੰਗ ਮਿਲਦੀ ਹੈ ਪ੍ਰੰਤੂ ਸਾਰੀ ਦੀ ਸਾਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨਾਲ ਓਤ-ਪੋਤ ਹੈ। ਵੀਹਵੀਂ ਸਦੀ ਦੇ ਸੱਤਵੇਂ ਤੇ ਅੱਠਵੇਂ ਦਹਾਕੇ ਵਿਚ ਉਹ ਇਸ ਖੇਤਰ ਵਿਚ ਪੂਰੀ ਤਰ੍ਹਾਂ ਸਰਗਰਮ ਰਿਹਾ ਹੈ।

### ਗਾਉਣ ਦੀ ਚੇਟਕ

ਭਾਨ ਸਿੰਘ ਦਾ ਜਨਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਭਲਾਣਾ ਵਿਖੇ ਪਿਤਾ ਕਰਤਾਰ ਸਿੰਘ ਤੇ ਮਾਤਾ ਬਸੰਤ ਕੌਰ ਦੇ ਘਰ ਪਹਿਲੀ ਜਨਵਰੀ 1940 ਨੂੰ ਹੋਇਆ। ਸੁਰਤ ਸੰਭਾਲਦਿਆਂ ਹੀ ਭਾਨ ਨੂੰ ਗਾਇਕੀ ਨਾਲ ਲਗਾਓ ਹੋ ਗਿਆ। ਕੁਦਰਤੀ ਆਵਾਜ਼ ਸੁਰੀਲੀ ਸੀ। ਉਸ ਨੂੰ ਗੁਰਦੁਆਰੇ ਕੀਰਤਨ ਸੁਣਨਾ ਚੰਗਾ ਲਗਦਾ। ਭਾਨ ਸਿੰਘ ਦੇ ਇਸ ਝੁਕਾਅ ਨੂੰ ਵੇਖ ਕੇ ਵੱਡੀ ਭਰਜਾਈ ਨੇ ਉਸ ਨੂੰ ਇਕ ਸ਼ਬਦ ਯਾਦ ਕਰਵਾ ਦਿੱਤਾ। ਜਦੋਂ ਉਸ ਨੇ ਗੁਰਦੁਆਰੇ ਇਹ ਸ਼ਬਦ ਗਾਇਆ ਤਾਂ ਸੰਗਤ ਤੋਂ ਬਹੁਤ ਪਿਆਰ ਮਿਲਿਆ। ਕਿਸੇ ਸੱਜਣ ਪਾਸੋਂ ਇਕ ਰੁਪਈਆ ਇਨਾਮ ਵੀ ਮਿਲਿਆ। ਸਕੂਲੀ ਪੜ੍ਹਾਈ ਸਮੇਂ ਬਾਲ ਸਭਾਵਾਂ ਵਿਚ ਗਾਉਣ ਕਾਰਨ ਉਸ ਦਾ ਸ਼ੌਕ ਹੋਰ ਵਧਦਾ ਗਿਆ। ਛੋਟੀ ਉਮਰੇ ਹੀ ਉਸ ਨੇ ਰਵਿੰਦਰੀ ਪਾਲ ਸਿੰਘ ਜੰਡਿਆਲਾ ਮੰਜਕੀ, ਜੋ ਤੂੰਬੇ ਨਾਲ ਗਾਉਂਦੇ ਸਨ, ਪਾਸੋਂ ਗਾਇਕੀ ਦੀ ਤਾਲੀਮ ਲੈਣੀ ਸ਼ੁਰੂ ਕੀਤੀ। ਭਾਨ ਸਿੰਘ ਆਪਣੇ ਉਸਤਾਦ ਨਾਲ ਘੁੰਗਰੂ ਵਜਾਉਂਦਾ ਤੇ ਗਾਉਂਦਾ। ਇਸ ਦੇ ਨਾਲ ਹੀ ਉਸ ਨੇ ਤੂੰਬੀ ਵਜਾਉਣੀ ਵੀ ਸਿੱਖ ਲਈ। ਉਸਤਾਦ ਨੇ ਭਾਨ ਸਿੰਘ ਨੂੰ ਬਹੁਤ ਸਾਰੀਆਂ ਲੋਕ-ਗਾਥਾਵਾਂ ਯਾਦ ਕਰਵਾਈਆਂ, ਜਿਨ੍ਹਾਂ ਵਿਚ ਹੀਰ-ਰਾਂਝਾ, ਮਿਰਜ਼ਾ, ਸੱਸੀ, ਸੋਹਣੀ, ਦੁਦੂ ਬਾਦਸ਼ਾਹ, ਦੁੱਲਾ ਭੱਟੀ ਆਦਿ ਸ਼ਾਮਲ ਸਨ। ਇਸ ਸਾਰੀਆਂ ਉਸ ਨੇ ਉਸਤਾਦ ਨਾਲ ਰੇਡੀਓ 'ਤੇ ਗਾਈਆਂ ਤੇ ਭਾਨ ਸਿੰਘ ਮਾਹੀ ਬਣ ਗਿਆ।

### ਗੀਤਾਂ ਦੀ ਰਿਕਾਰਡਿੰਗ

1955 ਵਿਚ ਦਸਵੀਂ ਪਾਸ ਕਰਨ ਤੋਂ ਬਾਅਦ ਭਾਨ ਸਿੰਘ ਨੇ ਉਸਤਾਦ ਪਾਲ ਸਿੰਘ ਦੀ ਛਤਰ ਛਾਇਆ ਹੇਠ ਪੰਜਾਬ ਤੋਂ ਬਾਹਰ ਦਿੱਲੀ, ਭੂਪਾਲ, ਕਾਸ਼ੀ, ਬਿਲਾਸਪੁਰ, ਭੁਵਨੇਸ਼ਵਰ, ਕਲਕੱਤਾ ਆਦਿ ਸ਼ਹਿਰਾਂ ਵਿਚ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। 1959-60 ਵਿਚ ਕਲਕੱਤੇ ਬੈਰਕਪੁਰ ਗੁਰਦੁਆਰਾ ਵਿਚ ਕੁਝ ਸਮਾਂ ਗ੍ਰੰਥੀ ਦੀ ਸੇਵਾ ਵੀ ਨਿਭਾਈ। ਏਥੇ ਉਹ ਆਪਣੇ ਆਪ ਨੂੰ ਬੰਨ੍ਹਿਆ-ਬੰਨ੍ਹਿਆ ਮਹਿਸੂਸ ਕਰਦਾ ਸੀ। ਉਸਤਾਦ ਉਸ ਦੀ ਮਨੋਦਸ਼ਾ ਨੂੰ ਸਮਝ ਗਿਆ ਤੇ ਉਸ ਨੂੰ ਗਾਇਕੀ ਵੱਲ ਪਰਤਣ ਲਈ ਕਿਹਾ। ਫਿਰ ਮਾਹੀ ਨੇ ਮੁੜ ਗਾਇਕੀ ਵੱਲ ਮੁਹਾਰਾਂ ਮੋੜ ਲਈਆਂ ਤੇ ਪੰਜਾਬ ਆ ਕੇ ਜਲੰਧਰ ਵਿਖੇ ਰਿਹਾਇਸ਼ ਕਰ ਲਈ। ਇਥੇ ਢੋਲਕ ਮਾਸਟਰ ਮੰਗਤ ਰਾਮ ਨੂੰ ਨਾਲ ਅਖਾੜੇ ਲਗਾਉਣੇ ਸ਼ੁਰੂ ਕੀਤੇ। 1960-61 ਵਿਚ ਮਾਹੀ ਨੇ ਜਲੰਧਰ ਰੇਡੀਓ ਤੋਂ ਗਾਉਣਾ ਸ਼ੁਰੂ ਕੀਤਾ।

ਇਸੇ ਸਮੇਂ ਦੌਰਾਨ ਹੀ ਭਾਨ ਸਿੰਘ ਮਾਹੀ ਦੀ ਐੱਚਐੱਮਵੀ ਕੰਪਨੀ ਵਿਚ ਰਿਕਾਰਡ ਹੋਇਆ। ਉਸ ਸਮੇਂ ਸੰਤ ਰਾਮ ਕੰਪਨੀ ਦਾ ਡਾਇਰੈਕਟਰ ਸੀ। ਮਾਹੀ ਦੀ ਆਵਾਜ਼ ਵਿਚ ਜੋ ਪਹਿਲਾ ਗੀਤ ਰਿਕਾਰਡ ਹੋਇਆ, ਉਹ ਸਮਰ ਕਰਤਾਰਪੁਰੀ ਦੀ ਰਚਨਾ ਸੀ। ਗੀਤ ਦੇ ਬੋਲ ਸਨ 'ਸ਼ਹਿਰ ਨੂੰ ਨਾ ਜਾਈਂ ਗੋਰੀਏ, ਪੈਰੀਂ ਪਾ ਕੇ ਸਲੀਪਰ ਕਾਲੇ'। ਇਹ ਤਵਾ ਹਰ ਸਪੀਕਰ ਵਾਲੇ ਦੀ ਪੰਦੀ ਦਾ ਸ਼ਿੰਗਾਰ ਬਣਿਆ। ਓਦੋਂ ਪੰਜ ਦੀ ਥਾਂ ਪੰਦਰੀ ਰੁਪਏ ਤਕ ਬਲੈਕ ਵਿਚ ਇਹ ਤਵਾ ਵਿਕਿਆ। ਇਸ ਤਵੇ ਨਾਲ ਮਾਹੀ ਦੀ ਆਵਾਜ਼ ਘਰ-ਘਰ ਪਹੁੰਚ ਗਈ।

### ਦੋਗਾਣਾ ਗਾਇਕੀ ਵੱਲ ਝੁਕਾਅ

ਪਹਿਲੇ ਰਿਕਾਰਡ ਤੋਂ ਬਾਅਦ ਭਾਨ ਸਿੰਘ ਮਾਹੀ ਦਾ ਮੇਲ ਉਸ ਸਮੇਂ ਦੇ ਪ੍ਰਸਿੱਧ ਕਲਾਕਾਰਾਂ ਨਾਲ ਹੋਣ ਲੱਗਾ ਜਿਨ੍ਹਾਂ 'ਚ ਆਸਾ ਸਿੰਘ ਮਸਤਾਨਾ, ਨਿਰਮਲ ਸਿੰਘ ਨਿਰਮਲ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਸੋਹਣੀ ਨਰੂਲਾ ਆਦਿ ਪ੍ਰਮੁੱਖ ਸਨ। ਓਦੋਂ ਬੰਬਈ ਵਸਦੇ ਪੰਜਾਬੀ ਫ਼ਿਲਮੀ ਕਲਾਕਾਰ ਸਮੇਂ-ਸਮੇਂ 'ਤੇ ਪ੍ਰੋਗਰਾਮ ਕਰਵਾ ਕੇ ਪੰਜਾਬੀ ਗਾਇਕਾਂ ਨੂੰ ਬੰਬਈ ਬੁਲਾਉਂਦੇ ਸਨ। ਇਕ ਵਾਰ ਦੂਜੇ ਕਲਾਕਾਰਾਂ ਦੇ ਨਾਲ ਮਾਹੀ ਨੂੰ ਵੀ ਸੱਦਿਆ ਗਿਆ। ਏਥੇ ਮਾਹੀ ਦੀ ਤੂੰਬੀ ਦੀ ਟੁਣਕਾਰ ਨੂੰ ਸੁਣ ਕੇ ਸੰਗੀਤਕਾਰ ਐੱਸ ਮਹਿੰਦਰ ਬਹੁਤ ਖ਼ੁਸ਼ ਹੋਏ। ਉਨ੍ਹਾਂ ਨੇ ਆਪਣੇ ਇਕ ਫ਼ਿਲਮੀ ਗਾਣੇ ਵਿਚ ਤੂੰਬੀ ਵਜਾਉਣ ਲਈ ਮਾਹੀ ਨੂੰ ਕਿਹਾ। ਦੂਸਰੇ ਦਿਨ ਫ਼ਿਲਮ 'ਚੰਬੇ ਦੀ ਕਲੀ' ਦਾ ਇਹ ਗੀਤ ਮੁਹੰਮਦ ਰਫ਼ੀ ਤੇ ਊਸ਼ਾ ਮੰਗੇਸ਼ਕਰ ਦੀਆਂ ਆਵਾਜ਼ਾਂ ਵਿਚ ਰਿਕਾਰਡ ਹੋਇਆ। ਗੀਤ ਦੇ ਬੋਲ ਸਨ 'ਚੁਣ ਚੁਣ ਤਾਰਿਆਂ ਨੂੰ'। ਇਸ ਵਿਚ ਮਾਹੀ ਨੇ ਤੂੰਬੀ ਵਜਾਈ। ਇਸ ਸਮੇਂ ਦੋਗਾਣਾ ਗਾਇਕੀ ਨੇ ਜ਼ੋਰ ਫੜ ਲਿਆ ਸੀ। ਕਈ ਦੋਗਾਣਾ ਜੋੜੀਆਂ ਗਾਇਕੀ ਦੇ ਖੇਤਰ ਵਿਚ ਪ੍ਰਵੇਸ਼ ਕਰ ਚੁੱਕੀਆਂ ਸਨ। ਮਾਹੀ ਨੇ ਵੀ ਪੰਜੂ ਅਖਾੜਿਆਂ ਵਿਚ ਦੋਗਾਣੇ ਗਾਉਣੇ ਸ਼ੁਰੂ ਕਰ ਦਿੱਤੇ। ਜਿਨ੍ਹਾਂ ਗਾਇਕਾਵਾਂ ਨਾਲ ਮਾਹੀ ਨੇ ਅਖਾੜਿਆਂ ਵਿਚ ਦੋਗਾਣੇ ਗਾਏ, ਉਨ੍ਹਾਂ ਵਿਚ ਸਵਰਨ ਲਤਾ, ਰਾਜਿੰਦਰ ਰਾਜਨ, ਚੰਦਰ ਕਾਂਤਾ ਕਪੂਰ ਆਦਿ ਸ਼ਾਮਲ ਸਨ।

### ਚਰਚਿਤ ਗੀਤ

ਭਾਨ ਸਿੰਘ ਮਾਹੀ ਵੱਲੋਂ ਰਿਕਾਰਡ ਕਰਵਾਏ ਗੀਤਾਂ 'ਚ ਮਸ਼ਹੂਰ ਰਹੇ ਗੀਤਾਂ 'ਚ 'ਰਾਤੀਂ ਜਾਗ ਹੋਸ਼ਆਂ ਦਾ ਕਿਸ ਲਾਇਆ, ਦੁੱਧ ਨੂੰ ਮਧਾਣੀ ਪੁੱਛਦੀ', 'ਤੇਰੀ ਦੀਦ ਬਾਝੋਂ ਅੱਖੀਆਂ ਤਿਹਾਈਆਂ ਰਾਂਝਣਾ', 'ਕਿੱਥੋਂ ਤੇ ਆਈ ਕਾਲੀ ਬਦਲੀ ਸੁਦਾਗਰ ਮੀਆਂ', 'ਤੇਰੇ ਕੰਨਾਂ ਨੂੰ ਸੋਹਣੇ ਬੁੰਦੇ ਨੀ ਹੱਥੀਂ ਲਾਈ ਅੱਜ ਮਹਿੰਦੀ', 'ਫੁੱਲ ਚਿੜੀਆਂ ਕੱਢੀ ਨਾਲ ਪਖੇ, ਧਾਅ ਮੁਕਲਾਵੇ ਦਾ', 'ਲਾਡੋ ਸੱਸ ਦੀ ਨਜ਼ਰ ਨਾ ਆਵੇ, ਮੱਸਿਆ ਸਵੇਰ ਦੀ ਵਰੀ', 'ਤਾਬੀਏ ਨੀ ਘੁੰਡ ਕੱਢ ਲੈ, ਵੈਰੀ ਰੂਪ ਦਾ ਸੁਦੀਂਦਾ ਜਗ ਨੀਂ', 'ਵੰਗ ਛਣਕੀ ਵੈਰਾਂ ਦੇ ਨਾਲ ਵੱਜ ਕੇ', 'ਨੀ ਰੁੱਤਾਂ ਨੂੰ ਵਲਾਵੇਂ ਮਾਰ ਲੈ', 'ਤੇਰੀ ਸਿਖਰਾਂ ਪੀਂਘ ਟੁੱਟ ਜਾਵੇ, ਨੀ ਨਿੰਮ ਨਾਲ ਝੂਟਦੀਏ' ਪ੍ਰਮੁੱਖ ਤੌਰ 'ਤੇ ਸ਼ਾਮਲ ਹਨ।

### ਵਿਦੇਸ਼ ਜਾ ਕੇ ਵੱਸਣਾ

ਉਨ੍ਹਾਂ ਸਮਿਆਂ ਦੇ ਪ੍ਰਸਿੱਧ ਕਵੀਆਂ ਤੇ ਗੀਤਕਾਰਾਂ ਦੀਆਂ ਮਹਿਫ਼ਲਾਂ ਵਿਚ ਵੀ ਭਾਨ ਸਿੰਘ ਦੀ ਆਉਣੀ-ਜਾਣੀ ਲੱਗੀ ਰਹਿੰਦੀ ਸੀ। ਇਨ੍ਹਾਂ ਮਹਿਫ਼ਲਾਂ ਵਿਚ ਗੁਰਦੇਵ ਸਿੰਘ ਮਾਨ, ਕਰਤਾਰ ਸਿੰਘ ਬਲੱਗਣ, ਗੁਰਦਿੱਤ ਸਿੰਘ ਕੁੰਦਨ, ਵਿਧਾਤਾ ਸਿੰਘ ਤੀਰ, ਬਰਕਤ ਰਾਮ, ਚਰਨ ਸਿੰਘ ਸਫ਼ਰੀ, ਨਰਾਇਣ ਸਿੰਘ ਦਰਦੀ ਆਦਿ ਸ਼ਾਇਰ ਸ਼ਾਮਲ ਹੁੰਦੇ ਸਨ। ਆਮ ਤੌਰ ਤੇ ਪ੍ਰੋਗਰਾਮ ਤੋਂ ਬਾਅਦ ਖਾਣ-ਪੀਣ ਦਾ ਦੌਰ ਵੀ ਚਲਦਾ। ਕਈ ਵਾਰ ਇਹ ਮਹਿਫ਼ਲਾਂ ਅੱਧੀ-ਅੱਧੀ ਰਾਤ ਤਕ ਚੱਲਦੀਆਂ ਰਹਿੰਦੀਆਂ। 1976-77 ਤਕ ਭਾਨ ਸਿੰਘ ਮਾਹੀ ਨੇ ਜੀਅ ਭਰ ਕੇ ਗਾਇਆ, ਅਖਾੜੇ ਲਾਏ, ਰਿਕਾਰਡਿੰਗ ਕਰਵਾਈ ਤੇ ਕਮਾਈ ਵੀ ਕੀਤੀ। 1977 ਵਿਚ ਉਸ ਦਾ ਦਾਣਾ-ਪਾਣੀ ਉਸ ਨੂੰ ਅਮਰੀਕਾ ਲੈ ਗਿਆ। ਉੱਥੇ ਉਸ ਨੂੰ ਸੈੱਟ ਹੋਣ ਲਈ ਕਈ ਪਾਪੜ ਵੇਲਣੇ ਪਏ ਤੇ ਆਖ਼ਰ ਸਰਕਾਰੀ ਨੌਕਰੀ ਕਰ ਕੇ ਸੇਵਾ ਮੁਕਤ ਹੋਇਆ। ਛੁੱਟੀ ਵਾਲੇ ਦਿਨ ਗੁਰੂ ਘਰਾਂ ਵਿਚ ਪ੍ਰੋਗਰਾਮ ਕਰਦਾ ਰਿਹਾ। ਇਸ ਤਰ੍ਹਾਂ ਮਾਹੀ ਦੀ ਗਾਇਕੀ ਦਾ ਸਿਲਸਿਲਾ ਲਗਾਤਾਰ ਜਾਰੀ ਹੈ।

ਭਾਨ ਸਿੰਘ ਮਾਹੀ ਨੇ ਜਿਥੇ ਪ੍ਰਸਿੱਧ ਸ਼ਾਇਰਾਂ ਦੀਪਕ ਜੈਤੋਈ, ਚਰਨ ਸਿੰਘ ਸਫ਼ਰੀ, ਰਾਮ ਸਰਨ ਜੋਸ਼ੀਲਾ ਦੇ ਬੋਲਾਂ ਨੂੰ ਆਵਾਜ਼ ਦਿੱਤੀਆਂ ਹਨ, ਉੱਥੇ ਹੀ ਆਮ ਲੋਕਾਂ ਲਈ ਅਣਜਾਣ ਗੀਤਕਾਰ ਓਮ ਪ੍ਰਕਾਸ਼ ਸਮਰ ਦੇ ਕਈ ਗੀਤ ਗਾਏ ਹਨ। ਮਾਹੀ ਦੇ ਗਾਏ ਗੀਤਾਂ ਦੇ ਵਿਸ਼ੇ ਭਾਵੇਂ ਵੱਖ-ਵੱਖ ਹਨ ਅਤੇ ਪੰਜਾਬੀ ਸੱਭਿਆਚਾਰ ਦੇ ਬਹੁਤ ਸਾਰੇ ਪੱਖਾਂ ਨਾਲ ਸਬੰਧਤ ਹਨ, ਪਰੰਤੂ ਇਨ੍ਹਾਂ ਵਿੱਚੋਂ ਬਹੁਤਿਆਂ ਦੀਆਂ ਤਰਜ਼ਾਂ ਅਤੇ ਗਾਉਣ ਦਾ ਅੰਦਾਜ਼ ਲਗਭਗ ਇਕੋ ਜਿਹਾ ਹੈ। ਹਾਂ, ਕੁਝ ਇਕ ਗੀਤਾਂ ਦੀਆਂ ਤਰਜ਼ਾਂ ਤੇ ਨਿਭਾਅ ਵੱਖਰਾ ਹੈ। ਦੀਪਕ ਜੈਤੋਈ ਦੇ ਲਿਖੇ ਤੇ ਭਾਨ ਸਿੰਘ ਦੇ ਗਾਏ ਗੀਤ 'ਵੇ ਸੌਦਾਗਰ ਮੀਆਂ ਛਮ ਛਮ ਮਾਂ ਗਿਆ ਏ ਮੀਂਹ' ਅਤੇ 'ਤੇਰੇ ਕੰਨਾਂ ਨੂੰ ਸੋਹਣੇ ਬੁੰਦੇ' ਲੋਕ ਗੀਤਾਂ ਦੇ ਹਾਣ ਦੇ ਹਨ। ਅੱਜ ਕੱਲ੍ਹ ਮਾਹੀ ਨਿਊਯਾਰਕ (ਅਮਰੀਕਾ) ਵਿਖੇ ਰਹਿ ਰਿਹਾ ਹੈ। ਕਦੇ ਕਦਾਈਂ ਏਧਰ ਵੀ ਗੇੜਾ ਮਾਰ ਜਾਂਦਾ ਹੈ। ●

84271-00341

## ਸੰਪਾਦਕੀ

## ਪਾਕਿਸਤਾਨ ਦੇ ਮੰਤਰੀਆਂ ਦੀ ਗੁਸਤਾਖ਼ ਬਿਆਨਬਾਜ਼ੀ

ਪਾਕਿਸਤਾਨ ਦੇ ਮੰਤਰੀਆਂ ਦੀ ਗੁਸਤਾਖ਼ੀ ਦੀ ਕੋਈ ਸੀਮਾ ਨਹੀਂ ਹੈ। ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਸਰਹੱਦ ਦੇ ਆਰ-ਪਾਰ ਵਧੇ ਤਣਾਅ ਵਿਚਾਲੇ ਇਨ੍ਹਾਂ ਵਿੱਚੋਂ ਦੋ ਮੰਤਰੀਆਂ ਨੇ ਪਰਮਾਣੂ ਟਕਰਾਅ ਦੀ ਗੱਲ ਛੇੜ ਕੇ ਲੋਕਾਂ ਨੂੰ ਡਰਾਉਣਾ ਸ਼ੁਰੂ ਕਰ ਦਿੱਤਾ ਹੈ। ਰੱਖਿਆ ਮੰਤਰੀ ਖ਼ਵਾਜਾ ਆਸਿਫ ਨੇ ਕਿਹਾ ਹੈ ਕਿ ਜੇ ਉਨ੍ਹਾਂ ਦੀ ਹੋਂਦ ਨੂੰ ਕੋਈ ਸਿੱਧਾ ਖ਼ਤਰਾ ਹੋਇਆ ਤਾਂ ਉਨ੍ਹਾਂ ਦਾ ਮੁਲਕ ਪਰਮਾਣੂ ਹਥਿਆਰ ਵਰਤੇਗਾ, ਜਦੋਂਕਿ ਰੇਲ ਮੰਤਰੀ ਹਨੀਫ਼ ਅੱਬਾਸੀ ਨੇ ਚਿਤਾਵਨੀ ਦਿੱਤੀ ਹੈ ਕਿ ਪਾਕਿਸਤਾਨ ਨੇ ਆਪਣਾ ਅਸਲਾਖਾਨਾ ਜਿਸ ਵਿੱਚ ਗ਼ੌਰੀ, ਸ਼ਾਹੀਨ ਤੇ ਗ਼ਜ਼ਨਵੀ ਮਿਜ਼ਾਈਲਾਂ ਅਤੇ ਨਾਲ ਹੀ 130 ਪਰਮਾਣੂ ਬੰਬ ਮੌਜੂਦ ਹਨ, ਸਿਰਫ਼ ਭਾਰਤ ਲਈ ਰੱਖਿਆ ਹੋਇਆ ਹੈ। ਅੱਬਾਸੀ ਨੇ ਦਾਅਵਾ ਕੀਤਾ ਹੈ ਕਿ ਪਰਮਾਣੂ ਹਥਿਆਰ ਖ਼ੁਫ਼ੀਆ ਥਾਵਾਂ ’ਤੇ ਰੱਖੇ ਹੋਏ ਹਨ ਅਤੇ ਭਾਰਤ ਜੇਕਰ ਪਾਕਿਸਤਾਨ ਨੂੰ ਪਾਣੀ ਬੰਦ ਕਰਨ ਵਰਗੇ ਤਬਾਹਕੁਨ ਕਦਮ ਚੁੱਕਦਾ ਹੈ ਤਾਂ ਇਨ੍ਹਾਂ ਨੂੰ ਵਰਤਿਆ ਜਾਵੇਗਾ। ਨਵੀਂ ਦਿੱਲੀ ਨੂੰ ਸਪੱਸ਼ਟ ਸੁਨੇਹਾ ਹੈ: ਪਿੱਛੇ ਹਟੋ ਜਾਂ ਫਿਰ ਨਤੀਜੇ ਭੁਗਤਣ ਲਈ ਤਿਆਰ ਰਹੋ। ਇਹ ਧਮਕੀ ਕੌਮਾਂਤਰੀ ਪੱਧਰ ’ਤੇ ਧਿਆਨ ਖਿੱਚਣ ਲਈ ਵੀ ਹੈ- ਪਰਮਾਣੂ ਹਥਿਆਰਾਂ ਦਾ ਰੌਲਾ ਪਾ ਕੇ ਉਮੀਦ ਕੀਤੀ ਜਾ ਰਹੀ ਹੈ ਕਿ ਕੋਈ ਇੱਕ ਜਾਂ ਹੋਰ ਮਹਾਂ ਸ਼ਕਤੀ ਭੜਕੇਗੀ ਅਤੇ ਭਾਰਤ ਨੂੰ ਜਵਾਬੀ ਕਾਰਵਾਈ ’ਚ ਢਿੱਲ ਵਰਤਣ ਲਈ ਮਨਾਏਗੀ।

ਸੈਨਿਕ ਸ਼ਕਤੀ ਦੇ ਮੁਜ਼ਾਹਰੇ ਦਾ ਇਹ ਖ਼ਤਰਾ ਉਦੋਂ ਉੱਭਰਿਆ ਹੈ ਜਦ ਮੰਨੇ-ਪ੍ਰਮੰਨੇ ਸਵੀਡਿਸ਼ ਥਿੰਕਟੈਂਕ ‘ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ’ ਨੇ ਸਾਲਾਨਾ ਰਿਪੋਰਟ ਜਾਰੀ ਕੀਤੀ ਹੈ। ਰਿਪੋਰਟ ਦੱਸਦੀ ਹੈ ਕਿ ਪਿਛਲੇ ਸਾਲ ਭਾਰਤ ਨੇ ਆਪਣੀ ਫ਼ੌਜੀ ਤਾਕਤ ’ਚ ਵਾਧਾ ਕਰਨ ਲਈ ਪਾਕਿਸਤਾਨ ਨਾਲੋਂ ਕਰੀਬ ਨੌਂ ਗੁਣਾ ਵੱਧ ਖਰਚ ਕੀਤਾ ਹੈ। ਇੱਕ ਹੋਰ ਅਹਿਮ ਚੀਜ਼ ਕਿ ਭਾਰਤ ਕੋਲ 172 ਪਰਮਾਣੂ ਬੰਬ ਹਨ, ਪਾਕਿਸਤਾਨ ਤੋਂ ਥੋੜ੍ਹੇ ਵੱਧ (170), ਜਦੋਂਕਿ ਦੋਵੇਂ ਦੇਸ਼ ਲਗਾਤਾਰ ਨਵੀਆਂ ਕਿਸਮਾਂ ਦੇ ਪਰਮਾਣੂ ਹਥਿਆਰ ਬਣਾ ਰਹੇ ਹਨ। ਆਦਰਸ਼ ਰੂਪ ’ਚ ਇਸ ਤਰ੍ਹਾਂ ਦਾ ਮੁਕਾਬਲਾ ਰੋਕਥਾਮ ਲਈ ਚੰਗਾ ਸਮਝਿਆ ਜਾਂਦਾ ਹੈ ਪਰ ਪਹਿਲਗਾਮ ਕਤਲੇਆਮ ਨੇ ਸਮੀਕਰਨ ਵਿਗਾੜ ਦਿੱਤੇ ਹਨ।

ਭਾਰਤ ਵੱਲੋਂ 2003 ’ਚ ਆਪਣੇ ਗਏ ਪਰਮਾਣੂ ਸਿਧਾਂਤ ਦੇ ਦੋ ਪ੍ਰਮੁੱਖ ਅੰਸ਼ ਹਨ: ਘੱਟੋ-ਘੱਟ ਭਰੋਸੇਯੋਗ ਰੋਕਥਾਮ ਲਈ ਹਥਿਆਰ ਬਣਾਉਣਾ ਤੇ ਸੰਭਾਲਣਾ; ਤੇ ‘ਪਹਿਲਾਂ ਵਰਤੋਂ ਨਾ ਕਰਨ’ ਦੀ ਨੀਤੀ ਜਿਸ ਦੇ ਤਹਿਤ ਪਰਮਾਣੂ ਹਥਿਆਰ ਸਿਰਫ਼ ਭਾਰਤੀ ਖੇਤਰ ਜਾਂ ਕਿਤੇ ਵੀ ਭਾਰਤੀ ਬਲਾਂ ਉੱਤੇ ਪਰਮਾਣੂ ਹਮਲੇ ਦੀ ਸੂਰਤ ਵਿੱਚ ਵਰਤੇ ਜਾਣਗੇ ਹਾਲਾਂਕਿ ਪਾਕਿਸਤਾਨ ਇਸ ਤਰ੍ਹਾਂ ਦੀ ਨੀਤੀ ਨੂੰ ਨਹੀਂ ਮੰਨਦਾ ਤੇ ਇਹੀ ਇਸ ਨੂੰ ਉਪ ਮਹਾਦੀਪ ਤੇ ਇਸ ਤੋਂ ਬਾਹਰ ਖ਼ਤਰਨਾਕ ਦੇਸ਼ ਬਣਾਉਂਦਾ ਹੈ। ਇਸ ਦੇ ਮੰਤਰੀਆਂ ਨੂੰ ਚੰਗੀ ਸਲਾਹ ਦੀ ਲੋੜ ਹੈ ਤਾਂ ਕਿ ਉਹ ਗ਼ੈਰ-ਜ਼ਿੰਮੇਵਾਰਾਨਾ ਬਿਆਨਬਾਜ਼ੀ ਤੋਂ ਟਲਣ ਜੋ ਦੋਵਾਂ ਮੁਲਕਾਂ ਨੂੰ ਬੇਹੱਦ ਭਿਆਨਕ ਪਰਮਾਣੂ ਟਕਰਾਅ ਦੇ ਕੰਢੇ ਲਿਆ ਕੇ ਖੜ੍ਹਾ ਕਰ ਸਕਦੀ ਹੈ।

## ਲਿਬਰਲ ਪਾਰਟੀ ਦੇ ਆਗੂ ਮਾਰਕ ਕਾਰਨੀ ਦੀ ਕਰਾਮਾਤ

ਲਿਬਰਲ ਪਾਰਟੀ ਦੇ ਨਵੇਂ ਆਗੂ ਮਾਰਕ ਕਾਰਨੀ ਨੇ ਕੈਨੇਡਾ ਦੀਆਂ ਆਮ ਚੋਣਾਂ ਵਿੱਚ ਜ਼ਬਰਦਸਤ ਜਿੱਤ ਦਰਜ ਕਰ ਕੇ ਦੇਸ਼ ਹੀ ਨਹੀਂ ਸਗੋਂ ਕੌਮਾਂਤਰੀ ਪਿੜ ਵਿੱਚ ਵੀ ਜ਼ੋਰਦਾਰ ਦਸਤਕ ਦਿੱਤੀ ਹੈ। ਲਿਬਰਲ ਪਾਰਟੀ ਨੂੰ 168 ਸੀਟਾਂ ਮਿਲੀਆਂ ਹਨ ਜੋ ਬਹੁਮਤ ਦੇ ਅੰਕੜੇ (172) ਤੋਂ ਚਾਰ ਸੀਟਾਂ ਹੀ ਘੱਟ ਹਨ। ਪਿਛਲੀ ਵਾਰ ਦੀਆਂ ਇਸ ਦੀਆਂ ਸੀਟਾਂ ਨਾਲੋਂ ਤਿੰਨ ਵੱਧ ਹਨ। 343 ਮੈਂਬਰੀ ਹਾਊਸ ਆਫ ਕਾਮਨਜ਼ ਵਿੱਚ ਮੁੱਖ ਵਿਰੋਧੀ ਕੰਜ਼ਰਵੇਟਿਵ ਪਾਰਟੀ ਨੂੰ 144 ਸੀਟਾਂ ਹਾਸਲ ਹੋਈਆਂ ਹਨ; ਇਸ ਦੇ ਆਗੂ ਪੋਲੀਵਰ ਪੀਅਰੇ ਆਪਣੀ ਸੀਟ ਹਾਰ ਗਏ ਹਨ। ਬਲਾਕ ਕਿਊਬੈੱਕ ਨੇ 23 ਅਤੇ ਐੱਨਡੀਪੀ ਨੇ 7 ਸੀਟਾਂ ਹਾਸਲ ਕੀਤੀਆਂ ਹਨ। ਇਕ ਸੀਟ ਉੱਤੇ ਗਰੀਨ ਪਾਰਟੀ ਦੀ ਜਿੱਤ ਹੋਈ ਹੈ।

ਇਸ ਸਾਲ ਦੇ ਸ਼ੁਰੂ ਵਿੱਚ ਜਦੋਂ ਜਸਟਿਨ ਟਰੂਡੋ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਸੀ ਤਾਂ ਉਦੋਂ ਹਰ ਕੋਈ ਕਿਆਸ ਲਾ ਰਿਹਾ ਸੀ ਕਿ ਕੁਝ ਮਹੀਨਿਆਂ ਬਾਅਦ ਹੋਣ ਵਾਲੀਆਂ ਆਮ ਚੋਣਾਂ ਵਿੱਚ ਪਾਰਟੀ ਦੀ ਕਿੰਨੀ ਕੁ ਦੁਰਗਤ ਹੋ ਸਕਦੀ ਹੈ ਪਰ ਟਰੂਡੋ ਦੀ ਥਾਂ ਪਾਰਟੀ ਅਤੇ ਦੇਸ਼ ਦੀ ਵਾਗਡੋਰ ਸੰਭਾਲਣ ਵਾਲੇ ਮਾਰਕ ਕਾਰਨੀ ਨੇ ਅਜਿਹਾ ਕ੍ਰਿਸ਼ਮਾ ਕਰ ਦਿਖਾਇਆ ਜਿਸ ਦੀ ਬਹੁਤੇ ਲੋਕਾਂ ਨੇ ਆਸ ਨਹੀਂ ਕੀਤੀ ਸੀ। ਕੈਨੇਡਾ ਦੀਆਂ ਚੋਣਾਂ ਵਿੱਚ ਦੋ ਪ੍ਰਮੁੱਖ ਮੁੱਦੇ ਸਨ- ਟਰੰਪ ਅਤੇ ਅਰਥਚਾਰਾ। ਦੂਜੀ ਵਾਰ ਰਾਸ਼ਟਰਪਤੀ ਬਣਨ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡਾ ਨੂੰ ਆਪਣਾ 51ਵਾਂ ਸੂਬਾ ਬਣਾਉਣ ਦੀਆਂ ਰੀਝਾਂ ਪਾਲ਼ੀਆਂ ਜਾ ਰਹੀਆਂ ਸਨ ਅਤੇ ਫਿਰ ਕੈਨੇਡਾ ’ਤੇ ਕਰੀਬ 60 ਅਰਬ ਕੈਨੇਡੀਅਨ ਡਾਲਰ ਦੇ ਟੈਰਿਫ ਲਗਾ ਦਿੱਤੇ ਸਨ ਜਿਸ ਕਰ ਕੇ ਕੈਨੇਡਾ ਦੇ ਲੋਕਾਂ ਵਿੱਚ ਟਰੰਪ ਪ੍ਰਤੀ ਤਿੱਖਾ ਰੋਹ ਪੈਦਾ ਹੋ ਗਿਆ ਸੀ।

ਜਨਵਰੀ ਮਹੀਨੇ ਲਿਬਰਲ ਪਾਰਟੀ ਦੀ ਲੋਕਪ੍ਰਿਅਤਾ 20 ਫ਼ੀਸਦੀ ਤੱਕ ਡਿੱਗ ਪਈ ਸੀ ਅਤੇ ਹੁਣ ਚੋਣਾਂ ਵਿੱਚ ਇਸ ਨੇ 43.5 ਫ਼ੀਸਦੀ ਵੋਟਾਂ ਹਾਸਿਲ ਕੀਤੀਆਂ ਹਨ। ਟਰੂਡੋ ਦੀ ਥਾਂ ਕਾਰਨੀ ਵੱਲੋਂ ਵਾਗਡੋਰ ਸੰਭਾਲਣ ਤੋਂ ਕੁਝ ਹਫ਼ਤਿਆਂ ਵਿੱਚ ਹੀ ਇਹ ਕ੍ਰਿਸ਼ਮਾ ਕਰ ਕੇ ਦਿਖਾ ਦਿੱਤਾ ਹੈ। ਕੈਨੇਡਾ ਦਾ ਅਰਥਚਾਰਾ ਦਿੱਕਤਾਂ ਵਿੱਚ ਘਿਰਿਆ ਹੋਇਆ ਹੈ। ਮਾਰਕ ਕਾਰਨੀ ਬੈਂਕ ਆਫ ਇੰਗਲੈਂਡ ਅਤੇ ਬੈਂਕ ਆਫ ਕੈਨੇਡਾ ਦੇ ਗਵਰਨਰ ਰਹਿ ਚੁੱਕੇ ਹਨ ਜਿਸ ਕਰ ਕੇ ਲੋਕਾਂ ਨੂੰ ਉਮੀਦ ਹੈ ਕਿ ਉਹ ਦੇਸ਼ ਦੇ ਅਰਥਚਾਰੇ ਨੂੰ ਸੰਕਟ ’ਚੋਂ ਕੱਢਣ ਲਈ ਸਭ ਤੋਂ ਢੁੱਕਵੀਂ ਚੋਣ ਹਨ। ਇਸ ਸਾਲ ਜੀ7 ਦੀ ਪ੍ਰਧਾਨਗੀ ਕੈਨੇਡਾ ਕੋਲ ਆ ਰਹੀ ਹੈ ਅਤੇ ਅਗਲੇ ਮਹੀਨੇ ਅਲਬਰਟਾ ਵਿੱਚ ਹੋਣ ਵਾਲੇ ਸਿਖ਼ਰ ਸੰਮੇਲਨ ਵਿੱਚ ਉਹ ਟਰੰਪ ਨੂੰ ਮਿਲ ਸਕਦੇ ਹਨ।

ਟਰੂਡੋ ਸਰਕਾਰ ਵੇਲੇ ਭਾਰਤ ਨਾਲ ਵੀ ਕੈਨੇਡਾ ਦੇ ਸਬੰਧਾਂ ਵਿੱਚ ਤਣਾਅ ਆ ਗਿਆ ਸੀ ਅਤੇ ਕਾਰਨੀ ਕੋਲ ਦੁਵੱਲੇ ਸਬੰਧਾਂ ਨੂੰ ਮੁੜ ਲੀਹ ’ਤੇ ਲਿਆਉਣ ਦਾ ਮੌਕਾ ਹੋਵੇਗਾ। ਉਨ੍ਹਾਂ ਚੋਣਾਂ ਵਿੱਚ ਮਜ਼ਬੂਤ ਕੈਨੇਡਾ ਤੇ ਆਜ਼ਾਦ ਕੈਨੇਡਾ ਦੇ ਨਾਅਰੇ ’ਤੇ ਜ਼ੋਰ ਦਿੱਤਾ ਸੀ ਜੋ ਉਨ੍ਹਾਂ ਦੇ ਘਰੋਗੀ ਸਥਿਰਤਾ ਅਤੇ ਕੌਮਾਂਤਰੀ ਸਬੰਧਾਂ ਦੀ ਬਹਾਲੀ ਦੀ ਖਾਹਿਸ਼ ਨੂੰ ਦਰਸਾਉਂਦਾ ਹੈ।

ਕੈਨੇਡਾ ਵਿੱਚ ਲੱਖਾਂ ਭਾਰਤੀ ਵਿਦਿਆਰਥੀ ਅਤੇ ਹੋਰ ਲੋਕ ਰਹਿ ਰਹੇ ਹਨ ਅਤੇ ਹਾਲੀਆ ਸਾਲਾਂ ਵਿੱਚ ਉਨ੍ਹਾਂ ਅੰਦਰ ਵੀਜ਼ੇ ਅਤੇ ਕੰਮ ਨੂੰ ਲੈ ਕੇ ਬੇਯਕੀਨੀ ਵਧੀ ਹੈ। ਬਿਨਾਂ ਸ਼ੱਕ, ਕਾਰਨੀ ਦਾ ਮੁੱਖ ਜ਼ੋਰ ਕੈਨੇਡਾ ਦੇ ਅਰਥਚਾਰੇ ਨੂੰ ਹੁਲਾਰਾ ਦੇਣ ’ਤੇ ਕੇਂਦਰਿਤ ਰਹੇਗਾ ਪਰ ਇਸ ਦੇ ਨਾਲ ਹੀ ਉਹ ਕੌਮਾਂਤਰੀ ਸਬੰਧਾਂ ਵਿੱਚ ਵੀ ਅਸਰਦਾਰ ਭੂਮਿਕਾ ਨਿਭਾਉਣ ਦੇ ਇੱਛਕ ਜਾਪ ਰਹੇ ਹਨ।

## ਥਾਣਾ ਸਿਟੀ ਤੋਂ ਮਹਿਜ਼ 100 ਮੀਟਰ ਦੀ ਦੂਰੀ ’ਤੇ ਸੜਕ ’ਤੇ ਤਸਕਰ ਸ਼ਰੇਆਮ ਨਸ਼ਾ ਵੇਚ ਰਹੇ ਹਨ

**ਬਰਨਾਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਰਨਾਲਾ ਵਿੱਚ ਸਰਕਾਰ ਦੇ ਆਦੇਸ਼ਾਂ ਮੁਤਾਬਿਕ ਭਾਵੇਂ ਨਸ਼ੇ ਵਿਰੋਧੀ ਮੁਹਿਮ ਚੱਲ ਰਹੀ ਹੈ ਪਰ ਕਿਤੇ ਨਾ ਕਿਤੇ ਗਲਤੀ ਤਾ ਕਿਸੇ ਕੋਲੋ ਹੋ ਰਹੀ ਐ ਕਿ ਨਸ਼ਾ ਆ ਕਿਥੋ ਰਿਹਾ ਤੇ ਵਿਕ ਕਿਵੇਂ ਰਿਹਾ ਕਿ ਇਹਨਾਂ ਨਸ਼ੀਲੀਆਂ ਗੋਲੀਆਂ ਕੈਪਸੂਲ ਭੁੱਕੀ ਹੈਰੋਇਨ ਅਫੀਮ ਆਦਿ ਵੇਚਣ ਵਾਲਿਆਂ ਨੂੰ ਕੋਈ ਭਰ ਨਹੀਂ ਜਾਂ ਕੋਈ ਹੈ ਜੋ ਇਹਨਾਂ ਨੂੰ ਬਚਾਉਣ ਲਈ ਸਾਥ ਹੈ ਮਿਲਿ ਜਾਣਕਾਰੀ ਅਨੁਸਾਰ ਥਾਣਾ ਸਿਟੀ ਤੋਂ ਮਹਿਜ਼ 150 ਮੀਟਰ ਦੀ ਦੂਰੀ ’ਤੇ ਸਿਵਲ ਹਸਪਤਾਲ ਦੇ ਐਮਰਜੈਂਸੀ ਗੇਟ ਦੇ ਬਾਹਰ ਖੁੱਲ੍ਹੇਆਮ ਨਸ਼ੇ ਵਿਕ ਰਹੇ ਹਨ। ਤਸਕਰ ਸਵੇਰ ਤੋਂ ਸ਼ਾਮ ਤੱਕ ਗਰੁੱਪਾਂ ਵਿੱਚ ਖੜ੍ਹੇ ਰਹਿੰਦੇ ਹਨ ਅਤੇ ਆਪਣੇ ਗਾਹਕਾਂ ਨਾਲ ਸੜਕ ’ਤੇ ਹੀ ਡੀਲ ਕਰਦੇ ਹਨ। ਉਹ ਬਾਹਰੋਂ ਪੈਸੇ ਦਿੰਦੇ ਹਨ ਅਤੇ ਮੌਕੇ ’ਤੇ ਹੀ ਨਸ਼ਾ ਵੇਚਦੇ ਹਨ। ਆਸ-ਪਾਸ ਦੇ ਦੁਕਾਨਦਾਰਾਂ ਅਤੇ ਲੰਘਣ ਵਾਲੇ ਲੋਕਾਂ ਵਿੱਚ ਰੋਸ ਹੈ ਪਰ ਨਸ਼ਾ ਤਸਕਰਾਂ ਦੇ ਡਰ ਕਾਰਨ ਉਹ ਕੁਝ ਵੀ ਕਹਿਣ ਦੀ ਹਿੰਮਤ ਨਹੀਂ ਜੁਟਾ ਪਾ ਰਹੇ। ਇਹ ਨਜ਼ਾਰਾ ਅਕਸਰ ਸਿਵਲ ਹਸਪਤਾਲ ਦੇ ਗੇਟ ਦੇ ਬਾਹਰ ਦੇਖਣ ਨੂੰ ਮਿਲਦਾ ਹੈ ਲੋਕਾਂ ਦਾ ਕਹਿਣਾ ਹੈ ਕਿ ਕੋਣ ਨੇ ਇਹ ਨਸ਼ੇ ਦੇ ਸਮਗਲਰ ਜਿਥੇ ਪ੍ਰਸਾਸਨ ਸਾਰਾ ਜੋਰ ਲਗਾ ਰਿਹਾ ਹੈ ਨਸ਼ਾ ਮੁਕਤ ਪੰਜਾਬ ਕਰਨ ਲਈ ਉਥੇਦੂਜੇ ਪਾਸੇ ਇਹਨਾਂ ਗਰੁੱਪਾ ਨੂੰ ਦੇਖਕੇ ਲਗਦਾ ਜਿਵੇ ਪ੍ਰਸ਼ਾਸਨ ਇਸ ਮਾਮਲੇ ਵਿੱਚ ਉਦਾਸੀਨ ਨਜ਼ਰ ਆ ਰਿਹਾ ਹੈ। ਦੱਸ ਦੇਈਏ ਕਿ ਸਿਵਲ ਹਸਪਤਾਲ ਦੇ ਅੰਦਰ ਨਸ਼ਾ ਛੁਡਾਊ ਕੇਂਦਰ ਬਣਾਇਆ ਗਿਆ ਹੈ। ਨਸ਼ੇੜੀ ਨੌਜਵਾਨ ਇਸ ਥਾਂ ’ਤੇ ਆਉਂਦੇ ਰਹਿੰਦੇ ਹਨ। ਨਸ਼ਾ ਛੁਡਾਊ ਕੇਂਦਰ ਸਰਕਾਰ ਵੱਲੋਂ ਨਸ਼ੇ ਦੇ ਆਦੀ ਲੋਕਾਂ ਲਈ ਮੁਫਤ ਦਿੱਤੀਆਂ ਜਾਣ ਵਾਲੀਆਂ ਗੋਲੀਆਂ ਲਿਆ ਕੇ ਬਾਹਰ ਨਸ਼ੇੜੀਆਂ ਨੂੰ ਵੇਚਦੇ ਹਨ।

ਇਸ ਵਾਰੇ ਆਸ-ਪਾਸ ਦੇ ਕੁਝ ਦੁਕਾਨਦਾਰਾਂ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ ’ਤੇ ਦੱਸਿਆ ਕਿ ਜੇਕਰ ਉਹ ਅਜਿਹੇ ਲੋਕਾਂ ਨੂੰ ਕੁਝ ਵੀ ਕਹਿੰਦੇ ਹਨ ਤਾਂ ਉਨ੍ਹਾਂ ਨਾਲ ਤਕਰਾਰ ਹੋ ਜਾਂਦੀ ਹੈ। ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਨਸ਼ਾ ਤਸਕਰ ਗਰੁੱਪਾਂ ਵਿੱਚ ਇੱਥੇ ਖੜ੍ਹੇ ਰਹਿੰਦੇ ਹਨ। ਕੋਈ ਉਨ੍ਹਾਂ ਨੂੰ ਕੁਝ ਕਹਿਣ ਦੀ ਹਿੰਮਤ ਨਹੀਂ ਕਰਦਾ। ਜਿਕਰਯੋਗ ਹੈ ਕਿ ਇੱਥੇ ਪੁਲਿਸ ਨਾਕਾ ਵਿ ਲਗਿਆ ਰਹਿੰਦਾ ਹੈ । ਉਹਨਾ ਨੇ ਦਸਿਆ ਕਿ ਕਈ ਵਾਰ ਪੁਲਿਸ ਨੂੰ ਵੀ ਸੂਚਿਤ ਕੀਤਾ ਗਿਆ। ਪਰ ਜਦੋਂ ਪੁਲਿਸ ਆਉਂਦੀ ਹੈ ਤਾਂ ਇਹ ਤਸਕਰ ਇਧਰ-ਉਧਰ ਹੋ ਜਾਂਦੇ ਹਨ। ਪੁਲਿਸ ਦੇ ਜਾਣ ਤੋਂ ਬਾਅਦ ਫਿਰ ਸਥਿਤੀ ਉਹੀ ਹੋ ਜਾਂਦੀ ਹੈ। ਇਸ ਨਾਲ ਸਾਡੇ ਕਾਰੋਬਾਰ ਵੀ ਪ੍ਰਭਾਵਿਤ ਹੋ ਰਹੇ ਹਨ।

ਇਸ ਸਬੰਧੀ ਸਿਵਲ ਹਸਪਤਾਲ ਦੇ ਐਸਐਮਓ ਡਾ: ਜੋਤੀ ਕੌਸ਼ਲ ਨੇ ਦੱਸਿਆ ਕਿ ਇਸ ਸਬੰਧੀ ਪੁਲੀਸ ਨੂੰ ਕਈ ਵਾਰ ਸੂਚਿਤ ਕੀਤਾ ਜਾ ਚੁੱਕਾ ਹੈ ਪਰ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ। ਪੁਲੀਸ ਕਈ ਵਾਰ ਕਾਰਵਾਈ ਕਰ ਚੁੱਕੀ ਹੈ ਪਰ ਕੋਈ ਪੱਕਾ ਹੱਲ ਨਹੀਂ ਨਿਕਲਿਆ। ਹਰ ਰੋਜ਼ ਨਸ਼ੇੜੀ ਹਸਪਤਾਲ ਵਿੱਚ ਵੀ ਹੰਗਾਮਾ ਮਚਾ ਦਿੰਦੇ ਹਨ। ਇਸ ਸਬੰਧੀ ਉਹ ਪੁਲਿਸ ਨੂੰ ਸੂਚਿਤ ਕਰਨਗੇ ਤਾਂ ਜੋ ਅਜਿਹੇ ਲੋਕਾਂ ’ਤੇ ਸ਼ਿਕੰਜਾ ਕੱਸਿਆ ਜਾ ਸਕੇ।

ਐਸਐਸਪੀ ਸਰਫਰਾਜ਼ ਆਲਮ ਨੇ ਕਿਹਾ ਕਿ ਜੇਲ੍ਹ ਵਿੱਚ ਅਜਿਹੇ ਲੋਕਾਂ ਲਈ ਥਾਂ ਹੈ। ਪੁਲਿਸ ਅਜਿਹੇ ਲੋਕਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ੇਗੀ ਨਹੀਂ। ਲੋਕਾਂ ਨੂੰ ਡਰ ਕੇ ਰਹਿਣ ਦੀ ਲੋੜ ਨਹੀਂ ਹੈ। ਬਿਨਾਂ ਕਿਸੇ ਡਰ ਦੇ ਸਾਨੂੰ ਜਾਣਕਾਰੀ ਦਿਓ। ਅਜਿਹੇ ਲੋਕਾਂ ਖਿਲਾਫ ਤੁਰੰਤ ਪ੍ਰਭਾਵ ਨਾਲ ਕਾਰਵਾਈ ਕੀਤੀ ਜਾਵੇਗੀ।

## ਪ੍ਰੈਸ ਕਲੱਬ ਬਠਿੰਡਾ ਦਿਹਾਤੀ ਦੀ ਮਹੀਨੇਵਾਰ ਹੋਈ ਮੀਟਿੰਗ ਦੌਰਾਨ ਨਸ਼ਿਆ ਵਿਰੁੱਧ ਗਤੀਵਿਧੀਆਂ ਕਰਨ ਦਾ ਪਾਇਆ ਗਿਆ ਮਤਾ



**ਬਠਿੰਡਾ 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੱਤਰਕਾਰਾਂ ਅਤੇ ਆਮ ਲੋਕਾਂ ਦੀ ਆਵਾਜ਼ ਬਣ ਕੇ ਖੜਨ ਵਾਲ਼ਾ ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਹੁਣ ਸਮਾਜ ਨੂੰ ਕੋਹੜ ਬਣ ਚਿੰਬੜੇ ਨਸ਼ਿਆ ਖ਼ਿਲਾਫ਼ ਵੀ ਖੁੱਲ੍ਹ ਕੇ ਡਟਣ ਦੀ ਰੂਪ ਰੇਖਾ ਤਿਆਰ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਦਾ ਗਠਨ ਹੋਇਆਂ ਭਾਵੇਂ ਅਜੇ ਬੜਾ ਹੀ ਘੱਟ ਸਮਾਂ ਹੋਇਆ ਹੈ ਪਰ ਆਪਣੀ ਹੋਂਦ ਦੇ ਇਸ ਥੋੜੇ ਸਮੇਂ ਦੌਰਾਨ ਹੀ ਪ੍ਰੈਸ ਕਲੱਬ ਬਠਿੰਡਾ ਦਿਹਾਤੀ ਨੇ ਸਮਾਜ ਸੇਵਾ ਜਿਵੇਂ ਕਿ ਪੌਦਾ ਰੋਪਣ ਕਰਨਾ ਅੱਖਾਂ ਅਤੇ ਹੋਰ ਮੈਡੀਕਲ ਸਬੰਧੀ ਕੈਂਪ ਲਾਉਣਾ ਆਦਿ ਕੰਮਾਂ ਵਿੱਚ ਕਾਫੀ ਚੰਗਾ ਨਾਮਣਾ ਖੱਟਿਆ ਹੈ । ਇਸੇ ਲੜੀ ਅਤੇ ਗਤੀ ਨੂੰ ਅੱਗੇ ਤੋਰਦਿਆਂ ਬੀਤੇ ਦਿਨੀ ਪ੍ਰੈਸ ਕਲੱਬ ਬਠਿੰਡਾ ਦਿਹਾਤੀ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਗੁਰਜੀਤ ਚੌਹਾਨ ਦੀ ਅਗਵਾਈ ਹੇਠ ਇੱਥੇ ਸਥਿਤ ਟੀਚਰਜ਼ ਹੋਮ ਵਿਖੇ ਹੋਈ,ਜਿਸ ਵਿੱਚ ਕਲੱਬ ਦੇ ਬਹੁਗਿਣਤੀ ਅਹੁਦੇਦਾਰਾਂ ਅਤੇ ਮੈਂਬਰਾਂ ਸਮੇਤ ਕਲੱਬ ਦੇ ਸਰਪ੍ਰਸਤ ਜਸਕਰਨ ਸਿੰਘ ਸਿਵੀਆਂ ਵਿਸ਼ੇਸ ਤੌਰ ਤੇ ਪਹੁੰਚੇ।

ਵੱਡੇ ਨਗਰਾਂ ਤੋਂ ਚੱਲਿਆ ਚਿੱਟਾ ਅਤੇ ਹੋਰ ਕਈ ਤਰ੍ਹਾਂ ਦੇ ਭਿਆਨਕ ਨਸ਼ੇ ਹੁਣ ਪਿੰਡ ਪਿੰਡ ਪੁੱਜ ਚੁੱਕੇ ਹਨ । ਇਸ ਗੰਭੀਰ ਮੁੱਦੇ ਪ੍ਰਤੀ ਚਿੰਤਾ ਵਿਅਕਤ ਕਰਦੇ ਹੋਏ ਇਸ ਮੌਕੇ ਮਤਾ ਪਾਸ ਕੀਤਾ ਗਿਆ ਕਿ ਮਿਤੀ 10 ਮਈ ਨੂੰ ਪਿੰਡ ਜੋਧਪੁਰ ਰੋਮਾਣਾ ਵਿਖੇ ਪ੍ਰੈਸ ਕਲੱਬ ਵੱਲੋਂ ਗੁਰਮਤਿ ਪ੍ਰਚੰਡ ਲਹਿਰ ਦੇ ਸਹਿਯੋਗ ਨਾਲ ਨਸ਼ਿਆਂ ਸਬੰਧੀ ਗੁਰਮਤਿ ਸਮਾਗਮ ਕਰਵਾਇਆ ਜਾਵੇ ,ਜਿਸ ਵਿੱਚ ਮੁੱਖ ਬੁਲਾਰੇ ਭਾਈ ਜਸਕਰਨ ਸਿੰਘ ਸਿਵੀਆਂ ਹੋਣਗੇ। ਸਮਾਗਮ ਤੋਂ ਬਾਅਦ ਪਿੰਡ ਦੇ ਲੋੜਵੰਦ ਲੋਕਾਂ ਦੇ ਲਈ ਅੱਖਾਂ ਦਾ ਮੁਫਤ ਜਾਂਚ ਕੈਂਪ ਵੀ ਲਗਾਇਆ ਜਾਵੇਗਾ। ਇਸ ਮਤੇ ਤੇ ਸਮੂਹ ਅਹੁਦੇਦਾਰਾਂ ਅਤੇ ਮੈਂਬਰ ਸਹਿਬਾਨ ਨੇ ਆਪਣੀ ਸਹਿਮਤੀ ਪ੍ਰਗਟ ਕੀਤੀ। ਦੱਸ ਦੇਈਏ ਕਿ ਪਿੰਡ ਜੋਧਪੁਰ ਰੋਮਾਣਾ ਦੇ ਸਰਪੰਚ ਸੁਖਜਿੰਦਰ ਸਿੰਘ ਰੋਮਾਣਾ ਤੇ ਸਮੂਹ ਪੰਚਾਇਤ ਵੱਲੋਂ ਇਸ ਕਾਰਜ ਵਿੱਚ ਸਹਿਯੋਗ ਦਿੱਤਾ ਜਾਵੇਗਾ। ਇਸ ਮੀਟਿੰਗ ਮੌਕੇ ਉੱਘੇ ਸਾਹਿਤਕਾਰ ਤੇ ਲੇਖਕ ਲਾਭ ਸਿੰਘ ਸੰਧੂ ਦੇ ਅਕਾਲ ਚਲਾਣੇ ਨੂੰ ਮੁੱਖ ਰੱਖਦੇ ਹੋਏ ਸੋ ਮਤਾ ਲਿਆਂਦਾ ਗਿਆ ਤੇ ਕਲੱਬ ਦੇ ਅਹੁਦੇਦਾਰਾਂ ਨੇ 2 ਮਿੰਟ ਦਾ ਮੌਨ ਰੱਖ ਕੇ ਲਾਭ ਸਿੰਘ ਸੰਧੂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ।

ਇਸ ਮੌਕੇ ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਚਹਿਲ ਸਲਾਹਕਾਰ ਰਾਜ ਕੁਮਾਰ, ਜਨਰਲ ਸਕੱਤਰ ਸੁਰਿੰਦਰਪਾਲ ਸਿੰਘ ਬੱਲੂਆਣਾ, ਸੱਤਪਾਲ ਮਾਨ,ਜਸਵੀਰ ਸਿੰਘ,ਨਸੀਬ ਚੰਦ,ਪ੍ਰੈਸ ਸਕੱਤਰ ਗੁਰਸੇਵਕ ਸਿੰਘ ਚੁੱਘੇ ਖੁਰਦ, ਗੁਰਪ੍ਰੀਤ ਸਿੰਘ ਗੋਗੀ ਆਦਿ ਹਾਜ਼ਰ ਹੋਏ।

## ਜ਼ਿਆਦਾ ਤਰ ਸੜਕੀ ਹਾਦਸੇ ਸ਼ਰਾਬ ਪੀ ਕੇ ਵਾਪਰਦੇ ਹਨ : ਅੱਛਰੂ ਰਾਮ ਸ਼ਰਮਾ



**ਪਟਿਆਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਟੀ 2 ਟ੍ਰੈਫਿਕ ਪੁਲਿਸ ਪਟਿਆਲਾ ਵਲੋਂ ਮਾਨਯੋਗ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ,ਏ ਡੀ ਜੀ ਪੀ ਟ੍ਰੈਫਿਕ ਏ ਐਸ ਰਾਏ, ਐਸ ਐਸ ਪੀ ਪਟਿਆਲਾ ਡਾਕਟਰ ਨਾਨਕ ਸਿੰਘ, ਐਸ ਪੀ ਟ੍ਰੈਫਿਕ ਕ੍ਰਿਸ਼ਨ ਕੁਮਾਰ ਪੈਥੇ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਭਾਰਤ ਕੰਬਾਇਨ ਅਤੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਸਰਹੰਦ ਰੋਡ ਵਿਖੇ ਵੱਖ ਵੱਖ ਵਹੀਕਲਜ਼ ਉਪਰ ਰਿਫ਼ਲੈਕਟਰ ਲਗਾਉਣ ਦੀ ਮੁਹਿੰਮ ਚਲਾਈ ਗਈ, ਜਿਸ ਵਿਚ ਮੁੱਖ ਮਹਿਮਾਨ ਡੀ ਐਸ ਪੀ ਟ੍ਰੈਫਿਕ ਅੱਛਰੂ ਰਾਮ ਸ਼ਰਮਾ ਜੀ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਭਾਰਤ ਕੰਬਾਇਨ ਦੇ ਮੈਨੇਜਿੰਗ ਡਾਇਰੈਕਟਰ ਮਨਕਮਲ ਸਿੰਘ ਨੇ ਕੀਤੀ,ਇਸ ਮੌਕੇ ਏ ਐਸ ਆਈ ਜਗਵਿੰਦਰ ਸਿੰਘ ਬੁੱਟਰ ਇੰਚਾਰਜ ਸਿਟੀ 2 ਟ੍ਰੈਫਿਕ ਪਟਿਆਲਾ ,ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ , ਏ ਐਸ ਆਈ ਪ੍ਰੇਮ ਸਿੰਘ, ਹੋਲਦਾਰ ਤਰਸੇਮ ਸਿੰਘ,ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਹਰਮਨਜੀਤ ਸਿੰਘ ਰੰਧਾਵਾ, ਲੱਕੀ ਹਰਦਾਸਪੁਰ ਵੀ ਹਾਜ਼ਰ ਸਨ, ਇਸ ਮੌਕੇ ਡੀ ਐਸ ਪੀ ਟ੍ਰੈਫਿਕ ਅੱਛਰੂ ਰਾਮ ਸ਼ਰਮਾ ਜੀ ਨੇ ਕਿਹਾ ਕਿ ਸਿਟੀ 2 ਟ੍ਰੈਫਿਕ ਪੁਲਿਸ ਦੇ ਇੰਚਾਰਜ ਜਗਵਿੰਦਰ ਸਿੰਘ ਬੁੱਟਰ ਵਲੋਂ ਟਿੱਪਰ, ਟਰੱਕ, ਟਰੈਕਟਰ ਟਰਾਲੀਆਂ ਅਤੇ ਹੋਰ ਵਹੀਕਲਾ ਉਪਰ ਰਿਫਲੈਕਟਰ ਲਗਾਉਣਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ, ਉਹਨਾਂ ਕਿਹਾ ਕਿ ਕਈ ਵਾਰ ਵਹੀਕਲਾ ਉਪਰ ਰਿਫਲੈਕਟਰ ਨਾ ਲੱਗੇ ਹੋਣ ਕਾਰਨ ਐਕਸੀਡੈਂਟ ਹੋ ਜਾਂਦੇ ਹਨ ਅਤੇ ਕਈ ਜ਼ਿੰਦਗੀਆਂ ਮੌਤ ਦੇ ਮੂੰਹ ਵਿੱਚ ਚੱਲੀਆਂ ਜਾਂਦੀਆਂ ਹਨ, ਉਹਨਾਂ ਕਿਹਾ ਕਿ ਐਕਸੀਡੈਂਟਾਂ ਦਾ ਮੁੱਖ ਕਾਰਨ ਨਸ਼ਿਆਂ ਦਾ ਸੇਵਨ ਕਰਕੇ ਵਹੀਕਲਜ਼ ਚਲਾਉਣਾ,ਓਵਰਸਪੀਡ , ਅਤੇ ਰਾਤ ਦੇ ਸਮੇਂ ਗੱਡੀਆਂ ਉਪਰ ਰਿਫਲੈਕਟਰ ਲੱਗੇ ਨਾ ਹੋਣ ਦਾ ਵੀ ਕਾਰਨ ਬਣਦੇ ਹਨ,ਉਹਨਾਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਉਹੋ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਉਹਨਾਂ ਨੋਜਵਾਨਾਂ ਅਤੇ ਪਬਲਿਕ ਨੂੰ ਦੋ ਪਹੀਆਂ ਵਾਹਨ ਉਪਰ ਹੈਲਮਟ ਪਾਉਣ ਅਤੇ ਚਾਰ ਪਹੀਆ ਵਾਹਨਾਂ ਵਿਚ ਸੀਟ ਬੈਲਟ ਲਗਾਉਣ ਲਈ ਅਪੀਲ ਕੀਤੀ। ਇਸ ਮੌਕੇ ਟਰੈਕਟਰ ਟਰਾਲੀਆਂ , ਟਰੱਕਾਂ ਅਤੇ ਹੋਰ ਵਹੀਕਲਜ਼ ਉਪਰ 200 ਦੇ ਕਰੀਬ ਰਿਫਲੈਕਟਰ ਲਗਾਏ ਗਏ ।

## ਪੇਂਡੂ ਬੇਰੁਜਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਦਾ ਸਿਖਲਾਈ ਕੋਰਸ 5 ਤੋਂ ਸ਼ੁਰੂ

**ਗੁਰਦਾਸਪੁਰ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਗੁਰਦਾਸਪੁਰ ਨਾਲ ਸਬੰਧਿਤ ਪੇਂਡੂ ਬੇਰੁਜਗਾਰ ਨੌਜਵਾਨ ਲੜਕੇ/ਲੜਕੀਆਂ,ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ, ਡੇਅਰੀ ਸਿਖਲਾਈ ਕੋਰਸ ਵਾਸਤੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ, ਜਿਲਾ ਪ੍ਰਬੰਧਕੀ ਕੰਪਲੈਕਸ, ਬਲਾਕ–ਬੀ, ਚੌਥੀ ਮੰਜਿਲ, ਕਮਰਾ ਨੰ 508 ਵਿਖੇ ਮਿਤੀ 05–05–2025 ਤੱਕ ਅਰਜੀਆਂ ਦੇ ਸਕਦੇ ਹਨ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ ਲਈ 2 ਹਫਤੇ ਦੀ ਡੇਅਰੀ ਸਿਖਲਾਈ ਮਿਤੀ 05–05–2025 ਤੋ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ, ਵੇਰਕਾ (ਜਿਲਾ ਅੰਮ੍ਰਿਤਸਰ) ਵਿਖੇ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜਿਲਾ ਗੁਰਦਾਸਪੁਰ ਨਾਲ ਸਬੰਧਤ ਬੇਰੁਜਗਾਰ ਨੌਜਵਾਨ ਲੜਕੇ/ਲੜਕੀਆਂ ਜ਼ੋ ਘੱਟੋ ਘੱਟ 5ਵੀਂ ਪਾਸ ਹੋਣ,ਉਮਰ 18 ਤੋਂ 55 ਸਾਲ ਦਰਮਿਆਨ ਹੋਵੇ,ਪੇਂਡੂ ਖੇਤਰ ਨਾਲ ਸਬੰਧਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ ਸਿਖਲਾਈ ਉਪਰੰਤ ਵਿਭਾਗ ਵੱਲੋਂ ਸਬੰਧਤਾਂ ਨੂੰ ਵੱਖ ਵੱਖ ਬੈਂਕਾਂ ਤੋਂ ਡੇਅਰੀ ਕਰਜੇ ਦੀ ਸੁਵਿਧਾ ਰਾਹੀਂ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਵਾ ਕੇ 25 gash;as ਜਨਰਲ ਅਤੇ CC gash;as ਅ.ਜਾਤੀ. ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ

ਚਾਹਵਾਨ ਲੜਕੇ/ਲੜਕੀਆਂ ਇਸ ਸਬੰਧੀ ਦਫਤਰ ਡਿਪਟੀ ਡਾਇਰੈਕਟਰ ਡੇਅਰੀ,ਗੁਰਦਾਸਪੁਰ ਨਾਲ ਆਪਣੇ ਅਸਲ ਯੋਗਤਾ ਸਰਟੀਫਿਕੇਟ ਅਤੇ ਪਾਸਪੋਰਟ ਸਾਈਜ ਫੋਟੋ ਅਤੇ ਆਧਾਰ ਕਾਰਡ ਲੈ ਕੇ ਫਾਰਮ ਭਰਵਾ ਸਕਦੇ ਹਨ।

## ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਸ਼੍ਰੀ ਰਵੀ ਸ਼ਰਮਾ ਨੂੰ ਸਰਬੋਤਮ ਇੰਡੀਆ ਪੁਰਸਕਾਰ 2025 ਨਾਲ ਸਨਮਾਨਿਤ ਕੀਤਾ

**ਚੰਡੀਗੜ੍ਹ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਰਵੀ ਸ਼ਰਮਾ, ਸਮਾਜ ਸੇਵਕ, ਖੇਡ ਪ੍ਰਮੋਟਰ ਅਤੇ ਮੁੱਲਾਂਪੁਰ ਗਰੀਬਦਾਸ, ਨਿਊ ਚੰਡੀਗੜ੍ਹ ਦੇ ਦਾਸ ਐਸੋਸੀਏਟਸ ਦੇ ਡਾਇਰੈਕਟਰ ਨੂੰ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਦੁਆਰਾ ਦਿਸ਼ਾ ਇੰਡੀਆ ਅਵਾਰਡ 2025 ਨਾਲ ਸਨਮਾਨਿਤ ਕੀਤਾ ਗਿਆ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਦਿਸ਼ਾ ਟਰੱਸਟ ਦੀ ਚੇਅਰਪਰਸਨ ਸ਼੍ਰੀਮਤੀ ਹਰਦੀਪ ਕੌਰ ਨੇ ਦੱਸਿਆ ਕਿ ਹਾਲ ਹੀ ਵਿੱਚ ਦਿਸ਼ਾ ਟਰੱਸਟ ਨੇ ਹੋਟਲ ਜੇ.ਡਬਲਯੂ. ਮੈਰੀਅਟ ਚੰਡੀਗੜ੍ਹ ਵਿਖੇ ਦਿਸ਼ਾ ਇੰਡੀਆ ਐਵਾਰਡ 2025 ਦਾ ਆਯੋਜਨ ਕੀਤਾ।



ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਪੁਰਸਕਾਰ ਸਮਾਰੋਹ ਵਿੱਚ ਮੁੱਖ ਮਹਿਮਾਨ ਸਨ। ਜਿਨ੍ਹਾਂ ਨੇ ਵੱਖ-ਵੱਖ ਖੇਤਰਾਂ ਵਿੱਚ ਪ੍ਰਸਿੱਧੀ ਪ੍ਰਾਪਤ ਕਰਨ ਵਾਲੀਆਂ ਪੰਜਾਬ ਦੀਆਂ ਪ੍ਰਸਿੱਧ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ। ਮੁੱਲਾਂਪੁਰ ਗਰੀਬਦਾਸ ਨਿਊ ਚੰਡੀਗੜ੍ਹ ਦੇ ਪ੍ਰਸਿੱਧ ਸਮਾਜ ਸੇਵਕ ਅਤੇ ਖੇਡ ਪ੍ਰਮੋਟਰ ਅਤੇ ਦਾਸ ਐਸੋਸੀਏਟਸ ਦੇ ਡਾਇਰੈਕਟਰ ਸ਼੍ਰੀ ਰਵੀ ਸ਼ਰਮਾ ਨੂੰ ਵੀ ਇਸ ਖੇਤਰ ਵਿੱਚ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਦਿਸ਼ਾ ਇੰਡੀਆ ਅਵਾਰਡ 2025 ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ਼੍ਰੀਮਤੀ ਹਰਦੀਪ ਕੌਰ ਨੇ ਕਿਹਾ ਕਿ ਸ਼੍ਰੀ ਰਵੀ ਸ਼ਰਮਾ, ਜਿਨ੍ਹਾਂ ਨੇ ਕਿਸਾਨਾਂ ਨੂੰ ਨਿਊ ਚੰਡੀਗੜ੍ਹ 2008-2031 ਦੇ ਮਾਸਟਰ ਪਲਾਨ ਵਿੱਚ ਇਨਵੈਸਟ ਇਨ ਫਾਰਮਰ ਲੈਂਡ ਪੂਲਿੰਗ ਪ੍ਰੋਜੈਕਟ ਅਧੀਨ ਨਿਊ ਚੰਡੀਗੜ੍ਹ ਵਿੱਚ ਆਪਣੀਆਂ ਜ਼ਮੀਨਾਂ ਤੋਂ ਪ੍ਰਾਪਤ ਪੈਸੇ ਨੂੰ ਚੰਗੀਆਂ ਥਾਵਾਂ ’ਤੇ ਨਿਵੇਸ਼ ਕਰਨ ਲਈ ਪ੍ਰੇਰਿਤ ਕੀਤਾ ਹੈ, ਅਤੇ ਉਨ੍ਹਾਂ ਦੀ ਜਾਇਦਾਦ ਸਲਾਹਕਾਰੀ ਦਾ ਹਿੱਸਾ ਬਣੇ ਬਹੁਤ ਸਾਰੇ ਕਿਸਾਨਾਂ ਨੂੰ ਵੀ ਬਹੁਤ ਫਾਇਦਾ ਹੋਇਆ ਹੈ। ਉਸ ਨਾਲ ਜੁੜੇ ਇਲਾਕੇ ਦੇ ਕਿਸਾਨ ਉਸ ਦੀਆਂ ਵੱਖ-ਵੱਖ ਸੇਵਾਵਾਂ ਦਾ ਲਾਭ ਉਠਾ ਰਹੇ ਹਨ। ਇਸ ਤੋਂ ਇਲਾਵਾ, ਉਹ ਦਸ ਖੇਤਰਾਂ ਵਿੱਚ ਸਮਾਜ ਸੇਵਾ ਦੇ ਕੰਮ ਨੂੰ ਵੀ ਤਰਜੀਹ ਦਿੰਦੇ ਹਨ। ਉਸਦਾ ਪਰਿਵਾਰ ਮਹਾਂਵੀਰ ਜਿਮਨੇਜ਼ੀਅਮ ਅਤੇ ਕੁਸ਼ਤੀ ਕਲੱਬ ਅਖਾੜਾ, ਮੁੱਲਾਂਪੁਰ ਗਰੀਬਦਾਸ ਨਿਊ ਚੰਡੀਗੜ੍ਹ ਵਿਖੇ ਬਹੁਤ ਸਾਰੇ ਬੱਚਿਆਂ ਨੂੰ ਮੁਫਤ ਕੋਚਿੰਗ, ਖਾਣਾ ਅਤੇ ਰਿਹਾਇਸ਼ ਵੀ ਪ੍ਰਦਾਨ ਕਰ ਰਿਹਾ ਹੈ।

## ਗੈਰ-ਕਾਨੂੰਨੀ ਗਲੀ-ਫੜ੍ਹੀ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਗਈ

**ਚੰਡੀਗੜ੍ਹ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਚ ਅਧਿਕਾਰੀਆਂ ਦੇ ਨਿਰਦੇਸ਼ਾਂ ’ਤੇ, ਨਯਾਗਾਓਂ ਨਗਰ ਕੌਂਸਲ ਦੇ ਐਸਆਈ ਮੈਡਮ ਸੰਤੋਸ਼ ਵਰਮਾ ਨੇ ਨਯਾਗਾਓਂ ਦੇ ਮੁੱਖ ਬਾਜ਼ਾਰ ਵਿੱਚ ਦੁਕਾਨਾਂ ਦੇ ਸਾਹਮਣੇ ਗੈਰ-ਕਾਨੂੰਨੀ ਅਤੇ ਕਬਜ਼ਾ ਬੇਤਰਤੀਬ ਸਟਾਲ ਲਗਾਉਣ ਵਾਲਿਆਂ ਵਿਰੁੱਧ ਸਖ਼ਤ ਰੁਖ਼ ਅਪਣਾਇਆ ਹੈ। ਨਗਰ ਕੌਂਸਲ ਪ੍ਰਸ਼ਾਸਨ ਨੇ ਹੁਣ ਉਨ੍ਹਾਂ ਨੂੰ ਦੋ ਦਿਨਾਂ ਦਾ ਅਲਟੀਮੇਟਮ ਦਿੱਤਾ ਹੈ, ਜਿਸ ਤੋਂ ਬਾਅਦ ਪ੍ਰਸ਼ਾਸਨ ਅਤੇ ਪੁਲਿਸ ਕਾਰਵਾਈ ਕਰਨਗੇ। ਮੁੱਖ ਬਾਜ਼ਾਰ ਸੜਕ ’ਤੇ ਰੋਜ਼ਾਨਾ ਹੋਣ ਵਾਲੇ ਟ੍ਰੈਫਿਕ ਜਾਮ ਅਤੇ ਹਾਦਸਿਆਂ ਨੂੰ ਦੇਖਦੇ ਹੋਏ, ਨਗਰ ਕੌਂਸਲ ਪ੍ਰਸ਼ਾਸਨ ਅਤੇ ਪੁਲਿਸ ਨੇ ਇਨ੍ਹਾਂ ਵਿਰੁੱਧ ਕਾਰਵਾਈ ਕਰਨ ਦਾ ਫੈਸਲਾ ਕੀਤਾ ਹੈ। ਪੁਲਿਸ ਵਿਭਾਗ ਜਲਦੀ ਹੀ ਸਿਟੀ ਕੌਂਸਲ, ਸਾਰੇ ਕੌਂਸਲਰਾਂ ਅਤੇ ਇੱਕ ਵਪਾਰ ਐਸੋਸੀਏਸ਼ਨ ਦੇ ਮੁਖੀ ਸ਼੍ਰੀ ਉਮੇਸ਼ ਗੁਲਿਆਨੀ ਨਾਲ ਇੱਕ ਮੀਟਿੰਗ ਕਰੇਗਾ। ਮੁੱਖ ਬਾਜ਼ਾਰਾਂ ’ਤੇ ਵਿਕਰੇਤਾਵਾਂ ਦੇ ਕਬਜ਼ੇ ਕਾਰਨ, ਸਵੇਰੇ ਅਤੇ ਸ਼ਾਮ ਨੂੰ ਟ੍ਰੈਫਿਕ ਜਾਮ ਇੱਕ ਆਮ ਘਟਨਾ ਬਣ ਗਈ ਹੈ। ਇੰਨਾ ਹੀ ਨਹੀਂ, ਇਸ ਰੂਟ ’ਤੇ ਹਾਦਸੇ ਵੀ ਵਧ ਗਏ ਹਨ।

ਇਹ ਜਾਮ ਦੁਕਾਨਾਂ ਦੇ ਸਾਹਮਣੇ ਅਤੇ ਤੰਗ ਥਾਵਾਂ ’ਤੇ ਗੱਡੀਆਂ ਖੜ੍ਹੀਆਂ ਹੋਣ ਕਾਰਨ ਹੋ ਰਿਹਾ ਹੈ। ਨਗਰ ਕੌਂਸਲ ਅਤੇ ਪੁਲਿਸ ਪ੍ਰਸ਼ਾਸਨ ਰੋਜ਼ਾਨਾ ਇਨ੍ਹਾਂ ਗੈਰ-ਕਾਨੂੰਨੀ ਗਲੀ-ਫੜ੍ਹੀ ਵਾਲਿਆਂ ਵਿਕਰੇਤਾਵਾਂ ਨੂੰ ਹਟਾ ਰਹੇ ਹਨ, ਪਰ ਜਿਵੇਂ ਹੀ ਉਨ੍ਹਾਂ ਨੂੰ ਮੌਕਾ ਮਿਲਦਾ ਹੈ, ਉਹ ਦੁਬਾਰਾ ਆਪਣੀਆਂ ਗੱਡੀਆਂ ਲਗਾ ਦਿੰਦੇ ਹਨ। ਕੁਝ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਦੇ ਬਾਹਰ ਮੰਜਾ ਜਾਂ ਮੇਜ਼ ਰੱਖ ਕੇ ਆਪਣਾ ਸਾਮਾਨ ਪ੍ਰਦਰਸ਼ਿਤ ਕੀਤਾ ਹੈ ਅਤੇ ਕੁਝ ਦੁਕਾਨਦਾਰਾਂ ਨੇ ਫੇਰੀ ਵਾਲੇ ਲਗਾਏ ਹਨ ਅਤੇ ਇਸ ਲਈ ਕਿਰਾਇਆ ਵਸੂਲਦੇ ਹਨ। ਸਿਟੀ ਕੌਂਸਲਰ ਮੈਡਮ ਸ਼ਰਬਮਤੀ ਸੰਤੋਸ਼ ਵਰਮਾ ਨੇ ਅੱਜ ਚੇਤਾਵਨੀ ਵਜੋਂ ਕੁਝ ਗਲੀ ਵਿਕਰੇਤਾਵਾਂ ਦਾ ਸਾਮਾਨ ਜ਼ਬਤ ਕਰ ਲਿਆ। ਦੱਸਿਆ ਜਾ ਰਿਹਾ ਹੈ ਕਿ ਕਾਰਜਕਾਰੀ ਅਧਿਕਾਰੀ ਰਵਨੀਤ ਸਿੰਘ ਦੇ ਨਿਰਦੇਸ਼ਾਂ ਤੋਂ ਬਾਅਦ ਉਨ੍ਹਾਂ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇੱਕ ਐਲਾਨ ਰਾਹੀਂ ਚੇਤਾਵਨੀ ਵੀ ਦਿੱਤੀ ਗਈ ਹੈ। ਗੈਰ-ਕਾਨੂੰਨੀ ਢੰਗ ਨਾਲ ਆਪਣੇ ਗੈਰ-ਕਾਨੂੰਨੀ ਗਲੀ-ਫੜ੍ਹੀ ਵਾਲਿਆਂ ਲਗਾਉਣ ਵਾਲੇ ਸਾਰੇ ਸਟ੍ਰੀਟ ਵਿਕਰੇਤਾਵਾਂ ਨੂੰ ਦੋ ਦਿਨ ਦਾ ਸਮਾਂ ਦਿੱਤਾ ਗਿਆ ਹੈ। ਜੇਕਰ ਇਸ ਤੋਂ ਬਾਅਦ ਵੀ ਉਹ ਸੜਕ ਕਿਨਾਰੇ ਤੋਂ ਆਪਣੀਆਂ ਗੱਡੀਆਂ ਨਹੀਂ ਹਟਾਉਂਦੇ ਤਾਂ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਦੁਕਾਨਾਂ ਦੇ ਬਾਹਰ ਲੋਕਾਂ ਦੇ ਤੁਰਨ ਲਈ ਬਣਾਇਆ ਗਿਆ ਖੇਤਰ ਵੀ ਗਲੀ ਵਿਕਰੇਤਾਵਾਂ ਦੁਆਰਾ ਕਬਜ਼ਾ ਕੀਤਾ ਹੋਇਆ ਹੈ। ਜਿਸ ਕਾਰਨ ਗਲੀ-ਮੁਹੱਲਿਆਂ ’ਤੇ ਵਿਕਰੇਤਾਵਾਂ ਦੀ ਭੀੜ ਹੁੰਦੀ ਹੈ ਅਤੇ ਲੋਕਾਂ ਦਾ ਘੁੰਮਣਾ-ਫਿਰਨਾ ਮੁਸ਼ਕਲ ਹੋ ਜਾਂਦਾ ਹੈ। ਜਿਸ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲੋਕਾਂ ਨੇ ਮੰਗ ਕੀਤੀ ਹੈ ਕਿ ਇਨ੍ਹਾਂ ਰੇਹੜੀ-ਫੜ੍ਹੀ ਵਾਲਿਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਤਾਂ ਜੋ ਲੋਕਾਂ ਨੂੰ ਰਾਹਤ ਮਿਲ ਸਕੇ।ਅਮਨਦੀਪ ਕੌਰ ਮੰਡ, ਕੌਂਸਲਰ, ਨਗਰ ਕੌਂਸਲ ਨਯਾਗਾਓਂ: – ਨਯਾਗਾਓਂ ਦੇ ਮੁੱਖ ਬਾਜ਼ਾਰ ਵਿੱਚ ਹੀ ਨਹੀਂ ਬਲਕਿ ਸਾਰੇ ਬਾਜ਼ਾਰਾਂ ਵਿੱਚ, ਗਲੀ-ਮੁਹੱਲਿਆਂ ਦੇ ਵਿਕਰੇਤਾਵਾਂ ਅਤੇ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਦੇ ਸਾਹਮਣੇ ਮੰਜੇ ਜਾਂ ਮੇਜ਼ ਆਦਿ ਰੱਖ ਕੇ ਇਲਾਕੇ ’ਤੇ ਕਬਜ਼ਾ ਕਰ ਲਿਆ ਹੈ। ਜੇਕਰ ਗਾਹਕ ਸਾਮਾਨ ਖਰੀਦਣ ਲਈ ਬਾਹਰ ਧੁੱਪ ਵਿੱਚ ਖੜ੍ਹਾ ਨਹੀਂ ਹੋਣਾ ਚਾਹੁੰਦਾ, ਤਾਂ ਉਸਨੂੰ ਦੁਕਾਨ ਦੇ ਅੰਦਰੋਂ ਹੀ ਖਰੀਦਣਾ ਚਾਹੀਦਾ ਹੈ। ਚੀਜ਼ਾਂ ਨੂੰ ਬਾਹਰ ਰੱਖਣ ਨਾਲ ਨਾ ਸਿਰਫ਼ ਉਨ੍ਹਾਂ ’ਤੇ ਧੂੜ ਪੈਂਦੀ ਹੈ ਸਗੋਂ ਉਨ੍ਹਾਂ ਦੇ ਰੰਗ ਵੀ ਖਰਾਬ ਹੋ ਜਾਂਦੇ ਹਨ।



ਇਸ ਲਈ, ਨਗਰ ਕੌਂਸਲ ਦੀ ਅਗਲੀ ਕਾਰਵਾਈ ਤੋਂ ਪਹਿਲਾਂ, ਆਪਣੀ ਦੁਕਾਨ ਦਾ ਸਾਮਾਨ ਆਪਣੀ ਦੁਕਾਨ ਦੀ ਹੱਦ ਦੇ ਅੰਦਰ ਰੱਖੋ।ਪ੍ਰਮੋਦ ਕੁਮਾਰ, ਕੌਂਸਲਰ, ਨਗਰ ਕੌਂਸਲ ਨਯਾਗਾਓਂ: – ਨਯਾਗਾਓਂ ਦੇ ਬਾਜ਼ਾਰਾਂ ਵਿੱਚ, ਦੁਕਾਨਦਾਰਾਂ ਨੇ ਹਰ ਗਲੀ ਵਿੱਚ ਆਪਣੀਆਂ ਦੁਕਾਨਾਂ ਦੇ ਸਾਹਮਣੇ ਜਗ੍ਹਾ ’ਤੇ ਕਬਜ਼ਾ ਕਰ ਲਿਆ ਹੈ। ਸਾਰੀਆਂ ਸੜਕਾਂ ਬੰਦ ਹਨ, ਕੁਝ ਦੁਕਾਨਦਾਰ ਆਪਣਾ ਸਾਮਾਨ ਬਾਹਰ ਰੱਖਦੇ ਹਨ ਜਦੋਂ ਕਿ ਕੁਝ ਆਪਣੀਆਂ ਦੁਕਾਨਾਂ ਦੇ ਸਾਹਮਣੇ ਆਪਣੇ ਵਾਹਨ ਖੜ੍ਹੇ ਕਰਦੇ ਹਨ।

## ਸ੍ਰੀ ਚਮਕੌਰ ਸਾਹਿਬ ਮੋਰਚਾ ਕਮੇਟੀ ਵੱਲੋਂ ਬੰਦ ਦੇ ਸੱਦੇ ਦੀ ਕਾਲ ਤੇ ਸਥਾਨਕ ਬਾਜ਼ਾਰ ਪੂਰਨ ਤੌਰ ’ਤੇ ਰਿਹਾ ਬੰਦ

**ਚਮਕੌਰ ਸਾਹਿਬ 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰੂਚੀਰਾਂ ਪੇਪਰ ਮਿਲ ਲਿਮਿਟਡ ਪਿੰਡ ਧੋਲਰਾਂ ਤੇ ਬਸੀ ਗੁਜਰਾ ਗੁਰਦੁਆਰ ਬੀੜ ਜੰਡ ਸਾਹਿਬ ਰੋਡ ਤੇ ਲੱਗਣ ਵਿਰੁੱਧ ਅੱਜ ਸੰਘਰਸ਼ ਕਮੇਟੀ ਸ਼੍ਰੀ ਚਮਕੌਰ ਸਾਹਿਬ ਵਲੋਂ ਬੰਦ ਦੇ ਸੱਦੇ ਦੀ ਕਾਲ ਤੇ ਅੱਜ ਸਥਾਨਕ ਬਾਜ਼ਾਰ ਪੂਰਨ ਤੌਰ ਤੇ ਬੰਦ ਰਿਹਾ ਅਤੇ ਅੱਜ ਉਪਰੋਕਤ ਮਿਲ ਲੱਗਣ ਵਾਲੀ ਥਾਂ ਤੇ ਪੰਜਾਬ ਪ੍ਰਦੂਸ਼ਣ ਭਵਨ ਰੋਕਥਾਮ ਬੋਰਡ ਵਾਤਾਵਰਨ ਵਲੋਂ ਨਿਯਮ ਅਨੁਸਾਰ ਅੱਜ ਮਿਥੇ ਦਿਨ ਤੇ ਸਰਕਾਰ ਵੱਲੋਂ ਇਤਰਾਜ ਮੰਗੇ ਗਏ

ਇਸ ਮੌਕੇ ਜਿਲੇ ਦੀ ਅਡੀਸ਼ਨਲ ਡਿਪਟੀ ਕਮਿਸ਼ਨਰ ਮੈਡਮ ਪੂਜਾ ਸਿਆਲ ਅਤੇ ਐਸਡੀਐਮ ਅਮਰੀਕ ਸਿੰਘ ਸਿੱਧੂ ਦੀ ਅਗਵਾਈ ਵਿੱਚ ਜਨਤਕ ਸੁਣਵਾਈ ਕੀਤੀ ਗਈ. ਇਸ ਸਬੰਧੀ ਸੰਘਰਸ਼ ਕਮੇਟੀ ਦੇ ਆਗੂ ਖੁਸ਼ਵਿੰਦਰ ਸਿੰਘ ਕਾਕਾ, ਸਥਾਨਕ ਐਮਸੀ ਸੁਖਬੀਰ ਸਿੰਘ, ਤਾਰਾ ਚੰਦ, ਆਦੀ ਦੀ ਅਗਵਾਈ ਵਿੱਚ ਸੈਂਕੜੇ ਲੋਕਾਂ ਨੇ ਮਿਲ ਲੱਗਣ ਵਾਲੀ ਥਾਂ ਦੇ ਨਾਲ ਖੇਤਾਂ ਵਿੱਚ ਕਾਲੇ ਝੰਡੇ ਲੈ ਕੇ ਪੁੱਜਣਾ ਸ਼ੁਰੂ ਕਰ ਦਿੱਤਾ

ਉਧਰ ਪੁਲਿਸ ਫੋਰਸ ਨੇ ਪੈਦਾ ਹੋਈ ਹਗਾਮੀ ਸਥਿਤੀ ਨਾਲ ਨਜਿੱਠਣ ਲਈ ਦੂਜੇ ਜਿਲ੍ਹੇ ਤੋਂ ਵੀ ਪੁਲਿਸ ਫੋਰਸ ਮੰਗਵਾ ਲਈ ਜ਼ਿਲ ?ਾ ਫਤਿਹਗੜ੍ਹ ਸਾਹਿਬ ਦੇ ਐਸਐਸਪੀ ਸੁਭਮ ਅਗਰਵਾਲ ਆਈਪੀਐਸ ਜਿਨ੍ਹਾਂ ਕੋਲ ਜ਼ਿਲ੍ਹਾ ਰੂਪਨਗਰ ਪੁਲਿਸ ਦੀ ਕਪਤਾਨੀ ਦਾ ਵਾਧੂ ਚਾਰਜ ਹੈ ਉਹ ਵੀ ਪਹੁੰਚੇ

ਉਪਰੋਕਤ ਸਥਾਨ ਨੂੰ ਪੁਲਿਸ ਫੋਰਸ ਨੇ ਚਾਰੇ ਪਾਸਿਆਂ ਤੋਂ ਘੇਰ ਰੱਖਿਆ ਸੀ ਇਥੋਂ ਤੱਕ ਕੀ ਪਛਤਾਵਤ ਪੇਪਰ ਮਿੱਲ ਵਾਲਿਆ ਨੇ ਵੀ ਪ੍ਰਾਈਵੇਟ ਸੁਰੱਖਿਆ ਕਰਮਚਾਰੀ ਵੀ ਲਿਆਂਦੇ ਹੋਏ ਸਨ.

ਖੈਰ ਜਨਤਕ ਸੁਣਵਾਈ ਦੇ ਇਸ ਮੌਕੇ ਤੇ ਵੱਖ- ਵੱਖ ਭਾਰਤੀ ਕਿਸਾਨ ਯੂਨੀਅਨ ਦੇ ਕਾਰਕੂਨ, ਆਲੇ ਦੁਆਲੇ ਪਿੰਡਾਂ ਦੇ ਪੰਚ ਸਰਪੰਚ, ਵੱਖ-ਵੱਖ ਪਾਰਟੀਆਂ ਦੇ ਆਗੂ ਅਤੇ ਪਿੰਡਾਂ ਤੋਂ ਔਰਤਾਂ ਵੀ ਪਹੁੰਚਿਆ. ਸੁਣਵਾਈ ਸ਼ੁਰੂ ਹੁੰਦੇ ਸਾਰ ਹੀ ਪ੍ਰਸ਼ਾਸਨ ਦੇ ਉਪਰੋਕਤ ਅਧਿਕਾਰੀਆਂ ਅਤੇ ਖੁਸ਼ਵਿੰਦਰ ਸਿੰਘ ਕਾਕਾ ਦੇ ਵਿਚਕਾਰ ਤਕਰਾਰਬਾਜ਼ੀ ਸ਼ੁਰੂ ਹੋ ਗਈ।



ਅਧਿਕਾਰੀ ਕਹਿ ਰਹੇ ਸਨ. ਕੀ ਅਸੀਂ ਸਾਰੇ ਕਾਗਜ ਪੱਤਰ ਤੇ ਨਿਯਮ ਪੂਰੇ ਕਰਕੇ ਤਾਂ ਇਤਰਾਜ ਸੁਣ ਰਹੇ ਹਾਂ ਜਦ ਕਿ ਖੁਸ਼ਵਿੰਦਰ ਸਿੰਘ ਕਾਕਾ ਅਤੇ ਉਹਨਾਂ ਦੇ ਸਮਰਥਕਾਂ ਦਾ ਕਹਿਣਾ ਸੀ. ਕਿ ਅਸੀਂ ਇਸ ਸਬੰਧੀ ਕਾਗਜ਼ ਪੱਤਰ ਲੈਣ ਲਈ ਜਿਲਾ ਪ੍ਰਸ਼ਾਸਨ ਦੇ ਦਫਤਰਾਂ ਵਿੱਚ ਚੱਕਰ ਮਾਰ ਰਹੇ ਹਾਂ ਪਰਤੂੰ ਸਾਨੂੰ ਕੋਈ ਕਾਗਜ ਨਹੀਂ ਦਿੱਤਾ ਜਾ ਰਿਹਾ. ਅਤੇ ਇਹ ਜਨਤਕ ਸੁਣਵਾਈ ਕਿਸੇ ਹੋਰ ਦਿਨ ਰੱਖੀ ਜਾਵੇ. ਅਤੇ ਸਾਨੂੰ ਪੰਜਾਬੀ ਭਾਸ਼ਾ ਵਿੱਚ ਇਸ ਸਬੰਧੀ ਕਾਗਜ਼ ਪੱਤਰ ਮੁਹਈਆ ਕਰਵਾਏ ਜਾਣ ਤਾਂ ਜੋ ਅਸੀਂ ਪੂਰੀ ਤਿਆਰੀ ਨਾਲ ਇਤਰਾਜ਼ ਕਰ ਸਕੀਏ.

ਇਸੇ ਦੌਰਾਨ ਕਾਫੀ ਤਲਖਬਾਜੀ ਵੀ ਹੋਈ.ਆਖਰ ਪੇਪਰ ਮਿਲ ਵਾਲਿਆਂ ਨੇ ਇਸ ਲਾਉਣ ਵਾਲੀ ਮਿਲ ਦੇ ਨਿਯਮਾਂ ਬਾਰੇ ਬੋਲਣਾ ਸ਼ੁਰੂ ਕਰ ਦਿੱਤਾ ਜਦ ਕਿ ਸੰਘਰਸ਼ ਕਮੇਟੀ ਦੇ ਆਗੂਆਂ ਨੇ ਹਰ ਨਿਯਮ ਤੇ ਇਤਰਾਜ ਕੀਤਾ.ਅਤੇ ਤੱਥਾਂ ਦੀ ਜਾਣਕਾਰੀ ਦੇ ਕੇ ਇਤਰਾਜ਼ ਪ੍ਰਗਟ ਕੀਤਾ.

ਉਧਰ ਮਿੱਲ ਦੇ ਅਧਿਕਾਰੀ ਇਸ ਸਬੰਧੀ ਕੋਈ ਸਪਸ਼ਟ ਜਵਾਬ ਨਾ ਦੇ ਸਕੇ. ਇੰਜ ਸਾਰਾ ਦਿਨ ਇਤਰਾਜ ਅਤੇ ਤਕਰਾਰਬਾਜ਼ੀ ਚਲਦੀ ਰਹੀ. ਇਸ ਮੌਕੇ ਉਪਰੋਕਤ ਅਧਿਕਾਰੀਆਂ ਤੋਂ ਇਲਾਵਾ ਗੁਰਸ਼ਰਨ ਦਾਸ ਗਰਗ, ਵੀਰ ਦਵਿੰਦਰ ਸਿੰਘ, ਗੁਰਿੰਦਰ ਪਾਲ ਸਿੰਘ, ਅਤੇ ਹੋਰ ਅਧਿਕਾਰੀ ਵੀ ਪੁੱਜੇ ਹੋਏ ਸਨ। ਇਸ ਰੌਲੇ ਰੱਪੇ ਦੌਰਾਨ ਉਪਰੋਕਤ ਪ੍ਰਕਿਰਿਆ ਪੂਰੀ ਕੀਤੀ ਗਈ. ਇਸ ਮੌਕੇ ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਅਸੀਂ ਇਸ ਲੱਗਣ ਵਾਲੀ ਪੇਪਰ ਮਿਲ ਦਾ ਵਿਰੋਧ ਕਰਾਂਗੇ. ਇਸ ਲਈ ਭਾਵੇਂ ਸਾਨੂੰ ਕੋਈ ਵੀ ਕੁਰਬਾਨੀ ਦੇਣੀ ਪਵੇ. ਉਹਨਾਂ ਇਹ ਵੀ ਦਾਵਾ ਕੀਤਾ ਕਿ ਜੇਕਰ ਇਹ ਪੇਪਰ ਮਿਲ ਫਿਰ ਸਰਕਾਰ ਦੀ ਸ਼ਹਿ ਤੇ ਲਾਉਣ ਦਾ ਪ੍ਰਬੰਧ ਕੀਤਾ ਗਿਆ ਤਾਂ ਅਸੀਂ ਅਦਾਲਤ ਦਾ ਦਰਵਾਜ਼ਾ ਵੀ ਖੜਕਾਵਾਂਗੇ. ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਮੋਨ ਸਿੰਘ ਸੰਧੂ, ਅਮਨਦੀਪ ਸਿੰਘ, ਕਿਸਾਨ ਆਗੂ ਗੁਰਿੰਦਰ ਸਿੰਘ, ਰੁੜਕੀ ਹੀਰਾ, ਦਰਸ਼ਨ ਸਿੰਘ ਸੰਧੂ, ਗੁਰਪ੍ਰੀਤ ਸਿੰਘ ਭੂਰੜੇ, ਡਾਕਟਰ ਨਨੂਆ, ਲਖਵੀਰ ਸਿੰਘ ਲੱਖੀ, ਬਲਦੇਵ ਸਿੰਘ ਹਾਫਿਜਾਬਾਦ, ਤਰਸੇਮ ਸਿੰਘ ਸੰਧੂ, ਅਮਨਦੀਪ ਸਿੰਘ ਜੋਗਾ ਸਿੰਘ ਯੂਐਸਏ , ਸਰਪੰਚ ਅਮਨਦੀਪ ਸਿੰਘ ਧੂਮੇਵਾਲ , ਆਦੀ ਸੈਂਕੜੇ ਲੋਕ ਹਾਜ਼ਰ ਸਨ.

# ਸਰਬ ਪਾਰਟੀ ਮੀਟਿੰਗ ’ਚ ਹਰਿਆਣਾ ਨੂੰ ਪਾਣੀ ਨਾ ਦੇਣ ’ਤੇ ਸਾਰੀਆਂ ਪਾਰਟੀਆਂ ਇਕਜੁੱਟ

## ਪਾਰਟੀਆਂ ਨੇ ਅਗਲੀ ਰਣਨੀਤੀ ਤੈਅ ਕਰਨ ਲਈ ਸਾਰੇ ਅਧਿਕਾਰ ਮੁੱਖ ਮੰਤਰੀ ਨੂੰ ਦਿੱਤੇ; ਵਿਰੋਧੀ ਧਿਰਾਂ ਨੇ ਪ੍ਰਧਾਨ ਮੰਤਰੀ ਨੂੰ ਮਿਲਣ ਦਾ ਮਸ਼ਵਰਾ ਦਿੱਤਾ

**ਚੰਡੀਗੜ੍ਹ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਬ ਪਾਰਟੀ ਮੀਟਿੰਗ ਵਿੱਚ ਅੱਜ ਸਾਰੀਆਂ ਸਿਆਸੀ ਪਾਰਟੀਆਂ ਨੇ ਇਕਸੁਰ ਵਿਚ ਕਿਹਾ ਕਿ ਹਰਿਆਣਾ ਨੂੰ ਕੋਈ ਵਾਧੂ ਪਾਣੀ ਨਹੀ ਦਿੱਤਾ ਜਾਵੇਗਾ। ਸਾਰੀਆਂ ਪਾਰਟੀਆਂ ਨੇ ਹਰਿਆਣਾ ਨੂੰ ਵਾਧੂ ਪਾਣੀ ਨਾ ਦੇਣ ਦਾ ਸਰਬਸੰਮਤੀ ਨਾਲ ਫੈਸਲਾ ਲਿਆ ਤੇ ਇਸ ਮੁੱਦੇ ’ਤੇ ਅਗਲੀ ਰਣਨੀਤੀ ਤੈਅ ਕਰਨ ਦੇ ਅਧਿਕਾਰ ਮੁੱਖ ਮੰਤਰੀ ਨੂੰ ਦੇ ਦਿੱਤੇ ਹਨ।



ਸਰਬ ਪਾਰਟੀ ਬੈਠਕ ਵਿਚ ਸ਼ਾਮਲ ਵਿਰੋਧੀ ਧਿਰਾਂ ਦੇ ਆਗੂ। ਮੁੱਖ ਮੰਤਰੀ ਭਗਵੰਤ ਮਾਨ ਨੇ ਮੀਟਿੰਗ ਤੋਂ ਬਾਅਦ ਦੱਸਿਆ ਕਿ ਮੀਟਿੰਗ ਸੁਖਾਵੇਂ ਮਾਹੌਲ ਵਿੱਚ ਹੋਈ ਹੈ ਅਤੇ ਪਾਰਟੀ ਆਗੂਆਂ ਨੇ ਇਸ ਮਾਮਲੇ ’ਤੇ ਸੁਝਾਅ ਵੀ ਦਿੱਤੇ ਹਨ। ਆਗੂਆਂ ਨੇ ਇਸ ਮਾਮਲੇ ’ਤੇ ਪ੍ਰਧਾਨ ਮੰਤਰੀ ਨੂੰ ਮਿਲਣ ਦਾ ਮਸ਼ਵਰਾ ਵੀ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਤੋਂ ਬਾਅਦ ਪ੍ਰਧਾਨ ਮੰਤਰੀ ਨੂੰ ਮਿਲਣ ਬਾਰੇ ਫੈਸਲਾ ਲਿਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਬੀਬੀਐੱਮਬੀ ਨੇ ਹਰਿਆਣਾ ਨੂੰ ਵਾਧੂ ਪਾਣੀ ਦੇਣ ਲਈ ਗਲਤ ਤਰੀਕਾ ਅਖ਼ਤਿਆਰ ਕੀਤਾ ਹੈ ਅਤੇ ਪੰਜਾਬੀ ਕਦੇ ਵੀ ਧੱਕਾ ਬਰਦਾਸ਼ਤ ਨਹੀਂ ਕਰਦੇ, ਪਿਆਰ ਨਾਲ ਚਾਹੇ ਜੋ ਮਰਜ਼ੀ ਲੈ ਲਵੇ। ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ 5 ਮਈ ਦੇ ਵਿਸ਼ੇਸ਼ ਇਜਲਾਸ ਨੂੰ ਰਾਜਪਾਲ ਨੇ ਪ੍ਰਵਾਨਗੀ ਦੇ ਦਿੱਤੀ ਹੈ। ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਭਾਜਪਾ ਦੀ ਸਟੇਟ ਯੂਨਿਟ ਇਸ ਮੁੱਦੇ ਤੇ ਸਰਕਾਰ ਨਾਲ ਖੜ੍ਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਬਲਵਿੰਦਰ ਸਿੰਘ ਭੂੰਦੜ ਨੇ ਇਸ ਮੌਕੇ ਕਿਹਾ ਕਿ ਪਾਣੀਆਂ ਦਾ ਮਸਲਾ ਹਮੇਸ਼ਾ ਕੇਂਦਰ ਨੇ ਹੀ ਉਲਝਾਇਆ ਹੈ ਤੇ ਉਸ ਨੂੰ ਹੀ ਹੱਲ ਕਰਨਾ ਚਾਹੀਦਾ ਹੈ। ਕਾਂਗਰਸ ਨੇਤਾ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਇਸ ਮੁੱਦੇ ’ਤੇ ਅਧਿਕਾਰ ਮੁੱਖ ਮੰਤਰੀ ਨੂੰ ਦੇ ਦਿੱਤੇ ਹਨ।

ਮੀਟਿੰਗ ਵਿਚ ਕਾਂਗਰਸ ਵੱਲੋਂ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੇ ਰਾਣਾ ਕੇ ਪੀ ਸਿੰਘ, ਅਕਾਲੀ ਦਲ ਵੱਲੋਂ ਬਲਵਿੰਦਰ ਸਿੰਘ ਭੂੰਦੜ ਤੇ ਦਲਜੀਤ ਸਿੰਘ ਚੀਮਾ, ਭਾਜਪਾ ਵੱਲੋ ਸੁਨੀਲ ਜਾਖੜ ਤੇ ਮਨੋਰੰਜਨ ਕਾਲੀਆ, ਬਸਪਾ ਪੰਜਾਬ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ, ਵਿਧਾਇਕ ਡਾ. ਨਛੱਤਰ ਪਾਲ ਤੇ ਅਜੀਤ ਸਿੰਘ ਭੈਣੀ ਤੋਂ ਇਲਾਵਾ ਕਮਿਊਨਿਸਟ ਪਾਰਟੀਆਂ ਦੇ ਬੰਤ ਸਿੰਘ ਬਰਾੜ ਤੇ ਸੁਖਵਿੰਦਰ ਸਿੰਘ ਸੇਖੋਂ ਹਾਜ਼ਰ ਸਨ। ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ ਵੀ ਇਸ ਮੌਕੇ ਹਾਜ਼ਰ ਸਨ।

# ਪ੍ਰਧਾਨ ਮੰਤਰੀ ਮੋਦੀ ਵੱਲੋਂ ਕੇਰਲਾ ਵਿਚ ਵਿਜ਼ਿੰਝਮ ਬੰਦਰਗਾਹ ਦਾ ਉਦਘਾਟਨ

**ਤਿਰੂਵਨੰਤਪੁਰਮ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਵਿਜ਼ਿੰਝਮ ਕੌਮਾਂਤਰੀ ਸਮੁੰਦਰੀ ਬੰਦਰਗਾਹ ਦੇ ਪਹਿਲੇ ਪੜਾਅ ਦਾ ਰਸਮੀ ਉਦਘਾਟਨ ਕੀਤਾ। ਇਸ ਬੰਦਰਗਾਹੀ ਪ੍ਰਾਜੈਕਟ ਨੂੰ 8,867 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਪੂਰਾ ਕੀਤਾ ਗਿਆ ਹੈ।



ਪ੍ਰਧਾਨ ਮੰਤਰੀ ਸਵੇਰੇ 10.15 ਵਜੇ ਤਿਰੂਵਨੰਤਪੁਰਮ ਸ਼ਹਿਰ ਤੋਂ ਹੈਲੀਕਾਪਟਰ ਰਾਹੀਂ ਵਿਜ਼ਿੰਝਮ ਬੰਦਰਗਾਹ ਪਹੁੰਚੇ ਅਤੇ ਟ੍ਰਾਂਸਸ਼ਿਪਮੈਂਟ ਹੱਬ ਦਾ ਦੌਰਾ ਕਰਕੇ ਸਹੂਲਤਾਂ ਦਾ ਜਾਇਜ਼ਾ ਲਿਆ। ਉਪਰੰਤ ਸਵੇਰੇ 11.33 ਵਜੇ, ਉਨ੍ਹਾਂ ਨੇ ਕੇਰਲ ਦੇ ਰਾਜਪਾਲ ਰਾਜੇਂਦਰ ਆਰਲੇਕਰ, ਮੁੱਖ ਮੰਤਰੀ ਪਿਨਾਰਈ ਵਿਜਯਨ, ਅਡਾਨੀ ਸਮੂਹ ਦੇ ਚੇਅਰਮੈਨ ਗੌਤਮ ਅਡਾਨੀ ਅਤੇ ਤਿਰੂਵਨੰਤਪੁਰਮ ਤੋਂ ਕਾਂਗਰਸ ਐੱਮਪੀ ਸ਼ਸ਼ੀ ਥਰੂਰ ਦੀ ਮੌਜੂਦਗੀ ਵਿੱਚ ਸਹੂਲਤ ਦੇ ਪਹਿਲੇ ਪੜਾਅ ਦਾ ਰਸਮੀ ਤੌਰ ’ਤੇ ਉਦਘਾਟਨ ਕੀਤਾ।

ਤਿਰੂਵਨੰਤਪੁਰਮ ਜ਼ਿਲ੍ਹੇ ਵਿਚਲੀ ਇਸ ਬੰਦਰਗਾਹ ਤੋਂ ਕੌਮਾਂਤਰੀ ਵਪਾਰ ਅਤੇ ਸ਼ਿਪਿੰਗ ਵਿੱਚ ਭਾਰਤ ਦੀ ਭੂਮਿਕਾ ਬਦਲਣ ਦੀ ਉਮੀਦ ਹੈ। ਡੂੰਘੇ ਪਾਣੀ ਵਾਲੀ ਇਸ ਬੰਦਰਗਾਹ ਨੂੰ ਅਡਾਨੀ ਪੋਰਟਸ ਐਂਡ ਸਪੈਸ਼ਲ ਇਕਨਾਮਿਕ ਜ਼ੋਨ ਲਿਮਟਿਡ (ਏਪੀਐੱਸਈਜ਼ੈੱਡ) ਦੁਆਰਾ ਵਿਕਸਤ ਕੀਤਾ ਗਿਆ ਹੈ, ਜੋ ਜਨਤਕ ਨਿੱਜੀ ਭਾਈਵਲੀ ਤਹਿਤ ਭਾਰਤ ਦਾ ਸਭ ਤੋਂ ਵੱਡਾ ਬੰਦਰਗਾਹ ਡਿਵੈਲਪਰ ਅਤੇ ਅਡਾਨੀ ਸਮੂਹ ਦਾ ਹਿੱਸਾ ਹੈ। ਇੱਕ ਸਫਲ ਟ੍ਰਾਇਲ ਤੋਂ ਬਾਅਦ, ਬੰਦਰਗਾਹ ਨੂੰ ਪਿਛਲੇ ਸਾਲ 4 ਦਸੰਬਰ ਨੂੰ ਆਪਣਾ ਵਪਾਰਕ ਕਮਿਸ਼ਨਿੰਗ ਸਰਟੀਫਿਕੇਟ ਪ੍ਰਾਪਤ ਹੋਇਆ ਸੀ।

# ਪਾਕਿ ਵੱਲੋਂ ਮਕਬੂਜ਼ਾ ਕਸ਼ਮੀਰ ਅਤੇ ਗਿਲਗਿਤ ਬਾਲਤਿਸਤਾਨ ਦਾ ਹਵਾਈ ਖੇਤਰ ਬੰਦ

**ਨਵੀਂ ਦਿੱਲੀ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵੱਲੋਂ ਸੰਭਾਵੀ ਹਮਲੇ ਦੇ ਮੱਦੇਨਜ਼ਰ ਪਾਕਿਸਤਾਨ ਨੇ ਗਿਲਗਿਤ-ਬਾਲਤਿਸਤਾਨ ਸਮੇਤ ਮਕਬੂਜ਼ਾ ਕਸ਼ਮੀਰ (♦®™) ਦੇ ਵੱਡੇ ਹਿੱਸਿਆਂ ’ਤੇ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਹੈ। ਪਾਕਿਸਤਾਨ ਨੇ ♦®™ ਵਿਚ ਸਿਵਲ ਉਡਾਣ ਦੇ ਰੂਟਾਂ ਨੂੰ ਬੰਦ ਕਰਨ ਬਾਰੇ ਇਕ ਏਅਰਮੈਨ (ਨੋਟਮ) ਨੋਟਿਸ ਜਾਰੀ ਕੀਤਾ ਹੈ। ਇਸ ਵਿਚ ਜੰਮੂ-ਕਸ਼ਮੀਰ ’ਚ ਕਠੂਆ-ਜੰਮੂ-ਰਾਜੌਰੀ-ਪੁਣਛ ਧੁਰੇ ਦੇ ਪੱਛਮ ਵਿਚ ਸਥਿਤ ਪੀਓਕੇ ਦਾ ਹਿੱਸਾ ਸ਼ਾਮਲ ਹੈ।

ਲੱਦਾਖ ਦੇ ਉੱਤਰ ਵਿਚ ਸਥਿਤ ਗਿਲਗਿਤ-ਬਾਲਤਿਸਤਾਨ ਉੱਤੇ ਵੀ ਹਵਾਈ ਖੇਤਰ ਬੰਦ ਹੈ। ਭਾਰਤ ਕੋਲ ਪਹਿਲਾਂ ਹੀ ਲੱਦਾਖ ਵਿਚ ਆਪਣੀਆਂ ਹਵਾਈ ਸੰਪਤੀਆਂ ਹਨ ਅਤੇ ਇਹ ਰਾਵਲਪਿੰਡੀ ਵਿਖੇ ਪਾਕਿ ਫੌਜ ਦੇ ਹੈੱਡਕੁਆਰਟਰ ਵਿਚ ਇਕ ਡਰ ਵਜੋਂ ਹੋ ਸਕਦਾ ਹੈ। ਗ਼ੌਰਤਲਬ ਹੈ ਕਿ ਨਿਰਧਾਰਤ ਖੇਤਰਾਂ ’ਤੇ ਹਵਾਈ ਖੇਤਰ ਬੰਦ ਕਰਨ ਨਾਲ ਇਕ ਸਪੱਸ਼ਟ ਰਡਾਰ ਤਸਵੀਰ ਮਿਲਦੀ ਹੈ। ਕਿਉਂਕਿ ਨਾਗਰਿਕ ਉਡਾਣ ਮੁਅੱਤਲ ਹੈ, ਇਸ ਤੋਂ ਇਲਾਵਾ ਹੋਰ ਕੋਈ ਉਡਾਣ ਫੌਜੀ ਜਹਾਜ਼, ਯੂਏਵੀ, ਮਿਜ਼ਾਈਲ ਜਾਂ ਹੈਲੀਕਾਪਟਰ ਹੋਣਾ ਚਾਹੀਦਾ ਹੈ। ਇਹ ਜ਼ਮੀਨੀ ਕੰਟਰੋਲਰਾਂ ਨੂੰ ਰਾਡਾਰ ਸਕ੍ਰੀਨਾਂ ’ਤੇ ਕੁਝ ਵੀ ਦਿਖਾਈ ਦੇਣ ’ਤੇ ਤੁਰੰਤ ਕਾਰਵਾਈ ਕਰਨ ਵਿਚ ਸਹਿਯੋਗ ਦਿੰਦਾ ਹੈ।

ਹਵਾਈ ਖੇਤਰ ਬੰਦ ਕਰਨ ਦੀ ਇਹ ਕਾਰਵਾਈ ਕਰਾਚੀ ਦੇ ਪੱਛਮ ਖੇਤਰ ਵਿਚ ਹਵਾਈ ਖੇਤਰ ਬੰਦ ਦਾ ਇਕ ਹਿੱਸਾ ਹੈ ਜਿੱਥੇ ਪਹਿਲਾਂ ਅਭਿਆਸ ਜਾਰੀ ਹੈ। ਇਸ ਵਿਚ ਜ਼ਮੀਨ ਤੋਂ ਸਮੁੰਦਰ ਵੱਲ ਦਾਗੀਆਂ ਜਾਣ ਵਾਲੀਆਂ ਮਿਜ਼ਾਈਲਾਂ ਸ਼ਾਮਲ ਹੋਣਗੀਆਂ। 1971 ਦੀ ਜੰਗ ਦੌਰਾਨ ਭਾਰਤ ਨੇ ਕਰਾਚੀ ਬੰਦਰਗਾਹ ’ਤੇ ਸਮੁੰਦਰ ਤੋਂ ਹਮਲਾ ਕੀਤਾ ਸੀ। ਭਾਰਤ ਅਤੇ ਪਾਕਿਸਤਾਨ ਹੁਣ ਅਰਬ ਸਾਗਰ ਵਿੱਚ ਗੁਜਰਾਤ ਦੇ ਪੱਛਮ ਵਿੱਚ ਇਕ ਤੀਬਰ ਜਲ ਸੈਨਾ ਅਭਿਆਸ ਕਰ ਰਹੇ ਹਨ।

**ਦੋਹਾਂ ਦੇਸ਼ਾਂ ਵੱਲੋਂ ਚੇਤਾਵਨੀ ਨੋਟਿਸ ਜਾਰੀ**

ਦੋਹਾਂ ਦੇਸ਼ਾਂ ਨੇ ‘ਨੈਵ-ਏਰੀਆ ਚੇਤਾਵਨੀ’ ਨਾਮਕ ਜਨਤਕ ਨੋਟਿਸ ਜਾਰੀ ਕੀਤੇ ਹਨ ਜਿਸ ਵਿਚ ਸਮੁੰਦਰੀ ਜਹਾਜ਼ਾਂ ਨੂੰ ਅਭਿਆਸਾਂ ਅਤੇ ਸਮੁੰਦਰ ਵਿਚ ਇਨ੍ਹਾਂ ਖੇਤਰਾਂ ਤੋਂ ਦੂਰ ਰਹਿਣ ਦੀ ਜ਼ਰੂਰਤ ਬਾਰੇ ਸੂਚਿਤ ਕੀਤਾ ਗਿਆ ਹੈ। ਪਾਕਿਸਤਾਨ ਅਤੇ ਭਾਰਤ ਆਪੋ ਆਪਣੇ ਪਾਣੀਆਂ ਦੇ ਖੇਤਰ ਵਿਚ ਅਭਿਆਸ ਕਰ ਰਹੇ ਹਨ। ਸਮੁੰਦਰ ਵਿੱਚ ਅਭਿਆਸਾਂ ਦਾ ਨੋਟਿਸ ਦਰਸਾਉਂਦਾ ਹੈ ਕਿ ਦੋ ਪ੍ਰਮਾਣੂ ਹਥਿਆਰਬੰਦ ਦੇਸ਼ਾਂ ਦੀਆਂ ਜਲ ਸੈਨਾਵਾਂ ਸਿਰਫ਼ 150 ਕਿਲੋਮੀਟਰ ਦੂਰ ਹੋਣਗੀਆਂ।

# ਕੇਂਦਰੀ ਮੀਟਿੰਗ: ਹਰਿਆਣਾ ਠੋਸ ਪੱਖ ਰੱਖਣ ’ਚ ਨਾਕਾਮ, ਕੇਂਦਰ ਵੱਲੋਂ ਸਿੱਧੇ ਦਖ਼ਲ ਤੋਂ ਇਨਕਾਰ

**ਚੰਡੀਗੜ੍ਹ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਦੇ ਪਾਣੀ ਵਿਵਾਦ ਬਾਰੇ ਕੇਂਦਰੀ ਗ੍ਰਹਿ ਸਕੱਤਰ ਗੋਬਿੰਦ ਮੋਹਨ ਦੀ ਪ੍ਰਧਾਨਗੀ ਹੇਠ ਹੋਈ ਅੱਜ ਚਾਰ ਸੂਬਿਆਂ ਦੇ ਮੁੱਖ ਸਕੱਤਰਾਂ ਦੀ ਮੀਟਿੰਗ ਵਿੱਚ ਹਰਿਆਣਾ ਵਾਧੂ ਪਾਣੀ ਦੀ ਮੰਗ ਬਾਰੇ ਕੋਈ ਠੋਸ ਦਲੀਲ ਪੇਸ਼ ਕਰਨ ਵਿੱਚ ਫ਼ੇਲ੍ਹ ਰਿਹਾ। ਕੇਂਦਰੀ ਗ੍ਰਹਿ ਸਕੱਤਰ ਨੇ ਪੰਜਾਬ ਤੇ ਹਰਿਆਣਾ ਨੂੰ ਮੌਜੂਦਾ ਮਾਮਲੇ ’ਤੇ ਜ਼ਿੱਦ ਛੱਡਣ ਦੀ ਨਸੀਹਤ ਦਿੱਤੀ ਅਤੇ ਹਰਿਆਣਾ ਨੂੰ ਵਾਧੂ ਪਾਣੀ ਦੀ ਲੋੜ ਬਾਰੇ ਬੀਬੀਐੱਮਬੀ ਕੋਲ ਵਿਸਥਾਰ ਵਿੱਚ ਤਰਕ ਪੇਸ਼ ਕਰਨ ਲਈ ਕਿਹਾ।

ਗ੍ਰਹਿ ਸਕੱਤਰ ਨੇ ਕਿਹਾ ਜੇ ਹਰਿਆਣਾ ਦੀ ਵਾਧੂ ਪਾਣੀ ਦੀ ਮੰਗ ਵਿੱਚ ਵਜ਼ਨ ਹੋਇਆ ਤਾਂ ਹਰਿਆਣਾ ਬਿਨਾਂ ਸ਼ਰਤ ਤੋਂ ਲੋੜ ਮੁਤਾਬਿਕ ਪੰਜਾਬ ਤੋਂ ਉਧਾਰ ਪਾਣੀ ਲੈ ਲਵੇ ਅਤੇ ਪੰਜਾਬ ਦੀ ਲੋੜ ਵੇਲੇ ਹਰਿਆਣਾ ਨੂੰ ਇਹ ਪਾਣੀ ਵਾਪਸ ਕਰਨਾ ਪਵੇਗਾ। ਪੰਜਾਬ ਤਰਫ਼ੋਂ ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ (ਗ੍ਰਹਿ) ਅਲੋਕ ਸ਼ੇਖਰ ਅਤੇ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਮੌਜੂਦ ਸਨ।ਕੇਂਦਰੀ ਗ੍ਰਹਿ ਸਕੱਤਰ ਨੇ ਪੰਜਾਬ ਤੇ ਹਰਿਆਣਾ ਦੇ ਮੌਜੂਦਾ ਵਿਵਾਦ ਵਿੱਚ ਕੋਈ ਸਿੱਧਾ ਦਖ਼ਲ ਦੇਣ ਤੋਂ ਇਨਕਾਰ ਕੀਤਾ ਅਤੇ ਮਸ਼ਵਰਾ ਦਿੱਤਾ ਕਿ ਆਉਂਦੇ ਦਿਨਾਂ ਵਿੱਚ ਦੋਵੇਂ ਸੂਬੇ ਮੁੜ ਮੀਟਿੰਗ ਕਰਨ। ਪੰਜਾਬ ਨੂੰ ਇਹ ਨਿਰਦੇਸ਼ ਦਿੱਤੇ ਕਿ ਪੰਜਾਬ ਸਰਕਾਰ ਆਪਣੀ ਪਾਣੀ ਦੀ ਲੋੜ ਨੂੰ ਵਾਜਬ ਠਹਿਰਾਉਣ ਬਾਰੇ ਠੋਸ ਤੱਥ ਪੇਸ਼ ਕਰੇ। ਜਾਣਕਾਰੀ ਅਨੁਸਾਰ ਹਰਿਆਣਾ 8500 ਕਿਊਸਿਕ ਵਾਧੂ ਪਾਣੀ ਦੀ ਮੰਗ ਬਾਰੇ ਕੇਂਦਰੀ ਗ੍ਰਹਿ ਸਕੱਤਰ ਨੂੰ ਸਹਿਮਤ ਨਹੀਂ ਕਰ ਸਕਿਆ। ਹਰਿਆਣਾ ਦੇ ਅਧਿਕਾਰੀ ਮੀਟਿੰਗ ਵਿੱਚ ਇਹੋ ਆਖਦੇ ਰਹੇ ਕਿ ਪਿਛਲੇ ਦਸ ਸਾਲ ਤੋਂ ਵਾਧੂ ਪਾਣੀ ਮਿਲ ਰਿਹਾ ਸੀ। ਗ੍ਰਹਿ ਸਕੱਤਰ ਨੇ ਕਿਹਾ ਕਿ ਬੀਬੀਐੱਮਬੀ ਦੋਵੇਂ ਸੂਬਿਆਂ ਨੂੰ ਪਾਣੀ ਦੀਆਂ ਲੋੜਾਂ ਅਤੇ ਡੈਮਾਂ ਵਿੱਚ ਪਾਣੀ ਦੀ ਉਪਲਬਧਤਾ ਨੂੰ ਦੇਖਦਿਆਂ ਫ਼ੈਸਲਾ ਲਵੇ।

# ਪੰਜਾਬ, ਹਰਿਆਣਾ ਵਿੱਚ ਮੀਂਹ, ਹਨੇਰੀ; ਦਿੱਲੀ ਵਿੱਚ ਉਡਾਣਾਂ ਪ੍ਰਭਾਵਿਤ, ਨਜਫਗੜ੍ਹ ਵਿੱਚ ਘਰ ਢਹਿਣ ਨਾਲ 4 ਦੀ ਮੌਤ

**ਚੰਡੀਗੜ੍ਹ/ਨਵੀਂ ਦਿੱਲੀ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਸ਼ੁੱਕਰਵਾਰ ਸਵੇਰੇ ਭਾਰੀ ਮੀਂਹ ਪੈਣ ਨਾਲ ਤਾਪਮਾਨ ਵਿੱਚ ਕਾਫ਼ੀ ਗਿਰਾਵਟ ਆਈ ਹੈ। ਵੀਰਵਾਰ ਰਾਤ ਨੂੰ ਕਈ ਥਾਵਾਂ ’ਤੇ ਤੇਜ਼ ਹਵਾਵਾਂ ਚੱਲਣ ਤੇ ਗਰਜ ਨਾਲ ਮੀਂਹ ਪੈਣ ਕਾਰਨ ਦਰੱਖਤ ਉੱਖੜ ਗਏ ਅਤੇ ਜਾਇਦਾਦ ਨੂੰ ਨੁਕਸਾਨ ਪਹੁੰਚਿਆ ਹੈ।



ਇਸ ਦੌਰਾਨ ਭਾਰੀ ਮੀਂਹ ਕਰਕੇ ਸ਼ੁੱਕਰਵਾਰ ਸਵੇਰੇ ਦਿੱਲੀ ਵਿੱਚ ਇੱਕ ਘਰ ਢਹਿ ਜਾਣ ਕਾਰਨ ਤਿੰਨ ਬੱਚਿਆਂ ਅਤੇ ਇੱਕ ਔਰਤ ਦੀ ਮੌਤ ਹੋ ਗਈ। ਦਿੱਲੀ ਫਾਇਰ ਸਰਵਿਸਿਜ਼ ਦੇ ਅਧਿਕਾਰੀ ਨੇ ਕਿਹਾ, “ਸਾਨੂੰ ਸਵੇਰੇ 5.25 ਵਜੇ ਨਜਫਗੜ੍ਹ ਦੇ ਖਰਕੜੀ ਨਾਹਰ ਪਿੰਡ ਵਿੱਚ ਇੱਕ ਘਰ ਢਹਿ ਜਾਣ ਬਾਰੇ ਜਾਣਕਾਰੀ ਮਿਲੀ। ਅਸੀਂ ਮੌਕੇ ’ਤੇ ਕਈ ਟੀਮਾਂ ਤਾਇਨਾਤ ਕੀਤੀਆਂ ਅਤੇ ਚਾਰ ਲੋਕਾਂ ਨੂੰ ਮਲਬੇ ਵਿੱਚੋਂ ਬਚਾਇਆ ਗਿਆ।” ਉਨ੍ਹਾਂ ਕਿਹਾ, “ਪੀੜਤਾਂ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।” ਮੌਸਮ ਵਿੱਚ ਅਚਾਨਕ ਬਦਲਾਅ ਦੇ ਕਾਰਨ ਭਾਰਤੀ ਮੌਸਮ ਵਿਭਾਗ ਨੇ ਦਿੱਲੀ ਲਈ ਰੈੱਡ ਅਲਰਟ ਜਾਰੀ ਕੀਤਾ ਹੈ। ਉਧਰ ਦਿੱਲੀ ਹਵਾਈ ਅੱਡੇ ’ਤੇ ਸ਼ੁੱਕਰਵਾਰ ਸਵੇਰੇ ਤੂਫ਼ਾਨ ਅਤੇ ਤੇਜ਼ ਹਵਾਵਾਂ ਕਾਰਨ ਤਿੰਨ ਉਡਾਣਾਂ ਨੂੰ ਡਾਇਵਰਟ ਕੀਤਾ ਗਿਆ ਹੈ ਜਦੋਂਕਿ 100 ਤੋਂ ਵੱਧ ਉਡਾਣਾਂ ਵਿੱਚ ਦੇਰੀ ਹੋਈ। ਇਕ ਅਧਿਕਾਰੀ ਨੇ ਕਿਹਾ ਕਿ ਜਿਹੜੀਆਂ ਦੋ ਉਡਾਣਾਂ ਨੇ ਦਿੱਲੀ ਹਵਾਈ ਅੱਡੇ ’ਤੇ ਉਤਰਨਾ ਸੀ, ਵਿਚੋਂ ਇਕ ਨੂੰ ਜੈਪੁਰ ਤੇ ਦੂਜੀ ਨੂੰ ਅਹਿਮਦਾਬਾਦ ਡਾਇਵਰਟ ਕੀਤਾ ਗਿਆ ਹੈ। ਫਲਾਈਟ ਟਰੈਕਿੰਗ ਵੈੱਬਸਾਈਟ ਦੇ ਡੇਟਾ ਮੁਤਾਬਕ 100 ਤੋਂ ਵੱਧ ਉਡਾਣਾਂ ਵਿਚ ਦੇਰੀ ਹੋਈ ਹੈ। ਦਿੱਲੀ ਇੰਟਰਨੈਸ਼ਨਲ ਏਅਰਪੋਰਟ ਲਿਮਟਿਡ (ਡਾਇਲ), ਜੋ ਹਵਾਈ ਅੱਡੇ ਦਾ ਸੰਚਾਲਨ ਕਰਦੀ ਹੈ, ਨੇ ਸਵੇਰੇ 5.20 ਵਜੇ ‘ਐਕਸ’ ਉੱਤੇ ਇੱਕ ਪੋਸਟ ਵਿੱਚ ਕਿਹਾ ਕਿ ਖਰਾਬ ਮੌਸਮ ਕਾਰਨ ਕੁਝ ਉਡਾਨਾਂ ਅਸਰਅੰਦਾਜ਼ ਹੋਈਆਂ ਹਨ।

# ਥਰੂਰ ਦੀ ਮੌਜੂਦਗੀ ਕਈ ਲੋਕਾਂ ਦੀ ਰਾਤਾਂ ਦੀ ਨੀਂਦ ਹਰਾਮ ਕਰ ਦੇਵੇਗੀ : ਮੋਦੀ

**ਤਿਰੂਵਨੰਤਪੁਰਮ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਮੁੱਖ ਮੰਤਰੀ ਪਿਨਰਾਈ ਵਿਜਯਨ ਅਤੇ ਸੀਨੀਅਰ ਕਾਂਗਰਸ ਨੇਤਾ ਸ਼ਸ਼ੀ ਥਰੂਰ ਦੀ ਮੌਜੂਦਗੀ ’ਚ ਇੱਥੇ ਵਿਝਿਨਜਮ ਅੰਤਰਰਾਸ਼ਟਰੀ ਬੰਦਰਗਾਹ ਦਾ ਅਧਿਕਾਰਤ ਤੌਰ ’ਤੇ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਉਦਘਾਟਨ ਸਮੇਂ ਉਨ੍ਹਾਂ (ਦੋਵਾਂ ਆਗੂਆਂ) ਦੀ ਮੌਜੂਦਗੀ ÷ਬਹੁਤ ਸਾਰੇ ਲੋਕਾਂ ਦੀ ਨੀਂਦ ਹਰਾਮ ਕਰ ਦੇਵੇਗੀ÷। ਪੀ.ਐੱਮ. ਮੋਦੀ ਨੇ ਵਿਜਯਨ ਨੂੰ ਵਿਰੋਧੀ ਪਾਰਟੀਆਂ ਦੇ ’ਭਾਰਤ’ ਗੱਠਜੋੜ ਦਾ ‘ਥੰਮ’÷ ਵੀ ਦੱਸਿਆ। ਪ੍ਰਧਾਨ ਮੰਤਰੀ ਨੇ ਮੰਚ ’ਤੇ ਮੌਜੂਦ ਵਿਜਯਨ ਅਤੇ ਥਰੂਰ ਨੂੰ ਕਿਹਾ ਕਿ ਉਦਘਾਟਨ ਸਮਾਰੋਹ ਵਿੱਚ ਉਨ੍ਹਾਂ ਦੀ ਮੌਜੂਦਗੀ ਬਹੁਤ ਸਾਰੇ ਲੋਕਾਂ ਦੀਆਂ ਰਾਤਾਂ ਦੀ ਨੀਂਦ ਹਰਾਮ ਕਰ ਦੇਵੇਗੀ।



ਹਾਲਾਂਕਿ ਉਨ੍ਹਾਂ ਦੇ ਭਾਸ਼ਣ ਦਾ ਅਨੁਵਾਦ ਕਰਨ ਵਾਲੇ ਵਿਅਕਤੀ ਨੇ ਇਸ ਦਾ ਠੀਕ ਤਰ੍ਹਾਂ ਅਨੁਵਾਦ ਨਹੀਂ ਕੀਤਾ, ਜਿਸ ’ਤੇ ਪ੍ਰਧਾਨ ਮੰਤਰੀ ਨੂੰ ਇਹ ਕਹਿਣਾ ਪਿਆ ਕਿ ’ਸੰਦੇਸ਼ ਉਨ੍ਹਾਂ ਤੱਕ ਪਹੁੰਚ ਗਿਆ ਹੈ, ਜਿਨ੍ਹਾਂ ਤੱਕ ਸੰਦੇਸ਼ ਪਹੁੰਚਾਉਣਾ ਸੀ’। ਦੇਸ਼ ’ਚ ਵਿਕਾਸ ਦਾ ਵੇਰਵਾ ਦਿੰਦੇ ਹੋਏ ਪੀ.ਐੱਮ. ਮੋਦੀ ਨੇ ਕਿਹਾ ਕਿ ਜਹਾਜ਼ਾਂ ’ਚ ਯਾਤਰਾ ਕਰਨ ਵਾਲੇ ਲੋਕਾਂ ਦੀ ਗਿਣਤੀ ਦੇ ਮਾਮਲੇ ’ਚ ਭਾਰਤ ਦੁਨੀਆ ਦੇ ਚੋਟੀ ਦੇ ਤਿੰਨ ਦੇਸ਼ਾਂ ’ਚ ਸ਼ਾਮਲ ਹੈ ਅਤੇ ਪਿਛਲੇ 10 ਸਾਲਾਂ ’ਚ ਸਾਡੇ ਬੰਦਰਗਾਹਾਂ ਦੀ ਸਮਰੱਥਾ ਦੁੱਗਣੀ ਹੋ ਗਈ ਹੈ।

# ਨੈਸ਼ਨਲ ਹੈਰਾਲਡ ਕੇਸ: ਅਦਾਲਤ ਨੇ ਸੋਨੀਆ-ਰਾਹੁਲ ਨੂੰ ਭੇਜਿਆ ਨੋਟਿਸ

**ਨਵੀਂ ਦਿੱਲੀ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੀ ਇਕ ਅਦਾਲਤ ਨੇ ਸ਼ੁੱਕਰਵਾਰ ਨੂੰ ਨੈਸ਼ਨਲ ਹੈਰਾਲਡ ਮਨੀ ਲਾਂਡਰਿੰਗ ਮਾਮਲੇ ਵਿਚ ਕਾਂਗਰਸ ਦੀ ਨੇਤਾ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨੂੰ ਨੋਟਿਸ ਜਾਰੀ ਕੀਤਾ। ਵਿਸ਼ੇਸ਼ ਜਸਟਿਸ ਵਿਸ਼ਾਲ ਗੋਗਨੇ ਨੇ ਕਿਹਾ ਕਿ ਦੋਸ਼ ਪੱਤਰ ’ਤੇ ਨੋਟਿਸ ਲੈਣ ਦੇ ਸਮੇਂ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨੂੰ ਆਪਣਾ ਪੱਖ ਰੱਖਣ ਦਾ ਅਧਿਕਾਰ ਹੈ।



ਜੱਜ ਨੇ ਕਿਹਾ ਕਿ ਕਿਸੇ ਵੀ ਪੱਧਰ ’ਤੇ ਪੱਖ ਰੱਖਣ ਦਾ ਅਧਿਕਾਰ ਨਿਰਪੱਖ ਸੁਣਵਾਈ ਦੀ ਜਾਨ ਹੈ। ਉਨ੍ਹਾਂ ਨੇ ਮਾਮਲੇ ਦੀ ਅਗਲੀ ਸੁਣਵਾਈ 8 ਮਈ ਲਈ ਤੈਅ ਕੀਤੀ। ਹਾਲ ਵਿਚ ਦੋਸ਼ ਪੱਤਰ ਦਾਖ਼ਲ ਕਰਨ ਵਾਲੇ ਈਡੀ ਨੇ 2021 ’ਚ ਆਪਣੀ ਜਾਂਚ ਸ਼ੁਰੂ ਕੀਤੀ ਸੀ, ਜਦ ਇਕ ਮੈਜਿਸਟ੍ਰੇਟ ਅਦਾਲਤ ਨੇ 26 ਜੂਨ 2014 ਨੂੰ ਭਾਜਪਾ ਨੇਤਾ ਸੁਬਰਮਣੀਅਮ ਸਵਾਮੀ ਵਲੋਂ ਦਾਇਰ ਇਕ ਨਿੱਜੀ ਸ਼ਿਕਾਇਤ ’ਤੇ ਨੋਟਿਸ ਲਿਆ ਸੀ।

ਈਡੀ ਨੇ ਕਿਹਾ ਕਿ ਸ਼ਿਕਾਇਤ ਵਿਚ ਕਈ ਪ੍ਰਮੁੱਖ ਸਿਆਸੀ ਹਸਤੀਆਂ ਵਲੋਂ ਇਕ ਅਪਰਾਧਕ ਸਾਜ਼ਿਸ਼ ਨੂੰ ਉਜਾਗਰ ਕੀਤਾ ਗਿਆ ਹੈ, ਜਿਸ ਵਿਚ ਕਾਂਗਰਸ ਨੇਤਾ ਸੋਨੀਆ ਗਾਂਧੀ, ਉਨ੍ਹਾਂ ਦੇ ਸੰਸਦ ਪੁੱਤਰ ਰਾਹੁਲ ਗਾਂਧੀ, ਕਾਂਗਰਸ ਦੇ ਮਰਹੂਮ ਨੇਤਾ ਮੋਤੀਲਾਲ ਵੋਰਾ ਅਤੇ ਆਸਕਰ ਫਰਨਾਂਡੀਜ਼ ਤੋਂ ਇਲਾਵਾ ਹੋਰ ਨੇਤਾਵਾਂ ਅਤੇ ਇਕ ਨਿੱਜੀ ਕੰਪਨੀ ਯੰਗ ਇੰਡੀਅਨ ਸ਼ਾਮਲ ਹੈ। ਇਨ੍ਹਾਂ ਸਾਰਿਆਂ ’ਤੇ ਐਸੋਸੀਏਟਿਡ ਜਰਨਲਜ਼ ਲਿਮਟਿਡ (ਏ.ਜੇ.ਐਲ) ਨਾਲ ਸਬੰਧਤ 2,000 ਕਰੋੜ ਰੁਪਏ ਤੋਂ ਵੱਧ ਦੀਆਂ ਜਾਇਦਾਦਾਂ ਨੂੰ ਗਲਤ ਤਰੀਕੇ ਨਾਲ ਹਾਸਲ ਕਰਕੇ ਮਨੀ ਲਾਂਡਰਿੰਗ ਵਿਚ ਸ਼ਾਮਲ ਹੋਣ ਦਾ ਦੋਸ਼ ਹੈ। ਸੋਨੀਆ ਅਤੇ ਰਾਹੁਲ ਯੰਗ ਇੰਡੀਅਨ ਦੇ ਸ਼ੇਅਰਧਾਰਕ ਹਨ ਅਤੇ ਦੋਵਾਂ ਕੋਲ 38-38 ਫ਼ੀਸਦੀ ਸ਼ੇਅਰ ਹਨ।

# ਤਿਵਾੜੀ ਨੇ ਹਵਾਈ ਸੈਨਾ ਦੇ ਉਪ ਮੁਖੀ ਵਜੋਂ ਅਹੁਦਾ ਸੰਭਾਲਿਆ



**ਨਵੀਂ ਦਿੱਲੀ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਏਅਰ ਮਾਰਸ਼ਲ ਨਰਮਦੇਸ਼ਵਰ ਤਿਵਾੜੀ ਨੇ ਸ਼ੁੱਕਰਵਾਰ ਨੂੰ ਹਵਾਈ ਸੈਨਾ ਦੇ ਨਵੇਂ ਉਪ ਮੁਖੀ ਵਜੋਂ ਅਹੁਦਾ ਸੰਭਾਲਿਆ ਹੈ।

ਉਹ ਏਅਰ ਮਾਰਸ਼ਲ ਐੱਸਪੀ ਧਾਰਕਰ ਦੀ ਥਾਂ ਲੈਣਗੇ, ਜੋ 30 ਅਪ੍ਰੈਲ ਨੂੰ ਸੇਵਾਮੁਕਤ ਹੋਏ ਸਨ। ਹਵਾਈ ਸੈਨਾ ਦੇ ਉਪ ਮੁਖੀ ਵਜੋਂ ਅਹੁਦਾ ਸੰਭਾਲਣ ਤੋਂ ਪਹਿਲਾਂ ਏਅਰ ਮਾਰਸ਼ਲ ਤਿਵਾੜੀ ਨੇ ਗਾਂਧੀਨਗਰ ਸਥਿਤ ਦੱਖਣ ਪੱਛਮੀ ਹਵਾਈ ਸੈਨਾ ਕਮਾਂਡ (SWAC) ਦੇ ਏਅਰ ਅਫਸਰ ਕਮਾਂਡਿੰਗ-ਇਨ-ਚੀਫ਼ (AOC-in-C) ਵਜੋਂ ਸੇਵਾ ਨਿਭਾਈ। ਏਅਰ ਮਾਰਸ਼ਲ ਨੂੰ ਹਵਾਈ ਸੈਨਾ ਦੇ ਮੁੱਖ ਦਫ਼ਤਰ ਵਾਯੂ ਭਵਨ ਵਿਖੇ ਗਾਰਡ ਆਫ਼ ਆਨਰ ਦਿੱਤਾ ਗਿਆ।

# ਪਹਿਲਗਾਮ ’ਚ ਮਾਰੇ ਗਏ 26 ਸੈਲਾਨੀਆਂ ਨੂੰ ਸ਼ਹੀਦ ਐਲਾਨਣ ਦੀ ਮੰਗ ਕਰਦੀ ਪਟੀਸ਼ਨ ਹਾਈ ਕੋਰਟ ’ਚ ਦਾਖ਼ਲ

**ਜੰਮੂ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ 22 ਅਪਰੈਲ ਨੂੰ ਹੋਏ ਦਹਿਸ਼ਤੀ ਹਮਲੇ ਵਿੱਚ ਮਾਰੇ ਗਏ 26 ਨਿਹੱਥੇ ਸੈਲਾਨੀਆਂ ਨੂੰ ਮਰਨ ਉਪਰੰਤ ‘ਸ਼ਹੀਦ’ ਦਾ ਦਰਜਾ ਦੇਣ ਦੀ ਮੰਗ ਕਰਦੀ ਇਕ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਕੀਤੀ ਗਈ ਹੈ। ਹਾਈ ਕੋਰਟ ਵਿਚ ਪ੍ਰੈਕਟਿਸ ਕਰ ਰਹੇ ਵਕੀਲ ਆਯੂਸ਼ ਅਹੂਜਾ ਵੱਲੋਂ ਦਾਇਰ ਜਨਹਿੱਤ ਪਟੀਸ਼ਨ ਵਿੱਚ ਦਹਿਸ਼ਤੀ ਹਮਲੇ ਦੇ ਪੀੜਤਾਂ ਨੂੰ ਜੀਵਨ ਭਰ ਦੀ ਸ਼ਰਧਾਂਜਲੀ ਵਜੋਂ ਅਧਿਕਾਰਤ ਤੌਰ ’ਤੇ ‘ਸ਼ਹੀਦ’ ਦਾ ਦਰਜਾ ਦੇਣ ਲਈ ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ।

ਅਹੂਜਾ ਨੇ ਪੀੜਤਾਂ ਦੇ ਬੁੱਤ ਸਥਾਪਿਤ ਕਰਨ ਦੀ ਮੰਗ ਕੀਤੀ ਹੈ, ਜਿਨ੍ਹਾਂ ’ਤੇ ਸੁਨਹਿਰੀ ਅੱਖਰਾਂ ਵਿੱਚ ਉਨ੍ਹਾਂ ਦੇ ਨਾਮ ਲਿਖੇ ਹੋਣ। ਪਟੀਸ਼ਨਰ ਨੇ ਮਾਰੇ ਗਏ ਸੈਲਾਨੀਆਂ ਦੇ ਸਨਮਾਨ ਵਿਚ ਅਤੇ ਉਨ੍ਹਾਂ ਦੀ ਕੁਰਬਾਨੀ ਨੂੰ ਰਾਸ਼ਟਰੀ ਚੇਤਨਾ ਵਿੱਚ ਸ਼ਾਮਲ ਕਰਨ ਲਈ ਹਮਲੇ ਵਾਲੀ ਥਾਂ ਦਾ ਨਾਮ ‘ਯਾਦਗਾਰੀ ਸ਼ਹੀਦ/ਸ਼ਹੀਦ ਹਿੰਦੂ ਵੈਲੀ ਟੂਰਿਸਟ ਪਲੇਸ’ ਰੱਖਣ ਦੀ ਮੰਗ ਵੀ ਕੀਤੀ।

ਅਹੂਜਾ ਨੇ ਇਸ ਘਟਨਾ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਸੈਲਾਨੀ ਕਸ਼ਮੀਰ ਦੀ ਕੁਦਰਤੀ ਸੁੰਦਰਤਾ ਦਾ ਆਨੰਦ ਮਾਣ ਰਹੇ ਸਨ ਜਦੋਂ ਅਣਪਛਾਤੇ ਦਹਿਸ਼ਤਗਰਦਾਂ ਨੇ ਧਰਮ ਦੇ ਆਧਾਰ ’ਤੇ ਉਨ੍ਹਾਂ ਦੀ ਪਛਾਣ ਕਰਨ ਤੋਂ ਬਾਅਦ ਉਨ੍ਹਾਂ ਨੂੰ ਬੇਰਹਿਮੀ ਨਾਲ ਗੋਲੀ ਮਾਰ ਦਿੱਤੀ।

# ਭਾਰਤ ਵਿਚ ਫਸੇ ਨਾਗਰਿਕਾਂ ਨੂੰ ਵਾਹਗਾ ਸਰਹੱਦ ਰਾਹੀਂ ਵਾਪਸ ਆਉਣ ਦੀ ਆਗਿਆ ਦੇਵਾਂਗੇ: ਪਾਕਿਸਤਾਨ

**ਇਸਲਾਮਾਬਾਦ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਉਹ ਭਾਰਤ ਵਿਚ ਫਸੇ ਆਪਣੇ ਨਾਗਰਿਕਾਂ ਲਈ ਵਾਹਗਾ ਸਰਹੱਦੀ ਲਾਂਘੇ ਦੀ ਵਰਤੋਂ ਦੀ ਆਗਿਆ ਜਾਰੀ ਰੱਖੇਗਾ। ਭਾਰਤ ਵਿਚ ਅੰਮ੍ਰਿਤਸਰ ਅਤੇ ਪਾਕਿਸਤਾਨ ਵਿਚ ਲਾਹੌਰ ਦੇ ਨੇੜੇ ਸਥਿਤ ਅਟਾਰੀ-ਵਾਹਗਾ ਸਰਹੱਦ ਨੂੰ 30 ਅਪਰੈਲ ਤੱਕ ਖੁੱਲ੍ਹਾ ਰੱਖਣ ਤੋਂ ਬਾਅਦ ਵੀਰਵਾਰ ਨੂੰ ਬੰਦ ਕਰ ਦਿੱਤਾ ਗਿਆ ਹੈ।




ਵੀਰਵਾਰ ਨੂੰ ਸਰਹੱਦ ’ਤੇ 70 ਪਾਕਿਸਤਾਨੀ ਨਾਗਰਿਕ ਫਸੇ ਹੋਣ ਦੀ ਖ਼ਬਰ ਹੈ। ਮੀਡੀਆ ਦੇ ਸਵਾਲਾਂ ਦੇ ਜਵਾਬ ਵਿਚ ਪਾਕਿਸਤਾਨ ਵਿਦੇਸ਼ ਮੰਤਰਾਲੇ (ਐਮਓਐਫਏ) ਦੇ ਬੁਲਾਰੇ ਨੇ ਭਾਰਤੀ ਪਾਸੇ ਅਟਾਰੀ ਸਰਹੱਦ ’ਤੇ ਫਸੇ ਪਾਕਿਸਤਾਨੀ ਨਾਗਰਿਕਾਂ, ਬੱਚਿਆਂ ਸਮੇਤ ਹੋਣ ਦੀਆਂ ਰਿਪੋਰਟਾਂ ਨੂੰ ਸਵੀਕਾਰ ਕੀਤਾ।ਐਮਓਐੱਫਏ ਦੇ ਬੁਲਾਰੇ ਨੇ ਕਿਹਾ, “ਅਸੀਂ ਮੀਡੀਆ ਰਿਪੋਰਟਾਂ ਤੋਂ ਜਾਣੂ ਹਾਂ ਜੋ ਦਰਸਾਉਂਦੀਆਂ ਹਨ ਕਿ ਕੁਝ ਪਾਕਿਸਤਾਨੀ ਨਾਗਰਿਕ ਅਟਾਰੀ ਵਿਚ ਫਸੇ ਹੋਏ ਹਨ। ਅਸੀਂ ਆਪਣੇ ਨਾਗਰਿਕਾਂ ਨੂੰ ਪ੍ਰਾਪਤ(ਰੀਸੀਵ) ਕਰਨ ਲਈ ਤਿਆਰ ਹਾਂ ਜੇਕਰ ਭਾਰਤੀ ਅਧਿਕਾਰੀ ਉਨ੍ਹਾਂ ਨੂੰ ਆਪਣੇ ਪਾਸੇ ਤੋਂ ਸਰਹੱਦ ਪਾਰ ਕਰਨ ਦੀ ਇਜਾਜ਼ਤ ਦਿੰਦੇ ਹਨ।

ਬੁਲਾਰੇ ਨੇ ਕਿਹਾ ਕਿ ਵਾਹਗਾ ਸਰਹੱਦ ਭਵਿੱਖ ਵਿਚ ਵੀ ਵਾਪਸ ਆਉਣ ਦੇ ਚਾਹਵਾਨ ਪਾਕਿਸਤਾਨੀ ਨਾਗਰਿਕਾਂ ਲਈ ਖੁੱਲ੍ਹੀ ਰਹੇਗੀ। ਵਿਦੇਸ਼ ਦਫ਼ਤਰ ਨੇ ਪਾਕਿਸਤਾਨੀ ਨਾਗਰਿਕਾਂ ਦੇ ਵੀਜ਼ੇ ਰੱਦ ਕਰਨ ਦੇ ਭਾਰਤ ਦੇ ਫੈਸਲੇ ਦੀ ਵੀ ਆਲੋਚਨਾ ਕੀਤੀ। ਡਾਕਟਰੀ ਇਲਾਜ ਅਤੇ ਪਰਿਵਾਰਕ ਵਿਛੋੜੇ ਵਿਚ ਰੁਕਾਵਟਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਹੈ,“ ਪਾਕਿਸਤਾਨੀ ਨਾਗਰਿਕਾਂ ਦੇ ਵੀਜ਼ੇ ਰੱਦ ਕਰਨ ਦਾ ਭਾਰਤੀ ਫੈਸਲਾ ਗੰਭੀਰ ਮਨੁੱਖੀ ਚੁਣੌਤੀਆਂ ਪੈਦਾ ਕਰ ਰਿਹਾ ਹੈ।”

ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨੀ ਨਾਗਰਿਕਾਂ ਨੂੰ ‘ਭਾਰਤ ਛੱਡੋ’ ਨੋਟਿਸ ਜਾਰੀ ਕੀਤਾ ਸੀ। ਸਾਰਕ ਵੀਜ਼ਾ ਰੱਖਣ ਵਾਲਿਆਂ ਲਈ ਭਾਰਤ ਛੱਡਣ ਦੀ ਆਖਰੀ ਮਿਤੀ 26 ਅਪਰੈਲ ਸੀ।

# ਧੂਮਧਾਮ ਨਾਲ ਮਨਾਇਆ ਗਿਆ ਆਚਾਰੀਆ ਸੁਧਾਂਸ਼ੂ ਜੀ ਮਹਾਰਾਜ ਦਾ ਜਨਮ ਦਿਨ

**ਪਟਿਆਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਪ੍ਰਸਿੱਧ ਸੰਤ, ਸਤਿਕਾਰਯੋਗ ਆਚਾਰੀਆ ਸੁਧਾਂਸ਼ੂ ਜੀ ਮਹਾਰਾਜ ਦਾ ਜਨਮ ਦਿਨ ਬਹੁਤ ਧੂਮਧਾਮ ਅਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਂਦਾ ਹੈ। ਪਟਿਆਲਾ ਮੰਡਲ ਨੇ ਵੀ ਸਥਾਨਕ ਗੋਬਿੰਦ ਬਾਗ ਆਸ਼ਰਮ ਵਿਖੇ ਆਚਾਰੀਆ ਸੁਧਾਂਸ਼ੂ ਜੀ ਮਹਾਰਾਜ ਦਾ 70ਵਾਂ ਜਨਮਦਿਨ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ। ਇਸ ਮੌਕੇ ਲਗਭਗ 500 ਸ਼ਰਧਾਲੂਆਂ ਨੇ ਹਿੱਸਾ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਦੀਪ ਜਗਾ ਕੇ ਕੀਤੀ ਗਈ। ਪਟਿਆਲਾ ਮੰਡਲ ਦੀ ਭਜਨ ਮੰਡਲੀ ਦੇ ਮੈਂਬਰਾਂ ਵੱਲੋਂ ਮਿੱਠੇ ਭਜਨ ਗਾਏ ਗਏ। ਪਟਿਆਲਾ ਮੰਡਲ ਦੇ ਪ੍ਰਧਾਨ ਸ਼੍ਰੀ ਅਜੈ ਅਲੀਪੁਰੀਆ ਨੇ ਆਚਾਰੀਆ ਸੁਧਾਂਸ਼ੂ ਜੀ ਦੀ ਲੰਬੀ ਉਮਰ ਦੀ ਕਾਮਨਾ ਕੀਤੀ ਅਤੇ ਪਰਮਾਤਮਾ ਅੱਗੇ ਪ੍ਰਾਰਥਨਾ ਕੀਤੀ ਕਿ ਉਨ੍ਹਾਂ ਦਾ ਆਸ਼ੀਰਵਾਦ ਹਮੇਸ਼ਾ ਸ਼ਰਧਾਲੂਆਂ @ਤੇ ਬਣਿਆ ਰਹੇ।



ਸ਼੍ਰੀ ਅਜੈ ਅਲੀਪੁਰੀਆ ਨੇ ਦੱਸਿਆ ਕਿ ਆਚਾਰੀਆ ਸੁਧਾਂਸ਼ੂ ਜੀ ਮਹਾਰਾਜ ਨੇ ਸਨਾਤਨ ਧਰਮ ਅਤੇ ਸੰਸਕ੍ਰਿਤੀ @ਤੇ ਉਪਦੇਸ਼ ਅਤੇ ਭਾਸ਼ਣ ਦੇਣ ਦੇ 50 ਸਾਲ ਪੂਰੇ ਕਰ ਲਏ ਹਨ। ਗੁਰੂਦੇਵ ਦੇ ਜਨਮ ਦਿਨ ਦੇ ਪ੍ਰੋਗਰਾਮ ਬਾਰੇ ਦੱਸਦੇ ਹੋਏ, ਉਨ੍ਹਾਂ ਕਿਹਾ ਕਿ ਆਚਾਰੀਆ ਸੁਧਾਂਸ਼ੂ ਜੀ ਦੇ ਜਨਮ ਦਿਨ @ਤੇ, 3 ਮਈ ਤੋਂ 4 ਮਈ 2025 ਤੱਕ ਆਨੰਦ ਧਾਮ ਆਸ਼ਰਮ ਦਿੱਲੀ ਅਤੇ ਪ੍ਰਗਤੀ ਮੈਦਾਨ ਨਵੀਂ ਦਿੱਲੀ ਵਿਖੇ ਤਿੰਨ ਦਿਨਾਂ ਪ੍ਰੋਗਰਾਮ - ਸਨਾਤਨ ਸੰਸਕ੍ਰਿਤੀ ਜਾਗਰਣ ਮਹੋਤਸਵ ਬਹੁਤ ਧੂਮਧਾਮ ਨਾਲ ਆਯੋਜਿਤ ਕੀਤਾ ਜਾਵੇਗਾ। ਸ਼੍ਰੀ ਅਲੀਪੁਰੀਆ ਨੇ ਅੱਗੇ ਦੱਸਿਆ ਕਿ ਇਸ ਸੱਭਿਆਚਾਰਕ ਉਤਸਵ ਵਿੱਚ ਦੇਸ਼ ਦੇ ਪ੍ਰਮੁੱਖ ਸੰਤ ਅਤੇ ਰਾਜਨੇਤਾ ਭਾਗ ਲੈਣਗੇ, ਜਿਨ੍ਹਾਂ ਵਿੱਚ ਜਗਦਗੁਰੂ ਸ਼੍ਰੀ ਰਾਜਰਾਜੇਸ਼ਵਰਆਸ਼ਰਮ ਜੀ ਮਹਾਰਾਜ, ਸੰਤ ਸ਼੍ਰੀ ਮੁਰਾਰੀ ਬਾਪੂ ਜੀ, ਸ਼੍ਰੀ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ (ਬਾਗੇਸ਼ਵਰ ਧਾਮ), ਮਹਾਂਮੰਡਲੇਸ਼ਵਰ ਸਵਾਮੀ ਨਰਾਇਣ ਗਿਰੀ ਜੀ ਮਹਾਰਾਜ, ਨਵਲ ਕਿਸ਼ੋਰ ਜੀ ਮਹਾਰਾਜ, ਕਲਕੀ ਪੀਠਅਧਿਸ਼ਵਰ ਸ਼੍ਰੀ ਕ੍ਰਿਸ਼ਨ ਪ੍ਰਭਾਸ ਜੀ ਮਹਾਰਾਜ, ਜਗਦਗੁਰੂ ਸ਼੍ਰੀ ਰਾਜਰਾਜੇਸ਼ਵਰਰਾਮ ਜੀ ਮਹਾਰਾਜ, ਸੰਤ ਸ਼੍ਰੀ ਮੁਰਾਰੀ ਬਾਪੂ ਜੀ। ਸਤੀਸ਼ ਆਚਾਰੀਆ ਜੀ ਮਹਾਰਾਜ, ਆਚਾਰੀਆ ਸ਼੍ਰੀ ਕੌਸ਼ਿਕ ਜੀ ਮਹਾਰਾਜ ਅਤੇ ਆਚਾਰੀਆ ਸ਼੍ਰੀ ਸੰਜੀਵ ਕ੍ਰਿਸ਼ਨ ਠਾਕੁਰ ਜੀ ਖ਼ਾਸ ਤੌਰ ਤੇ ਹਾਜ਼ਰ ਰਹਿਣਗੇ। ਇਸ ਪ੍ਰੋਗਰਾਮ ਵਿੱਚ ਸ਼ਰਧਾਲੂਆਂ ਲਈ ਵਿਸ਼ੇਸ਼ ਗੁਰੂ ਦਰਸ਼ਨ ਅਤੇ ਅਸ਼ੀਰਵਾਦ ਹੋਵੇਗਾ। ਇਸ ਮੌਕੇ @ਤੇ ਦੇਸ਼ ਦੇ ਪ੍ਰਸਿੱਧ ਕਵੀ ਸਨਾਤਨ ਰਸਮਾਂ ਅਤੇ ਸੰਸਕ੍ਰਿਤੀ @ਤੇ ਆਪਣੀਆਂ ਕਵਿਤਾਵਾਂ ਸੁਣਾਉਣਗੇ। ਸੰਸਕ੍ਰਿਤੀ ਜਾਗਰਣ ਮਹੋਤਸਵ ਦਾ ਇਹ ਵਿਸ਼ੇਸ਼ ਪ੍ਰੋਗਰਾਮ 4 ਮਈ 2025 ਨੂੰ ਸ਼ਾਮ 5:00 ਵਜੇ ਪ੍ਰਗਤੀ ਮੈਦਾਨ ਸਥਿਤ ਭਾਰਤ ਮੰਡਪਮ ਵਿੱਚ ਸ਼ੁਰੂ ਹੋਵੇਗਾ। ਇਸ ਵਿੱਚ ਮੁੱਖ ਤੌਰ ਯੋਗਰਿਸ਼ੀ ਸਵਾਮੀ ਰਾਮਦੇਵ ਜੀ ਮਹਾਰਾਜ, ਸਵਾਮੀ ਸ਼੍ਰੀ ਰਾਜੇਂਦਰ ਦਾਸ ਜੀ ਮਹਾਰਾਜ, ਸ਼੍ਰੀ ਵਿਜੇ ਕੌਸ਼ਲ ਜੀ ਮਹਾਰਾਜ, ਸਵਾਮੀ ਸ਼੍ਰੀ ਚਿਦਾਨੰਦ ਮੁਨੀ ਜੀ ਮਹਾਰਾਜ, ਆਚਾਰੀਆ ਸ਼੍ਰੀ ਬਾਲ ਕ੍ਰਿਸ਼ਨ ਜੀ ਮਹਾਰਾਜ ਅਤੇ ਹੋਰ ਬਹੁਤ ਸਾਰੇ ਸੰਤ ਇਸ ਪ੍ਰੋਗਰਾਮ ਵਿੱਚ ਭਾਗ ਲੈਣਗੇ। ਇਨ੍ਹਾਂ ਤੋਂ ਇਲਾਵਾ, ਸ਼੍ਰੀ ਰਾਜਨਾਥ, ਰੱਖਿਆ ਮੰਤਰੀ, ਸ਼੍ਰੀ ਓਮ ਬਿਰਲਾ ਸਪੀਕਰ, ਸ਼੍ਰੀ ਮਨੋਹਰ ਲਾਲ ਖੱਟਰ ਸ਼ਹਿਰੀ ਵਿਕਾਸ ਮੰਤਰੀ, ਸ਼੍ਰੀ ਨਾਇਬ ਸਿੰਘ ਸੈਣੀ ਮੁਖਮੰਤਰੀ ਹਰਿਆਣਾ, ਸ਼੍ਰੀ ਸ਼ਿਵਰਾਜ ਚੌਹਾਨ ਖੇਤੀਬਾੜੀ ਮੰਤਰੀ, ਸ਼੍ਰੀਮਤੀ ਰੇਖਾ ਗੁਪਤਾ ਦਿੱਲੀ ਦੀ ਮੁੱਖ ਮੰਤਰੀ, ਸ਼੍ਰੀ ਵਰਿੰਦਰ ਗੁਪਤਾ ਸਪੀਕਰ ਦਿੱਲੀ, ਆਦਿ ਦੇਸ਼ ਦੇ ਜਾਣੇ-ਪਛਾਣੇ ਸਿਆਸਤਦਾਨ ਵੀ ਇਸ ਪ੍ਰੋਗਰਾਮ ਵਿੱਚ ਮੌਜੂਦ ਰਹਿਣਗੇ।

ਸ਼੍ਰੀ ਅਜੇ ਅਲੀਪੁਰੀਆ ਨੇ ਦੱਸਿਆ ਕਿ ਇਸ ਪ੍ਰੋਗਰਾਮ ਲਈ ਪਟਿਆਲਾ ਤੋਂ ਸ਼ਰਧਾਲੂਆਂ ਨੂੰ ਲਿਜਾਣ ਲਈ ਮੁਫ਼ਤ ਏ.ਸੀ. ਬੱਸਾਂ ਦਾ ਪ੍ਰਬੰਧ ਕੀਤਾ ਗਿਆ ਹੈ।ਪਟਿਆਲਾ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ, ਸ਼ਰਧਾਲੂਆਂ ਨੂੰ ਮਹਾਰਾਜਸ਼੍ਰੀ ਦੇ ਲਾਈਵ ਦਰਸ਼ਨ ਕਰਨ ਦਾ ਮੌਕਾ ਮਿਲਿਆ।

ਗੁਰੂਵਰ ਸੁਧਾਂਸ਼ੂ ਜੀ ਦੇ ਵੀਡੀਓ-ਸਤਿਸੰਗ ਰਾਹੀਂ ਸ਼ਰਧਾਲੂਆਂ ਨੇ ਆਪਣੇ ਜੀਵਨ ਨੂੰ ਸੰਵਾਰਿਆ ਅਤੇ ਉਨ੍ਹਾਂ ਦੁਆਰਾ ਦਿਖਾਏ ਗਏ ਮਾਰਗ @ਤੇ ਚੱਲਣ ਦੀ ਪ੍ਰੇਰਨਾ ਪ੍ਰਾਪਤ ਕੀਤੀ। ਪਟਿਆਲਾ ਮੰਡਲ ਵੱਲੋਂ ਗੁਰੂ ਜੀ ਦਾ ਜਨਮ ਦਿਹਾੜਾ ਉਨ੍ਹਾਂ ਦੇ ਨਿਰਦੇਸ਼ਾਂ ਅਨੁਸਾਰ ਸੇਵਾ ਕਾਰਜ ਕਰਕੇ ਮਨਾਇਆ ਗਿਆ। ਇਸ ਮੌਕੇ ਸ੍ਰੀ ਪ੍ਰਦੀਪ ਗਰਗ, ਸ੍ਰੀ ਸਤੀਸ਼ ਸ਼ਰਮਾ, ਸ੍ਰੀ ਰਵੀ ਆਨੰਦ, ਸ੍ਰੀ ਸੁਨੀਲ ਗੁਪਤਾ, ਸ੍ਰੀ ਅਜੇ ਗੁਪਤਾ, ਸ੍ਰੀ ਸੰਜੇ ਬਾਂਸਲ, ਸ੍ਰੀ ਅਜੇ ਖੰਨਾ, ਸ੍ਰੀ ਕੇ.ਸੀ.ਜੋਸ਼ੀ, ਸ੍ਰੀ ਨਰੇਸ਼ ਧਮੀਜਾ, ਸ੍ਰੀ ਕਰਨ ਧਮੀਜਾ, ਸ੍ਰੀ ਜੇ.ਕੇ. ਕਲਿਆਣ, ਸ੍ਰੀ ਹਨੀ ਕੰਬੋਜ, ਸ੍ਰੀ ਆਰ.ਕੇ.ਵਰਮਾ, ਸ੍ਰੀ ਸ਼ਮਿੰਦਰ ਮਹਿਤਾ, ਸ੍ਰੀ ਦੀਪਾਂਸ਼ੂ ਅਗਰਵਾਲ ਆਦਿ ਹਾਜ਼ਰ ਸਨ। ਇਹਨਾਂ ਦੇ ਨਾਲ ਹੀ ਸ੍ਰੀਮਤੀ ਅਨੂ ਅਲੀਪੁਰੀਆ, ਸ੍ਰੀਮਤੀ ਸੁਮਨ ਆਨੰਦ, ਸ੍ਰੀਮਤੀ ਸ਼ਾਂਤੀ ਕੱਕੜ, ਸ੍ਰੀਮਤੀ ਰੁਚੀ ਗੁਪਤਾ, ਸ੍ਰੀਮਤੀ ਸੰਗੀਤਾ ਗਰਗ, ਸ੍ਰੀਮਤੀ ਸੁਦਰਸ਼ਨ ਆਦਿ ਪ੍ਰਮੁੱਖ ਤੌਰ @ਤੇ ਹਾਜ਼ਰ ਸਨ ।

# ਰਿਪੇਰੀਅਨ ਕਾਨੂੰਨ ਮੁਤਾਬਕ ਪੰਜਾਬ ਦੇ ਦਰਿਆਈ ਪਾਣੀਆਂ ’ਤੇ ਸੂਬੇ ਦਾ ਹੱਕ: ਗਿਆਨੀ ਗੜਗੱਜ

**ਅੰਮ੍ਰਿਤਸਰ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਦਰਿਆਈ ਪਾਣੀਆਂ ਸਬੰਧੀ ਚੱਲ ਰਹੇ ਵਿਵਾਦ ਬਾਰੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਖਿਆ ਕਿ ਰਿਪੇਰੀਅਨ ਕਾਨੂੰਨ ਮੁਤਾਬਕ ਪੰਜਾਬ ਦੇ ਦਰਿਆਈ ਪਾਣੀਆਂ ’ਤੇ ਸੂਬੇ ਦਾ ਹੱਕ ਹੈ ਅਤੇ ਇਸ ਮਾਮਲੇ ਵਿੱਚ ਸਰਕਾਰਾਂ ਵੱਲੋਂ ਪੰਜਾਬ ਨਾਲ ਧੱਕਾ ਨਹੀਂ ਕੀਤਾ ਜਾਣਾ ਚਾਹੀਦਾ। ਅੱਜ ਇੱਥੇ ਸ੍ਰੀ ਅਕਾਲ ਤਖ਼ਤ ਵਿਖੇ ਫਿਲਮਾਂ ਵਿੱਚ ਸਿੱਖ ਕਿਰਦਾਰ ਅਤੇ ਸਿੱਖ ਇਤਿਹਾਸ ਨੂੰ ਦਰਸਾਉਣ ਸਬੰਧੀ ਵਿਦਵਾਨਾਂ ਦੀ ਰੱਖੀ ਗਈ ਮੀਟਿੰਗ ਤੋਂ ਪਹਿਲਾਂ ਮੀਡੀਆ ਨਾਲ ਗੱਲ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਦਾ ਮੁੱਦਾ ਪੀਣ ਵਾਲੇ ਪਾਣੀ ਦਾ ਮਾਮਲਾ ਨਹੀਂ ਹੈ। ਜੇ ਪੀਣ ਵਾਲੇ ਪਾਣੀ ਦਾ ਮਾਮਲਾ ਹੈ ਤਾਂ ਪਹਿਲਾਂ ਹੀ ਵਾਧੂ ਪਾਣੀ ਜਾ ਰਿਹਾ ਹੈ ਜੋ ਕਿ ਦੇਸ਼ ਦੀ ਲੋੜ ਨੂੰ ਪੂਰਾ ਕਰ ਸਕਦਾ। ਉਨ੍ਹਾਂ ਕਿਹਾ ਕਿ ਅਜਿਹਾ ਨਹੀਂ ਹੋਣਾ ਚਾਹੀਦਾ ਕਿ ਪੰਜਾਬ ਕੋਲੋਂ ਪਾਣੀ ਲੈ ਕੇ ਪੰਜਾਬ ਨੂੰ ਬੰਜਰ ਕਰ ਦਿੱਤਾ ਜਾਵੇ ਅਤੇ ਪੰਜਾਬ ਦੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਮਾਮਲਾ ਰਿਪੇਰੀਅਨ ਕਾਨੂੰਨ ਦੇ ਮੁਤਾਬਿਕ ਹੱਲ ਹੋਣਾ ਚਾਹੀਦਾ ਹੈ ਅਤੇ ਰਿਪੇਰੀਅਨ ਕਾਨੂੰਨ ਕਹਿੰਦਾ ਹੈ ਕਿ ਜਿਸ ਸੂਬੇ ਵਿੱਚ ਦਰਿਆ ਵਗਦੇ ਹਨ ਪਾਣੀ ’ਤੇ ਹੱਕ ਉਸੇ ਸੂਬੇ ਦਾ ਹੈ ਕਿਉਂਕਿ ਜਦੋਂ ਹੜ੍ਹ ਆਉਂਦੇ ਹਨ ਤਾਂ ਉਸ ਵੇਲੇ ਵੀ ਪੰਜਾਬ ਹੀ ਪ੍ਰਭਾਵਿਤ ਹੁੰਦਾ ਹੈ।

ਕੁਝ ਲੋਕਾਂ ਵੱਲੋਂ ਇਸ ਨੂੰ ਧਰਮ ਨਾਲ ਜੋੜੇ ਜਾਣ ’ਤੇ ਉਨ੍ਹਾਂ ਕਿਹਾ ਕਿ ਇਹ ਧਰਮ ਦਾ ਮਸਲਾ ਨਹੀਂ ਹੈ ਸਗੋਂ ਪੰਜਾਬ ਵਿੱਚ ਸਾਰੇ ਧਰਮਾਂ ਦੇ ਲੋਕ ਰਹਿੰਦੇ ਹਨ। ਜੇ ਪੰਜਾਬ ਬੰਜਰ ਹੁੰਦਾ ਹੈ ਤਾਂ ਸਾਰੇ ਧਰਮਾਂ ਦੇ ਲੋਕ ਹੀ ਪ੍ਰਭਾਵਿਤ ਹੋਣਗੇ। ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਦੁਹਾਈ ਦੇ ਰਿਹਾ ਹੈ ਕਿ ਸੂਬੇ ਕੋਲ ਵਾਧੂ ਪਾਣੀ ਨਹੀਂ ਹੈ। ਇਸ ਲਈ ਪੰਜਾਬ ਨਾਲ ਧੱਕਾ ਨਾ ਕੀਤਾ ਜਾਵੇ। ਸਰਹੱਦ ’ਤੇ ਬਣੇ ਤਣਾਅ ਵਾਲੇ ਮਾਹੌਲ ਸਬੰਧੀ ਬੋਲਦਿਆਂ ਉਨ੍ਹਾਂ ਕਿਹਾ ਕਿ ਜੰਗ ਕਦੇ ਵੀ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ। ਜੰਗ ਨਾਲ ਮਨੁੱਖਤਾ, ਇਨਸਾਨੀਅਤ ਅਤੇ ਖਿਤੇ ਦੇ ਜੀਵ ਜੰਤੂ ਸਭ ਨੂੰ ਨੁਕਸਾਨ ਹੁੰਦਾ ਹੈ। ਇਸ ਲਈ ਮਸਲਿਆਂ ਦਾ ਹੱਲ ਸੰਵਾਦ ਰਾਹੀਂ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਇਸ ਵੇਲੇ ਸਰਹੱਦ ’ਤੇ ਬਣੀ ਸਥਿਤੀ ਅਜਿਹੀ ਹੈ ਕਿ ਮਾਵਾਂ ਬੱਚਿਆਂ ਤੋਂ ਵਿਛੜ ਰਹੀਆਂ ਹਨ ਅਤੇ ਬੱਚੇ ਮਾਵਾਂ ਤੋਂ ਵਿਛੜ ਰਹੇ ਹਨ। ਉਨ੍ਹਾਂ ਕਿਹਾ ਕਿ ਬੱਚੇ ਨੂੰ ਕੀ ਪਤਾ ਜੰਗ ਕੀ ਹੁੰਦੀ ਹੈ, ਬੱਚੇ ਨੂੰ ਤਾਂ ਸਿਰਫ ਮਾਂ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਲਾਜ ਕਰਵਾਉਣਾ ਆਏ ਲੋਕ ਵੀ ਇਲਾਜ ਅਧੂਰਾ ਛੱਡ ਕੇ ਵਾਪਸ ਪਰਤਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

ਪ੍ਰਿੰ. ਗੁਰਚਰਨ ਸਿੰਘ ਤਲਵਾੜਾ

# ਹਜ਼ਰਤ ਸ਼ਮਸ-ਅਲ-ਦੀਨ ਮੁਹੰਮਦ ਤਬਰੀਜ਼ੀ

ਹਜ਼ਰਤ ਮੌਲਾਨਾ ਸ਼ਮਸ-ਅਲ-ਦੀਨ ਮੁਹੰਮਦ ਤਬਰੀਜ਼ੀ ਨੂੰ ਭਾਰਤ ਤੇ ਪਾਕਿਸਤਾਨ ਵਿਚ 'ਸ਼ਮਸ ਤਬਰੇਜ਼' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਆਪ ਸੂਫ਼ੀ ਦਰਵੇਸ਼ ਹਜ਼ਰਤ ਮੌਲਾਨਾ ਜਲਾਲੁੱਦੀਨ ਰੂਮੀ ਦੇ ਪੀਰ-ਏ-ਤਰੀਕਤ ਸਨ।

ਆਪ ਦਾ ਜਨਮ 1184 ਈਸਵੀ ਦੇ ਆਸ-ਪਾਸ ਈਰਾਨ ਦੇ ਸੂਬਾ ਅਜ਼ਰਬਾਈਜਾਨ ਦੀ ਰਾਜਧਾਨੀ ਤਬਰੀਜ਼ ਵਿਖੇ ਹੋਇਆ। ਮੁੱਢਲੀ ਸਿੱਖਿਆ ਆਪ ਨੇ ਸ਼ੇਖ਼ ਅਬੂ ਬਕਰ ਸੱਲਾਬਾਫ਼ ਕੋਲੋਂ ਹਾਸਲ ਕੀਤੀ। ਹਜ਼ਰਤ ਸ਼ਮਸ-ਅਲ-ਦੀਨ ਮੁਹੰਮਦ ਤਬਰੀਜ਼ੀ ਨੇ ਰੂਹਾਨੀ ਤਾਲੀਮ ਲਈ ਹਜ਼ਰਤ ਕਮਾਲੁੱਦੀਨ ਜੁਨੈਦੀ ਨੂੰ ਆਪਣਾ ਪੀਰ-ਮੁਰਸ਼ਦ ਬਣਾਇਆ।

ਆਪ 1244 ਵਿਚ ਮੌਲਾਨਾ ਜਲਾਲੁੱਦੀਨ ਰੂਮੀ ਨਾਲ ਮੁਲਾਕਾਤ ਕਰਨ ਤੁਰਕੀ ਦੇ ਸ਼ਹਿਰ ਕੋਨੀਆ ਗਏ। ਆਪ ਤੋਂ ਪ੍ਰਭਾਵਿਤ ਹੋ ਕੇ ਮੌਲਾਨਾ ਰੂਮ ਆਪ ਦਾ ਮੁਰੀਦ ਹੋ ਗਿਆ। ਮੌਲਾਨਾ ਰੂਮ ਨੇ ਆਪਣੇ ਪੀਰ ਦੀ ਸੁਹਬਤ ਵਿਚ ਦੁਨਿਆਵੀ ਕੰਮਾਂ-ਕਾਰਾਂ ਅਤੇ ਸ਼ਾਗਿਰਦਾਂ ਪ੍ਰਤੀ ਦਿਲਚਸਪੀ ਘਟਾ ਲਈ ਅਤੇ ਇਬਾਦਤ ਤੇ ਰਿਆਜ਼ਤ ਵਿਚ ਲੱਗ ਗਏ।



ਮੌਲਾਨਾ ਰੂਮੀ ਦੇ ਪਰਿਵਾਰਕ ਮੈਂਬਰਾਂ ਤੇ ਸ਼ਾਗਿਰਦਾਂ ਨੇ ਇਹ ਸਮਝ ਕੇ ਕਿ ਸ਼ਮਸ ਤਬਰੇਜ਼ ਨੇ ਮੌਲਾਨਾ 'ਤੇ ਜਾਦੂ ਕਰ ਦਿੱਤਾ ਹੈ, ਆਪ ਨੂੰ ਤੰਗ-ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਸ਼ਮਸ ਤਬਰੇਜ਼ ਇਸ ਵਰਤਾਰੇ ਕਾਰਨ ਉੱਥੋਂ ਦਮਿਸ਼ਕ ਚਲੇ ਗਏ। ਮੌਲਾਨਾ ਰੂਮ ਦੀ ਆਪਣੇ ਪੀਰ ਦੇ ਵਿਛੋੜੇ ਵਿਚ ਵਿਆਕੁਲਤਾ ਨੂੰ ਦੇਖ ਕੇ ਮੌਲਾਨਾ ਦਾ ਪੁੱਤਰ ਅਤੇ ਸ਼ਾਗਿਰਦ ਸ਼ਮਸ ਤਬਰੇਜ਼ ਨੂੰ ਵਾਪਸ ਲੈ ਆਏ। ਮੌਲਾਨਾ ਰੂਮ ਨੇ ਇਕ ਲੜਕੀ ਨੂੰ ਪਾਲਿਆ ਹੋਇਆ ਸੀ, ਜਿਸ ਦਾ ਨਾਂ ਕੀਮੀਆ ਖ਼ਾਤੂਨ ਸੀ, ਉਸ ਦਾ ਨਿਕਾਹ ਸ਼ਮਸ ਤਬਰੇਜ਼ ਨਾਲ ਕਰ ਦਿੱਤਾ।

ਮੌਲਾਨਾ ਰੂਮ ਦੇ ਪੁੱਤਰ ਅਲਾਉਦੀਨ ਚਿਲਪੀ ਨੇ ਸ਼ਮਸ ਤਬਰੇਜ਼ ਨੂੰ ਪਰੇਸ਼ਾਨ ਕਰਨਾ ਜਾਰੀ ਰੱਖਿਆ, ਕੀਮੀਆ ਖ਼ਾਤੂਨ ਦੀ ਮੌਤ ਹੋ ਚੁੱਕੀ ਸੀ। ਇਸ ਤੋਂ ਬਾਅਦ ਸ਼ਮਸ ਤਬਰੇਜ਼ ਕੋਨੀਆ ਤੋਂ ਐਸੇ ਗਏ ਕਿ ਮੁੜ ਕੇ ਉਨ੍ਹਾਂ ਦਾ ਕੋਈ ਪਤਾ ਨਾ ਲੱਗਾ। ਇਕ ਰਵਾਇਤ ਮੁਤਾਬਿਕ ਮੌਲਾਨਾ ਰੂਮ ਦੇ ਪਰਿਵਾਰਕ ਮੈਂਬਰਾਂ ਅਤੇ ਸ਼ਾਗਿਰਦਾਂ ਨੇ ਹਜ਼ਰਤ ਸ਼ਮਸ ਤਬਰੇਜ਼ ਦਾ ਕਤਲ ਕਰਵਾ ਦਿੱਤਾ ਸੀ। •

94634-63193

ਗੁਰਜੀਵਨ ਸਿੰਘ ਸਿੱਧੂ ਨਥਾਣਾ

# ਮਹਾਨ ਸਿੱਖ ਜਰਨੈਲ ਸਰਦਾਰ ਹਰੀ ਸਿੰਘ ਨਲੂਆ

ਸਿੱਖ ਧਰਮ ਮਹਾਨ ਯੋਧਿਆਂ ਦੀ ਬਦੌਲਤ ਸੰਸਾਰ ਵਿਚ ਅੱਵਲ ਸਥਾਨ 'ਤੇ ਹੈ। ਸੰਸਾਰ ਦੇ ਜਾਂਬਾਜ਼ ਯੋਧਿਆਂ 'ਚ ਖ਼ਾਲਸਾ ਰਾਜ ਦੇ ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਦਾ ਨਾਂ ਬੜੇ ਫ਼ਖ਼ਰ ਨਾਲ ਲਿਆ ਜਾਂਦਾ ਹੈ। ਹਰੀ ਸਿੰਘ ਨਲੂਆ ਦਾ ਜਨਮ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਪਿੰਡ ਗੁਜਰਾਂਵਾਲੇ ਦੇ ਵਸ਼ਨੀਕ ਤੇ 'ਸ਼ੁੱਕਰਚਕੀਆ ਮਿਸਲ' ਦੇ ਕੁਮੇਦਾਨ ਸ. ਗੁਰਦਿਆਲ ਸਿੰਘ ਤੇ ਮਾਤਾ ਧਰਮ ਕੌਰ ਦੇ ਗ੍ਰਹਿ ਵਿਖੇ 1791 ਈਸਵੀ 'ਚ ਹੋਇਆ। ਸ. ਗੁਰਦਿਆਲ ਸਿੰਘ ਨੇ ਹਰੀ ਸਿੰਘ ਦੀ ਪੜ੍ਹਾਈ ਲਿਖਾਈ ਲਈ ਘਰ ਵਿਚ ਹੀ ਚੰਗੇ ਵਿਦਵਾਨ ਦਾ ਪ੍ਰਬੰਧ ਕਰ ਦਿੱਤਾ। ਸਰਦਾਰ ਹਰੀ ਸਿੰਘ ਨੇ ਧਾਰਮਿਕ ਵਿੱਦਿਆ ਦੇ ਨਾਲ-ਨਾਲ ਹੋਰਨਾਂ ਭਸ਼ਾਵਾਂ ਦਾ ਗਿਆਨ ਵੀ ਹਾਸਲ ਕੀਤਾ। ਹਰੀ ਸਿੰਘ ਬਚਪਨ ਤੋਂ ਹੀ ਤੀਖਣ ਬੁੱਧੀ ਤੇ ਜੋਸ਼ੀਲੇ ਸੁਭਾਅ ਵਾਲੇ ਸਨ। ਉਨ੍ਹਾਂ ਦੀ ਯਾਦਦਾਸ਼ਤ ਇੰਨੀ ਤਕੜੀ ਸੀ ਕਿ ਇਕ ਵਾਰ ਜੋ ਪੜ੍ਹ ਲੈਂਦਾ, ਉਸ ਨੂੰ ਭੁੱਲਦੇ ਨਹੀਂ ਸਨ।

ਸਰਦਾਰ ਹਰੀ ਸਿੰਘ ਸੱਤ ਸਾਲ ਦੇ ਹੀ ਸਨ ਕਿ ਪਿਤਾ ਸਰਦਾਰ ਗੁਰਦਿਆਲ ਸਿੰਘ ਦਾ ਦੇਹਾਂਤ ਹੋ ਗਿਆ। ਪਿਤਾ ਦੇ ਅਕਾਲ ਚਲਾਣੇ ਪਿੱਛੋਂ ਹਰੀ ਸਿੰਘ ਨੂੰ ਆਪਣੀ ਮਾਤਾ ਧਰਮ ਕੌਰ ਨਾਲ ਆਪਣੇ ਨਾਨਕੇ ਘਰ ਰਹਿਣਾ ਪਿਆ। ਛੋਟੀ ਉਮਰ ਵਿਚ ਹੀ ਉਨ੍ਹਾਂ ਨੇ ਘੋੜਸਵਾਰੀ, ਨੇਜ਼ੇਬਾਜ਼ੀ, ਤੀਰਅੰਦਾਜ਼ੀ ਆਦਿ ਯੁੱਧ ਕਲਾਵਾਂ 'ਚ ਮੁਹਾਰਤ ਹਾਸਲ ਕਰ ਲਈ ਸੀ। ਤੇਜ਼ ਜਾਹੋ-ਜਲਾਲ ਵਾਲਾ ਸਰਦਾਰ ਹਰੀ ਸਿੰਘ ਨਲੂਆ ਚੜ੍ਹਦੀ ਉਮਰੇ ਹੀ ਚੰਗੇ ਕੱਦ-ਕਾਠ ਵਾਲਾ ਸੋਹਣਾ-ਸੁਨੱਖਾ ਨੌਜਵਾਨ ਬਣ ਗਿਆ। ਸਰਦਾਰ ਹਰੀ ਸਿੰਘ ਨਲੂਆ ਦਾ ਚਿਹਰਾ ਇੰਨਾਂ ਰੋਹਬ-ਦਾਬ ਵਾਲ ਸੀ ਕਿ ਕੋਈ ਵੀ ਵਿਅਕਤੀ ਉਨ੍ਹਾਂ ਦੀ ਅੱਖ 'ਚ ਅੱਖ ਪਾ ਕੇ ਗੱਲ ਕਰਨ ਦੀ ਹਿੰਮਤ ਨਹੀਂ ਸੀ ਕਰ ਸਕਦਾ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵੱਲੋਂ ਨੌਜਵਾਨਾਂ ਨੂੰ ਫ਼ੌਜ 'ਚ ਭਰਤੀ ਕਰਨ ਲਈ ਸਾਲ 'ਚ ਪੰਦਰਾਂ ਦਿਨਾਂ ਦਾ ਕੈਂਪ ਲਗਾਇਆ ਜਾਂਦਾ ਸੀ, ਜਿਸ ਵਿਚ ਨੌਜਵਾਨ ਸਰੀਰਕ ਤੇ ਜੰਗੀ ਕਰਤਬ ਵਿਖਾਉਂਦੇ ਸਨ। ਅਜਿਹੇ ਹੀ ਇਕ ਕੈਂਪ ਵਿਚ ਸਰਦਾਰ ਹਰੀ ਸਿੰਘ ਨੇ ਵੀ ਵਿਲੱਖਣ ਜੰਗੀ ਕਰਤਬ ਵਿਖਾਏ। ਸਰਦਾਰ ਹਰੀ ਸਿੰਘ ਦੀ ਵਿਲੱਖਣ ਪ੍ਰਤਿਭਾ ਤੇ ਜੰਗੀ ਸੂਝ-ਬੂਝ ਨੂੰ ਵੇਖਦੇ ਹੋਏ ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਫ਼ੌਜ ਵਿਚ ਖ਼ਾਸ ਰੁਤਬੇ 'ਤੇ ਭਰਤੀ ਕਰ ਲਿਆ।

ਇਕ ਦਿਨ ਮਹਾਰਾਜਾ ਰਣਜੀਤ ਸਿੰਘ ਜੰਗਲ 'ਚ ਸ਼ਿਕਾਰ ਖੇਡਣ ਗਏ। ਸਰਦਾਰ ਹਰੀ ਸਿੰਘ ਵੀ ਉਨ੍ਹਾਂ ਦੇ ਨਾਲ ਸੀ। ਅਚਾਨਕ ਇਕ ਸ਼ੇਰ ਨੇ ਸਰਦਾਰ ਹਰੀ ਸਿੰਘ ਉੱਪਰ ਹਮਲਾ ਕਰ ਦਿੱਤਾ। ਸ਼ੇਰ ਦਾ ਹਮਲਾ ਇੰਨਾਂ ਤੇਜ਼ ਸੀ ਕਿ ਸਰਦਾਰ ਹਰੀ ਸਿੰਘ ਨੂੰ ਮਿਆਨ 'ਚੋਂ ਕਿਰਪਾਨ ਕੱਢਣ ਦਾ ਵੀ ਮੌਕਾ ਨਾ ਮਿਲਿਆ। ਉਨ੍ਹਾਂ ਨੇ ਨਿਡਰਤਾ ਤੇ ਫੁਰਤੀ ਨਾਲ ਸ਼ੇਰ ਨੂੰ ਜਬਾੜਿਆਂ ਤੋਂ ਫੜ ਕੇ ਇੰਨੇ ਜ਼ੋਰ ਨਾਲ ਜ਼ਮੀਨ 'ਤੇ ਪਟਕਿਆ ਅਤੇ ਮਿਆਨ 'ਚੋਂ ਕਿਰਪਾਨ ਕੱਢ ਕੇ ਇੱਕੋ ਵਾਰ ਨਾਲ ਸ਼ੇਰ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਇਸ ਘਟਨਾ ਨੂੰ ਅੱਖੀਂ ਵੇਖਣ ਤੋਂ ਬਾਅਦ ਸਰਦਾਰ ਹਰੀ ਸਿੰਘ ਦੇ ਨਾਂ ਨਾਲ 'ਨਲੂਆ' ਸ਼ਬਦ ਵੀ ਜੋੜ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਭਰੇ ਦਰਬਾਰ ਵਿਚ ਸ਼ੇਰ ਨੂੰ ਮਾਰਨ ਵਾਲੀ ਘਟਨਾ ਤੇ ਸਰਦਾਰ ਹਰੀ ਸਿੰਘ ਨਲੂਆ ਦੀ ਬਹਾਦਰੀ ਦਾ ਜ਼ਿਕਰ ਕੀਤਾ ਤੇ ਉਨ੍ਹਾਂ ਨੂੰ 800 ਸੈਨਿਕਾਂ ਦੇ ਜਥੇ ਦਾ ਸਰਦਾਰ ਐਲਾਨ ਦਿੱਤਾ।

ਸਰਦਾਰ ਹਰੀ ਸਿੰਘ ਨਲੂਆ ਨੇ 1807 ਵਿਚ ਕਸੂਰ ਦੇ ਮੈਦਾਨ ਵਿਚ ਜੀਵਨ ਦੀ ਪਹਿਲੀ ਲੜਾਈ ਲੜੀ, ਜਿਸ ਵਿਚ ਨਵਾਬ



ਕੁਤਬਦੀਨ ਖ਼ਾਨ ਦੀਆਂ ਫ਼ੌਜਾਂ ਨੂੰ ਖ਼ਾਲਸਾ ਫ਼ੌਜ ਨੇ ਇੰਨੀ ਜ਼ਬਰਦਸਤ ਟੱਕਰ ਦਿੱਤੀ ਕਿ ਨਵਾਬ ਦੀਆਂ ਫ਼ੌਜਾਂ ਮੋਰਚੇ ਛੱਡ ਕੇ ਕਸੂਰ ਦੇ ਕਿਲ੍ਹੇ ਵੱਲ ਭੱਜ ਪਈਆਂ। ਭੱਜਦੀ ਹੋਈ ਫ਼ੌਜ ਦਾ ਪਿੱਛਾ ਕਰ ਕੇ ਹਰੀ ਸਿੰਘ ਨਲੂਆ ਨੇ ਦੋ ਸੌਕੜੇ ਤੋਂ ਵੱਧ ਗਾਜ਼ੀਆਂ ਨੂੰ ਬੰਦੀ ਬਣਾ ਕੇ ਉਨ੍ਹਾਂ ਦੇ ਹਥਿਆਰ ਜਬਤ ਕਰ ਲਏ ਤੇ ਉਨ੍ਹਾਂ ਨੂੰ ਖ਼ਾਲਸਾ ਦਰਬਾਰ ਵਿਚ ਮਹਾਰਾਜੇ ਦੇ ਅੱਗੇ ਪੇਸ਼ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਹਰੀ ਸਿੰਘ ਨਲੂਆ ਦੀ ਇਸ ਬਹਾਦਰੀ ਤੋਂ ਖ਼ੁਸ਼ ਹੋ ਕੇ ਉਨ੍ਹਾਂ ਨੂੰ ਕਈ ਪਿੰਡਾਂ ਦੀ ਜਾਗੀਰ ਬਖ਼ਸ਼ੀ।

ਨਵਾਬ ਕੁਤਬਦੀਨ ਖ਼ਾਨ ਜਦ ਕਸੂਰ ਦੇ ਕਿਲ੍ਹੇ 'ਚ ਜਾ ਵੜਿਆ ਤਾਂ ਕਿਲ੍ਹੇ ਨੂੰ ਤੋੜਨ ਲਈ ਸਿੱਖ ਫ਼ੌਜ ਨੇ ਹਰੀ ਸਿੰਘ ਨਲੂਆ ਦੀ ਅਗਵਾਈ ਵਿਚ ਕਿਲ੍ਹੇ ਦੀਆਂ ਨੀਹਾਂ ਵਿਚ ਬਰੂਦ ਭਰ ਕੇ ਕੰਧਾਂ ਉਡਾ ਦਿੱਤੀਆਂ ਤੇ ਕਿਲ੍ਹੇ ਅੰਦਰ ਧਾਵਾ ਬੋਲ ਦਿੱਤਾ। ਕਿਲ੍ਹੇ ਅੰਦਰ ਖ਼ਾਲਸੇ ਦੀ ਚੜ੍ਹਤ ਨੂੰ ਵੇਖਦਿਆਂ ਨਵਾਬ ਕੁਤਬਦੀਨ ਖ਼ਾਨ ਨੇ ਕਿਲ੍ਹੇ ਵਿਚੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਹਰੀ ਸਿੰਘ ਨਲਵਾ ਦੀ ਫ਼ੌਜ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਕੁਤਬਦੀਨ ਨੂੰ ਖ਼ਾਲਸਾ ਦਰਬਾਰ ਵਿਚ ਪੇਸ਼ ਕੀਤਾ ਗਿਆ। ਸ਼ੇਰ-ਏ-ਪੰਜਾਬ ਨੇ ਹਰੀ ਸਿੰਘ ਨਲਵਾ ਦੀ ਬਹਾਦਰੀ ਤੋਂ ਖ਼ੁਸ਼ ਹੋ ਕੇ 30 ਹਜ਼ਾਰ ਰੁਪਏ ਸਾਲਾਨਾ ਦੀ ਜਾਗੀਰ ਦੀ ਬਖ਼ਸ਼ਿਸ਼ ਕੀਤੀ ਗਈ। ਇਸ ਲੜਾਈ ਵਿਚ ਹਰੀ ਸਿੰਘ ਨਲੂਆ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਏ ਸਨ।

1810 ਵਿਚ ਮੁਲਤਾਨ ਦੀ ਜੰਗ 'ਚ ਹਰੀ ਸਿੰਘ ਨਲੂਆ ਨੇ ਜਾਨ ਦੀ ਬਾਜ਼ੀ ਲਗਾਉਂਦਿਆਂ ਅਦੁੱਤੀ ਨਿਰਭੈਤਾ ਤੇ ਸੂਰਮਗਤੀ ਦਾ ਸਬੂਤ ਦਿੱਤਾ। ਇਸ ਜੰਗ ਤੋਂ ਬਾਅਦ ਸ਼ੇਰ-ਏ-ਪੰਜਾਬ 'ਤੇ ਉਨ੍ਹਾਂ ਦੀਆਂ ਫ਼ੌਜਾਂ ਵਿਚ ਸਰਦਾਰ ਹਰੀ ਸਿੰਘ ਨਲੂਆ ਨੂੰ ਬੜੀ ਇੱਜ਼ਤ ਨਾਲ ਵੇਖਿਆ ਜਾਣ ਲੱਗਾ।

[redacted]

ਮਹਾਰਜਾ ਨੇ 20 ਹਜ਼ਾਰ ਰੁਪਏ ਸਾਲਾਨਾ ਦੀ ਜਾਗੀਰ ਤੇ ਫ਼ੌਜ ਵਿਚ ਉਨ੍ਹਾਂ ਦਾ ਰੁਤਬਾ ਵੀ ਵਧਾ ਦਿੱਤਾ ਗਿਆ। 1812 ਵਿਚ ਹਰੀ ਸਿੰਘ ਨਲੂਆ ਨੇ ਆਪਣੇ ਬਾਹੂਬਲ ਤੇ ਦੂਰ-ਅੰਦੇਸ਼ੀ ਨਾਲ ਮਿੱਠੇ ਟਿਵਾਣੇ ਦੇ ਇਲਾਕੇ 'ਤੇ ਕਬਜ਼ਾ ਕਰ ਕੇ ਖ਼ਾਲਸਾ ਰਾਜ ਦਾ ਕੇਸਰੀ ਪਰਚਮ ਲਹਿਰਾਇਆ। ਅਟਕ ਦਾ ਇਤਿਹਾਸਿਕ ਕਿਲ੍ਹਾ ਦਰਿਆ ਸਿੰਧ ਦੇ ਪੱਤਣ 'ਤੇ ਬਣਿਆ ਹੈ। ਇਸ ਕਿਲ੍ਹੇ ਨੂੰ ਫ਼ਤਹਿ ਕਰਨ ਲਈ ਸ਼ੇਰ-ਏ-ਪੰਜਾਬ ਨੇ ਹਰੀ ਸਿੰਘ ਨਲੂਆ ਨੂੰ ਜ਼ਿੰਮੇਵਾਰੀ ਸੌਂਪੀ। ਸਰਦਾਰ ਹਰੀ ਸਿੰਘ ਨਲੂਆ ਨੇ ਸੰਨ 1813 ਵਿਚ ਬਹਾਦਰੀ ਨਾਲ ਅਫ਼ਗਾਨਾਂ ਨਾਲ ਗਹਿਗੱਚ ਲੜਾਈ ਲੜੀ।

**ਜਮਰੌਦ ਦੀ ਜੰਗ ਦੌਰਾਨ ਗੋਲੀਆਂ ਲੱਗਣ ਨਾਲ ਸ. ਹਰੀ ਸਿੰਘ ਨਲੂਆ ਸ਼ਹਾਦਤ ਦਾ ਜਾਮ ਪੀ ਗਏ। ਉਨ੍ਹਾਂ ਦੀ ਮੌਤ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਕਿਹਾ ਸੀ ਕਿ ਅੱਜ ਖ਼ਾਲਸਾ ਰਾਜ ਦੇ ਕਿਲ੍ਹੇ ਦਾ ਵੱਡਾ ਬੁਰਜ ਢਹਿ ਗਿਆ ਹੈ...**

ਇਹ ਲੜਾਈ ਦੋਹਾਂ ਧਿਰਾਂ ਲਈ ਜ਼ਿੰਦਗੀ-ਮੌਤ ਦਾ ਸਵਾਲ ਸੀ। ਸ. ਨਲੂਆ ਨੇ ਆਪਣੀ ਫ਼ੌਜ ਨੂੰ ਲਗਾਤਾਰ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ। ਇਸ ਜੰਗ ਵਿਚ ਕਈ ਨਾਮੀ ਸਿੱਖ ਯੋਧੇ ਸ਼ਹਾਦਤ ਦਾ ਜਾਮ ਪੀ ਗਏ ਪਰ ਸਰਦਾਰ ਹਰੀ ਸਿੰਘ ਨਲੂਆ ਦੇ ਦ੍ਰਿੜ ਇਰਾਦਿਆਂ ਨੇ ਇਹ ਜੰਗ ਜਿੱਤ ਲਈ ਤੇ ਅਟਕ ਦੇ ਕਿਲ੍ਹੇ ਉੱਪਰ ਖ਼ਾਲਸਾਈ ਝੰਡਾ ਬੁਲੰਦ ਕੀਤਾ।

ਅਟਕ ਦੀ ਜਿੱਤ ਉਪਰੰਤ ਸਰਦਾਰ ਹਰੀ ਸਿੰਘ ਨਲੂਆ ਨੇ ਕਸ਼ਮੀਰ ਨੂੰ ਖ਼ਾਲਸਾ ਰਾਜ 'ਚ ਸ਼ਾਮਲ ਕੀਤਾ। ਸ਼ੇਰ-ਏ-ਪੰਜਾਬ ਨੇ ਹਰੀ ਸਿੰਘ ਨਲੂਆ ਦੀ ਕਾਬਲੀਅਤ ਨੂੰ ਵੇਖਦੇ ਹੋਏ 1820 ਵਿਚ ਉਨ੍ਹਾਂ ਨੂੰ ਕਸ਼ਮੀਰ ਦਾ ਗਵਰਨਰ ਬਣਾ ਦਿੱਤਾ। ਇਸ ਮਹਾਨ ਜਰਨੈਲ ਨੇ ਕਸ਼ਮੀਰ ਦਾ ਰਾਜ ਪ੍ਰਬੰਧ ਇੰਨੇ ਚੰਗੇ ਤੇ ਨਿਰਪੱਖ ਢੰਗ ਨਾਲ ਚਲਾਇਆ ਕਿ ਸਭ ਵਰਗਾਂ ਦੇ ਮਨ ਜਿੱਤ ਲਏ। ਕਸ਼ਮੀਰ ਦੇ ਜੋ ਲੋਕ ਜ਼ੁਲਮ ਅਤੇ ਅੱਤਿਆਚਾਰ ਤੋਂ ਪਰੇਸ਼ਾਨ ਹੋ ਕੇ ਹਿਜਰਤ ਕਰ ਗਏ ਸਨ, ਉਹ ਮੁੜ ਕਸ਼ਮੀਰ ਪਰਤ ਆਏ ਸਨ। ਕਸ਼ਮੀਰ ਦੇ ਚੰਗੇ ਪ੍ਰਬੰਧਾਂ ਨੂੰ ਵੇਖਦੇ ਹੋਏ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਹਰੀ ਸਿੰਘ ਨਲੂਆ ਨੂੰ ਉੱਥੇ ਆਪਣੇ ਨਾਂ ਦਾ ਸਿੱਕਾ ਜਾਰੀ ਕਰਨ ਦਾ ਅਧਿਕਾਰ ਵੀ ਦੇ ਦਿੱਤਾ। ਖ਼ਾਲਸਾ ਕੌਮ ਦੇ ਇਸ ਅਦੁੱਤੀ ਜਰਨੈਲ ਨੇ 1821 ਵਿਚ ਮਾਂਗਲੀ ਘਾਟੀ 'ਤੇ ਜਿੱਤ ਦਾ ਪਰਚਮ ਲਹਿਰਾਉਣ ਮਗਰੋਂ ਖ਼ੁਸ਼ਾਬ ਦੇ ਮੁਕਾਮ 'ਤੇ ਸ਼ੇਰ-ਏ-ਪੰਜਾਬ ਨਾਲ ਮੁਲਕਾਤ ਕੀਤੀ ਤਾਂ ਇਸ ਮੌਕੇ ਉਨ੍ਹਾਂ ਨੂੰ ਤੋਪਾਂ ਦੀ ਸਲਾਮੀ ਦਿੱਤੀ ਗਈ। ਮਾਹਰਾਜੇ ਨੇ ਸਰਦਾਰ ਹਰੀ ਸਿੰਘ ਨੂੰ ਆਪਣੀ ਛਾਤੀ ਨਾਲ ਲਾ ਕੇ ਅਖਿਆ, 'ਮੇਰਾ ਬਹਾਦਰ ਜਰਨੈਲ ਖ਼ਾਲਸੇ ਦਾ ਨਾਂ ਸੂਰਜ ਦੀ ਤਰ੍ਹਾਂ ਸੰਸਾਰ 'ਚ ਰੋਸ਼ਨ ਕਰ ਰਿਹਾ ਹੈ।'

ਸਰਦਾਰ ਹਰੀ ਸਿੰਘ ਨੇ ਹਜ਼ਾਰਾ ਸਮੇਤ ਕਈ ਖੇਤਰਾਂ ਵਿਚ ਖ਼ਾਲਸਾ ਰਾਜ ਕਾਇਮ ਕੀਤਾ। ਇਨ੍ਹਾਂ ਖੇਤਰਾਂ ਦਾ ਪ੍ਰਬੰਧ ਵੀ ਮਹਾਰਾਜਾ ਵੱਲੋਂ ਸਰਦਾਰ ਹਰੀ ਸਿੰਘ ਦੇ ਹਵਾਲੇ ਕਰ ਦਿੱਤਾ ਗਿਆ। ਇਸ ਨਿਡਰ ਸਿੱਖ ਜਰਨੈਲ ਨੇ 1823 ਵਿਚ ਗਾਜ਼ੀਆਂ, ਪਠਾਣਾਂ ਤੇ ਅਫ਼ਗਾਨਾਂ ਨੂੰ ਹਰਾ ਕੇ ਖ਼ਾਲਸਾ ਫ਼ੌਜ ਦੀ ਧਾਕ ਜਮਾਈ। ਮਹਾਰਾਜੇ ਦੇ ਹੁਕਮਾਂ



'ਤੇ 1828 ਵਿਚ ਇਸ ਮਹਾਨ ਜਰਨੈਲ ਨੇ ਕਟੋਚੀਆਂ ਦੇ ਇਲਾਕੇ ਬਾਈਧਾਰ ਦੇ ਰਾਜਿਆਂ ਉੱਪਰ ਚੜ੍ਹਾਈ ਕੀਤੀ। ਖ਼ਾਲਸਾ ਫ਼ੌਜ ਨੇ ਸੀਬਾ, ਗੁਲੇਰ, ਨਦੌਣ, ਲੰਬਾਗਾਉਂ ਦੀ ਰਾਜਧਾਨੀ 'ਤੇ ਕਬਜ਼ਾ ਕਰ ਲਿਆ। 1834 ਵਿਚ ਮਹਾਰਾਜਾ ਨੇ ਜਦ ਹਰੀ ਸਿੰਘ ਨਲਵਾ ਨੂੰ ਪਿਸ਼ਾਵਰ 'ਤੇ ਧਾਵਾ ਬੋਲਣ ਦਾ ਹੁਕਮ ਦਿੱਤਾ ਤਾਂ ਇਹ ਵੀ ਐਲਾਨ ਕੀਤਾ ਕਿ ਸਰਦਾਰ ਹਰੀ ਸਿੰਘ ਨਲੂਆ ਹੁਣ ਤੋਂ ਖ਼ਾਲਸਾ ਫ਼ੌਜ ਦੇ ਕਮਾਂਡਰ ਇਨ ਚੀਫ ਹੈ।

ਇਸ ਅਦੁੱਤੀ ਜਰਨੈਲ ਦੀ ਕਮਾਂਡ ਵਿਚ ਖ਼ਾਲਸਾ ਫ਼ੌਜ ਨੇ ਪਿਸ਼ਾਵਰ 'ਤੇ ਹਮਲਾ ਕੀਤਾ। ਪਠਾਣਾਂ ਨੇ ਖ਼ਾਲਸਾ ਫ਼ੌਜ ਦਾ ਬਹਾਦਰੀ ਨਾਲ ਲੜਦਿਆਂ ਰਾਹ ਰੋਕਣ ਦੀ ਕੋਸ਼ਿਸ਼ ਕੀਤੀ ਪਰ ਇਸ ਜੋਸ਼ੀਲੇ ਜਰਨੈਲ ਦੀ ਫ਼ੌਜ ਨੇ ਪਠਾਣਾਂ ਦੇ ਮੋਰਚਿਆਂ ਨੂੰ ਤਹਿਸ-ਨਹਿਸ ਕਰ ਦਿੱਤਾ। ਪਿਸ਼ਾਵਰ 'ਤੇ ਕਬਜ਼ਾ ਹੁੰਦਿਆਂ ਹੀ ਇਲਾਕੇ ਦੇ ਪਠਾਣਾਂ ਦੇ ਦਿਲਾਂ ਵਿਚ ਖ਼ਾਲਸਾ ਫ਼ੌਜ ਤੇ ਹਰੀ ਸਿੰਘ ਨਲੂਆ ਦੇ ਨਾਂ ਦਾ ਡਰ ਸਦਾ ਲਈ ਬੈਠ ਗਿਆ। ਪਿਸ਼ਾਵਰ ਦਾ ਗਵਰਨਰ ਵੀ ਸਰਦਾਰ ਨਲੂਆ ਨੂੰ ਬਣਾਇਆ ਗਿਆ। ਅਮੀਰ ਦੋਸਤ ਮੁਹੰਮਦ ਖ਼ਾਨ ਨੇ ਆਪਣੀ ਹਾਰ ਦਾ ਬਦਲਾ ਲੈਣ ਲਈ ਇਕ ਤਕੜੀ ਫ਼ੌਜ ਤਿਆਰ ਕੀਤੀ। ਪਰ ਉਹ ਆਪ ਸਰਦਾਰ ਨਲੂਆ ਦਾ ਸਾਹਮਣਾ ਕਰਨ ਤੋਂ ਝਿਜਕਦਾ ਸੀ। ਇਸ ਲਈ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਆਪਣੇ ਪੁੱਤਰ ਅਕਬਰ ਖ਼ਾਨ ਦੀ ਅਗਵਾਈ ਵਿਚ 1837 ਵਿਚ ਸਰਦਾਰ ਹਰੀ ਸਿੰਘ ਨਲੂਆ ਦੀ ਗ਼ੈਰ ਹਾਜ਼ਰੀ ਦਾ ਫਾਇਦਾ ਉਠਾਦਿਆਂ ਜਮਰੌਦ ਦੇ ਕਿਲ੍ਹੇ 'ਤੇ ਹਮਲਾ ਕਰਵਾ ਦਿੱਤਾ। ਕਿਲ੍ਹੇ 'ਚ ਮੌਜੂਦ ਖ਼ਾਲਸਾ ਫ਼ੌਜ ਨੇ ਹਮਲਾਵਰਾਂ ਦਾ ਡਟ ਕੇ ਮੁਕਾਬਲਾ ਕੀਤਾ ਤੇ ਸਰਦਾਰ ਨਲੂਆ ਨੂੰ ਹਮਲੇ ਦੀ ਖ਼ਬਰ ਭੇਜੀ। ਜੰਗ ਦੇ ਤੀਜੇ ਦਿਨ ਅਫ਼ਗਾਨ ਜਮਰੌਦ ਦੇ ਕਿਲ੍ਹੇ ਦੇ ਨਜ਼ਦੀਕ ਹਮਲਾ ਕਰਨ ਦੀਆਂ ਤਿਆਰੀਆਂ ਕਰ ਰਹੇ ਸਨ ਕਿ ਹਰੀ ਸਿੰਘ ਨਲੂਆ ਵੀ ਫ਼ੌਜ ਸਮੇਤ ਮੌਕੇ 'ਤੇ ਪਹੁੰਚ ਗਿਆ।

ਸਰਦਾਰ ਨਲੂਆ ਦੀ ਆਮਦ ਦਾ ਪਤਾ ਲਗਦਿਆਂ ਹੀ ਵੈਰੀ ਫ਼ੌਜ ਮੈਦਾਨ ਛੱਡ ਕੇ ਭੱਜਣੀ ਸ਼ੁਰੂ ਹੋ ਗਈ। ਨਲੂਆ ਦੀ ਫ਼ੌਜ ਨੇ ਦੁਸ਼ਮਣ ਫ਼ੌਜ ਦਾ ਕਾਫ਼ੀ ਜੰਗੀ ਸਮਾਨ ਖੋਹ ਲਿਆ। ਜੰਗ 'ਚੋਂ ਦੁਸਮਣਾਂ ਨੂੰ ਭਜਾ ਕੇ ਜਦ ਉਹ ਵਾਪਸ ਜਮਰੌਦ ਦੇ ਕਿਲ੍ਹੇ ਵੱਲ ਜਾ ਰਹੇ ਸਨ ਤਾਂ ਇਕ ਗੁਫ਼ਾ 'ਚ ਲੁਕੇ ਹੋਏ ਗਾਜ਼ੀਆਂ ਨੇ ਉਨ੍ਹਾਂ ਉੱਪਰ ਗੋਲੀ ਚਲਾ ਦਿੱਤੀ। ਗੋਲੀ ਉਨ੍ਹਾਂ ਦੇ ਅੰਗ ਰੱਖਿਅਕ ਨੂੰ ਲੱਗੀ। ਹਰੀ ਸਿੰਘ ਨਲੂਆ ਨੇ ਆਪਣਾ ਘੋੜਾ ਗੁਫ਼ਾ ਵੱਲ ਮੋੜਿਆ ਤਾਂ ਗੁਫ਼ਾ ਵਿਚੋਂ ਗਾਜ਼ੀਆਂ ਨੇ ਫਿਰ ਦੋ ਗੋਲੀਆਂ ਚਲਾਈਆਂ, ਜੋ ਹਰੀ ਸਿੰਘ ਨਲੂਆ ਦੀ ਛਾਤੀ ਅਤੇ ਵੱਖੀ ਵਿਚ ਵੱਜੀਆਂ। ਉਹ ਆਪਣੇ ਘੋੜੇ ਨੂੰ ਮੋੜ ਕੇ ਜਮਰੌਦ ਦੇ ਕਿਲ੍ਹੇ ਅੰਦਰ ਲੈ ਗਏ। ਕਿਲ੍ਹੇ ਅੰਦਰ ਮਹਾਂ ਸਿੰਘ ਨੇ ਸਰਦਾਰ ਨਲੂਆ ਦਾ ਇਲਾਜ ਸ਼ੁਰੂ ਕੀਤਾ। ਹਰੀ ਸਿੰਘ ਨਲੂਆ ਨੇ ਅੰਤਮ ਸਮਾਂ ਨਜ਼ਦੀਕ ਵੇਖਦਿਆਂ ਖ਼ਾਲਸਾ ਫ਼ੌਜ ਦੇ ਸਰਦਾਰਾਂ ਨੂੰ ਹਦਾਇਤ ਕੀਤੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਆਉਣ ਤਕ ਉਨ੍ਹਾਂ ਦੀ ਸ਼ਹਾਦਤ ਦੀ ਖ਼ਬਰ ਕਿਲ੍ਹੇ ਤੋਂ ਬਾਹਰ ਨਾ ਜਾਵੇ। ਇਹ ਗੱਲ ਆਖ ਕੇ ਖ਼ਾਲਸਾ ਫ਼ੌਜ ਦਾ ਇਹ ਮਹਾਨ ਜਰਨੈਲ 30 ਅਪ੍ਰੈਲ 1837 ਨੂੰ ਸ਼ਹੀਦ ਹੋ ਗਿਆ। ਇਹ ਖ਼ਬਰ ਜਦ ਮਹਾਰਾਜਾ ਰਣਜੀਤ ਸਿੰਘ ਕੋਲ ਪੁੱਜੀ ਤਾਂ ਦਰਬਾਰ 'ਚ ਸੰਨਾਟਾ ਛਾ ਗਿਆ। ਮਹਾਰਾਜੇ ਨੇ ਵੈਰਾਗਮਈ ਆਵਾਜ਼ 'ਚ ਕਿਹਾ ਕਿ ਅੱਜ ਖ਼ਾਲਸਾ ਰਾਜ ਦੇ ਕਿਲ੍ਹੇ ਦਾ ਇਕ ਵੱਡਾ ਬੁਰਜ ਢਹਿ ਗਿਆ ਹੈ। •

94170-79435

# ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ

ਧਰਮਿੰਦਰ ਸਿੰਘ ਚੱਬਾ



3 ਮਈ, ਜਨਮ ਦਿਨ 'ਤੇ

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ 3 ਮਈ 1718 ਈਸਵੀ ਨੂੰ ਪਿਤਾ ਸਰਦਾਰ ਬਦਰ ਸਿੰਘ ਅਤੇ ਮਾਤਾ ਜੀਵਨ ਕੌਰ ਦੇ ਘਰ ਪਿੰਡ ਆਹਲੂ ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿਖੇ ਹੋਇਆ। ਆਪ ਪੰਜ ਸਾਲ ਦੇ ਹੀ ਸਨ ਕਿ ਆਪ ਦੇ ਪਿਤਾ ਰੱਬ ਨੂੰ ਪਿਆਰੇ ਹੋ ਗਏ।

ਆਪ ਨੂੰ ਆਪ ਜੀ ਦੀ ਮਾਤਾ ਨੇ ਆਪਣੇ ਭਰਾ ਸ. ਭਾਗ ਸਿੰਘ ਦੀ ਸਹਾਇਤਾ ਨਾਲ ਦਿੱਲੀ ਵਿਖੇ ਮਾਤਾ ਸੁੰਦਰੀ ਜੀ ਕੋਲ ਭੇਜ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਕੋਲ ਰਹਿ ਕੇ ਆਪ ਸੇਵਾ ਸਿਮਰਨ ਕਰਦੇ ਰਹੇ। ਮਾਤਾ ਸੁੰਦਰੀ ਜੀ ਆਪ ਜੀ ਦੀ ਨੇਕ-ਨੀਤੀ ਤੋਂ ਬੇਹੱਦ ਖ਼ੁਸ਼ ਹੋਏ ਤੇ ਆਪ ਨੂੰ ਆਪਣੇ ਪੁੱਤਰਾਂ ਵਾਂਗ ਪਿਆਰ ਕਰਦੇ ਸਨ। ਆਪ ਕਾਫ਼ੀ ਸਮਾਂ ਮਾਤਾ ਸੁੰਦਰੀ ਜੀ ਕੋਲ ਰਹੇ। ਇਸ ਦੌਰਾਨ ਆਪ ਜੀ ਨੇ ਕਈ ਭਸ਼ਾਵਾਂ ਦਾ ਗਿਆਨ ਪ੍ਰਾਪਤ ਕੀਤਾ,ਸ਼ਸਤਰ ਵਿੱਦਿਆ ਵੀ ਆਪ ਨੇ ਮਾਤਾ ਸੁੰਦਰੀ ਜੀ ਦੀ ਦੇਖ-ਰੇਖ ਵਿਚ ਹੀ ਪ੍ਰਾਪਤ ਕੀਤੀ। ਜਦੋਂ ਆਪ ਮਾਤਾ ਸੁੰਦਰੀ ਜੀ ਕੋਲੋਂ ਵਿਦਾ ਹੋਣ ਲੱਗੇ ਤਾਂ ਮਾਤਾ ਜੀ ਨੇ ਆਪ ਦੇ ਸਿੱਖੀ ਸਿਦਕ ਤੇ ਉੱਚੇ-ਸੁੱਚੇ ਜੀਵਨ ਨੂੰ ਦੇਖਦਿਆਂ ਆਪ ਨੂੰ ਢਾਲ, ਕਿਰਪਾਨ, ਗੁਰਜ, ਤੀਰ-ਕਮਾਨ ਤੇ ਚਾਂਦੀ ਦੀ ਇਕ ਚੋਬ ਦੇ ਕੇ ਨਵਾਜਿਆ।

ਆਪ ਦਿੱਲੀ ਤੋਂ ਪੰਜਾਬ ਪਹੁੰਚੇ ਤੇ ਪੰਜਾਬ ਆਉਂਦਿਆ ਹੀ ਨਵਾਬ ਕਪੂਰ ਸਿੰਘ ਦੇ ਜਥੇ 'ਚ ਸ਼ਾਮਲ ਹੋ ਗਏ। ਜਲਦੀ ਹੀ ਆਪ ਨੇ ਆਪਣੇ ਨੇਕ ਸੁਭਾਅ ਤੇ ਤੇਜ਼ ਬੁੱਧੀ ਸਦਕਾ ਨਵਾਬ ਕਪੂਰ ਸਿੰਘ ਦੇ ਦਿਲ ਵਿਚ ਖ਼ਾਸ ਥਾਂ ਬਣਾ ਲਈ। 1748 ਈਸਵੀ ਨੂੰ ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਨੇ ਮੁਗ਼ਲ ਸਲਾਬਤ ਖ਼ਾਨ ਨੂੰ ਹਰਾਇਆ ਤੇ ਵਿਸਾਖੀ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 65 ਜਥਿਆਂ ਨੂੰ 11 ਮਿਸਲਾਂ (12ਵੀਂ ਮਿਸਲ ਫੂਲਕੀਆ ਪਾ ਕੇ) ਵਿਚ ਵੰਡਿਆ ਤੇ ਦਲ ਖ਼ਾਲਸਾ ਦੀ ਸਥਾਪਨਾ ਕੀਤੀ।

ਇਸ ਮੌਕੇ ਕਾਇਮ ਕੀਤੀਆਂ ਗਈਆਂ ਮਿਸਲਾਂ ਦੇ ਨਾਂ ਅਤੇ ਉਨ੍ਹਾਂ ਦੇ ਮੁਖੀ ਇਸ ਪ੍ਰਕਾਰ ਸਨ : ਮਿਸਲ ਸਿੰਘਪੁਰੀਆ ਜਾਂ ਫੈਜ਼ਲਪੁਰੀਆ-ਜਥੇਦਾਰ ਨਵਾਬ ਕਪੂਰ ਸਿੰਘ, ਮਿਸਲ ਆਹਲੂਵਾਲੀਆ-ਸ. ਜੱਸਾ ਸਿੰਘ ਆਹਲੂਵਾਲੀਆ, ਮਿਸਲ ਭੰਗੀਆਂ-ਜਥੇਦਾਰ ਹਰੀ ਸਿੰਘ ਭੰਗੀ, ਮਿਸਲ ਸ਼ੁੱਕਰਚੱਕੀਆ-ਸ. ਚੜ੍ਹਤ ਸਿੰਘ, ਮਿਸਲ ਨਿਸ਼ਾਨਾਂ ਵਾਲੀ-ਸ. ਦੁਸੰਧਾ ਸਿੰਘ, ਮਿਸਲ ਰਾਮਗੜ੍ਹੀਆ-ਸ. ਜੱਸਾ ਸਿੰਘ ਰਾਮਗੜ੍ਹੀਆ, ਮਿਸਲ ਸ਼ਹੀਦਾਂ-ਬਾਬਾ ਦੀਪ ਸਿੰਘ ਜੀ ਸ਼ਹੀਦ, ਮਿਸਲ ਕਨ੍ਹਈਆ-ਸ. ਜੈ ਸਿੰਘ ਕਾਨ੍ਹਾ, ਮਿਸਲ ਡੱਲੇਵਾਲੀਆ-ਸ. ਤਾਰਾ ਸਿੰਘ, ਮਿਸਲ ਨਕਈਆਂ-ਸ. ਹੀਰਾ ਸਿੰਘ ਲਾਹੌਰ ਅਤੇ ਮਿਸਲ ਕਰੋੜਾਸਿੰਘੀਆ-ਕਰੋੜਾ ਸਿੰਘ ਪੰਜਗੜ੍ਹ, ਗੁਰਦਾਸਪੁਰ ਸ਼ਾਮਲ ਸਨ। ਇਸ ਤੋਂ ਇਲਾਵਾ ਪਟਿਆਲਾ, ਨਾਭਾ, ਜੀਂਦ, ਫੂਲਕੀਆ ਤੇ ਫ਼ਰੀਦਕੋਟ ਦੇ ਰਾਜਿਆਂ ਦੀ ਮਿਸਲ ਫੂਲਕੀਆ ਹੋਂਦ ਵਿਚ ਆਈ।

ਇਨ੍ਹਾਂ ਮਿਸਲਾਂ ਦੇ ਸਰਦਾਰਾਂ ਨੇ ਮਿਲ ਕੇ ਪੰਜਾਬ ਵਿਚ ਦੂਰ-ਦੂਰ ਤਕ ਇਲਾਕੇ ਵੰਡ ਲਏ ਤੇ ਆਪਣੀ-ਆਪਣੀ ਸ਼ਕਤੀ ਨਾਲ ਕਬਜ਼ੇ ਕਰ ਲਏ। ਅਹਿਮਦ ਸ਼ਾਹ ਅਬਦਾਲੀ ਹੜ੍ਹ ਵਾਂਗ ਲਾਹੌਰ ਤੋਂ ਵੜਿਆ ਤੇ ਦਿੱਲੀ ਪਹੁੰਚ ਗਿਆ ਤੇ ਲੁੱਟ-ਮਾਰ ਸ਼ੁਰੂ ਕਰ ਦਿੱਤੀ, ਬਹੂ-ਬੇਟੀਆਂ ਦੀ ਇੱਜ਼ਤ ਰੋਲੀ। ਬਾਦਸ਼ਾਹ ਆਲਮਗੀਰ ਦੀ ਖ਼ੂਬਸੂਰਤ ਤੇ ਜਵਾਨ ਬੇਟੀ ਜ਼ੁਹਰਾ ਬੇਗਮ ਦਾ ਨਿਕਾਹ ਜ਼ਬਰਦਸਤੀ ਆਪਣੇ ਪੁੱਤਰ ਤੈਮੂਰ ਸ਼ਾਹ ਨਾਲ ਕਰ ਦਿੱਤਾ। ਦਿੱਲੀ ਤੋਂ ਬਾਅਦ ਉਸ ਨੇ ਆਗਰਾ ਵੀ ਲੁੱਟਿਆ। ਹੋਲੀਆਂ ਦੇ ਦਿਨਾਂ ਵਿਚ ਮਥੁਰਾ ਬਿੰਦ੍ਰਾਬਨ ਪਹੁੰਚ ਕੇ ਹਿੰਦੂਆਂ ਦੇ ਮੰਦਰ ਲੁੱਟੇ। ਸੋਨੇ-ਚਾਂਦੀ ਦੀਆਂ ਮੂਰਤੀਆਂ ਲੁੱਟ ਲਈਆਂ। ਖ਼ੂਬਸੂਰਤ ਨੌਜਵਾਨ ਲੜਕੀਆਂ ਦੀ ਬੇਪਤੀ ਕੀਤੀ।

ਲੁੱਟ-ਮਾਰ ਕਰ ਕੇ ਅਬਦਾਲੀ ਫਿਰ ਦਿੱਲੀ ਪਹੁੰਚ ਗਿਆ। ਕੁਝ ਦਿਨ ਦਿੱਲੀ ਰਹਿ ਕੇ ਬਜ਼ੁਰਗ ਪੀਰ ਦੀ ਲੜਕੀ ਜੈਨਾ ਨੂੰ ਫੜਿਆ। ਮੁਹੰਮਦ ਸ਼ਾਹ ਦੀ 16 ਸਾਲ ਦੀ ਲੜਕੀ ਬੇਪਤੀ ਕਰਦਾ ਰਿਹਾ। ਸ਼ਾਹੀ ਖ਼ਾਨਦਾਨ ਦੀਆਂ 17 ਜਵਾਨ ਸ਼ਹਿਜ਼ਾਦੀਆਂ, 20 ਹਜ਼ਾਰ ਹਿੰਦੂ ਲੜਕੀਆਂ ਤੇ ਔਰਤਾਂ ਨੂੰ ਕਬਜ਼ੇ 'ਚ ਲੈ ਕੇ ਕਰੋੜਾਂ ਰੁਪਏ ਦਾ ਲੁੱਟਿਆ ਮਾਲ, ਮੱਝਾਂ-ਗਾਵਾਂ, ਬਹੂ-ਬੇਟੀਆਂ ਦੇ ਹੱਥ-ਪੈਰ ਬੰਨ੍ਹ ਕੇ ਗੱਡਿਆਂ 'ਤੇ ਬਿਠਾ ਕੇ, ਫ਼ੌਜ ਦੇ ਪਹਿਰੇ ਹੇਠ ਅਪ੍ਰੈਲ 1757 ਨੂੰ ਦਿੱਲੀ ਤੋਂ ਕਾਬਲ ਵੱਲ ਚੱਲ ਪਿਆ। ਇਸ ਗੱਲ ਦਾ ਪਤਾ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਲੱਗਾ ਤਾਂ ਉਨ੍ਹਾਂ ਨੇ ਸਿੰਘਾਂ ਨੂੰ ਲਲਕਾਰਿਆ ਤੇ ਜਿੱਥੇ-ਜਿੱਥੇ ਵੀ ਸਿੰਘ ਸਨ, ਸੁਨੇਹੇ ਭੇਜੇ ਕਿ ਜੇ ਅਬਦਾਲੀ ਪੰਜਾਬ ਵਿਚੋਂ ਦੀ ਲੁੱਟ ਦਾ ਮਾਲ ਤੇ ਬਹੂ-ਬੇਟੀਆਂ ਨੂੰ ਲੈ ਗਿਆ ਤਾਂ ਅਸੀ ਕਲਗੀਧਰ ਪਾਤਸ਼ਾਹ ਨੂੰ ਕੀ ਮੂੰਹ ਦਿਖਾਵਾਂਗੇ। ਸੁਨੇਹੇ ਮਿਲਦਿਆਂ ਹੀ ਖ਼ਾਲਸਾ ਤਿਆਰ ਹੋ ਗਿਆ।

***ਖ਼ਾਲਸਾ ਸੋਇ ਜੋ ਚੜ੍ਹਹਿ ਤੁਰੰਗ।***

***ਖ਼ਾਲਸਾ ਸੋ ਜੋ ਕਰੇ ਨਿਤ ਜੰਗ।***

ਅਬਦਾਲੀ ਨੇ ਭਾਰਤ ਉੱਪਰ 1747 ਤੋਂ 1769 ਤਕ ਕੁੱਲ ਦਸ ਹਮਲੇ ਕੀਤੇ। ਉਸ ਨੇ ਪਹਿਲਾ ਹਮਲਾ 1747 ਈਸਵੀ, ਦੂਜਾ 1749, ਤੀਜਾ 1751 ਤੇ1752, ਚੌਥਾ 1756 ਤੇ 1757, ਪੰਜਵਾਂ 1759 ਤੇ 1761, ਛੇਵਾਂ 1762, ਸੱਤਵਾਂ 1764 ਤੇ 1765, ਅੱਠਵਾਂ 1767, ਨੌਵਾਂ 1768 ਅਤੇ ਦੱਸਵਾਂ ਹਮਲਾ 1769 ਈਸਵੀ ਵਿਚ ਕੀਤਾ। ਸ. ਜੱਸਾ ਸਿੰਘ ਆਹਲੂਵਾਲੀਆ ਨੇ ਬਾਬਾ ਦੀਪ ਸਿੰਘ ਜੀ ਨਾਲ ਮਿਲ ਕੇ ਅਬਦਾਲੀ ਦੀ ਲੁੱਟ ਦਾ ਮਾਲ ਲੁੱਟ ਕੇ, ਬਹੂ-ਬੇਟੀਆਂ ਨੂੰ ਛੁਡਵਾ ਕੇ ਉਸ ਦੀ ਫ਼ੌਜ ਦਾ ਭਾਰੀ ਨੁਕਸਾਨ ਕੀਤਾ। ਅਬਦਾਲੀ ਮੁਸ਼ਕਲ ਨਾਲ ਜਾਨ ਬਚਾ ਕੇ ਦੌੜਿਆ। ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਕੌਮ ਨੇ 'ਸੁਲਤਾਨ-ਉਲ-ਕੌਮ' ਤੇ 'ਬੰਦੀ ਛੋੜ' ਦਾ ਖ਼ਿਤਾਬ ਦਿੱਤਾ

1762 ਵਿਚ ਅਬਦਾਲੀ ਨੇ ਫਿਰ ਭਾਰਤ 'ਤੇ ਹਮਲਾ ਕੀਤਾ। ਅਬਦਾਲੀ ਨੇ 20 ਹਜ਼ਾਰ ਦੇ ਕਰੀਬ ਬੱਚੇ, ਬੁੱਢੇ, ਔਰਤਾਂ ਤੇ ਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਹ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਕਰ ਕੇ ਜਾਣਿਆ ਜਾਂਦਾ ਹੈ। ਇਸ ਜੰਗ ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ 'ਤੇ 22 ਫੱਟ ਲੱਗੇ ਸਨ। ਵਾਪਸ ਮੁੜਦਿਆਂ ਅਬਦਾਲੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾ ਦਿੱਤਾ ਤੇ ਸਰੋਵਰ ਮਿੱਟੀ ਨਾਲ ਭਰ ਦਿੱਤਾ। ਸ. ਜੱਸਾ ਸਿੰਘ ਆਹਲੂਵਾਲੀਆ ਨੇ ਮੁੜ 'ਦਲ ਖ਼ਾਲਸਾ' ਸੁਰਜੀਤ ਕੀਤਾ ਤੇ 1764 ਨੂੰ ਸਰਹਿੰਦ 'ਤੇ ਹਮਲਾ ਕਰ ਕੇ ਫ਼ੌਜਦਾਰ ਜੈਨ ਖ਼ਾਂ ਨੂੰ ਮਾਰ ਦਿੱਤਾ। 1765 ਵਿਚ ਅਬਦਾਲੀ ਨੇ ਫਿਰ ਹਮਲਾ ਕੀਤਾ। ਇਸ ਹਮਲੇ ਦੌਰਾਨ ਅਬਦਾਲੀ ਨੇ ਸਿੱਖਾਂ ਦੀ ਵਧਦੀ ਹੋਈ ਸ਼ਕਤੀ ਨੂੰ ਵੇਖਦਿਆਂ ਸਮਝੌਤਾ ਕਰਨ ਦਾ ਯਤਨ ਕੀਤਾ ਤਾਂ ਸ. ਜੱਸਾ ਸਿੰਘ ਆਹਲੂਵਾਲੀਆ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ

1774 ਈਸਵੀ ਨੂੰ ਸ. ਜੱਸਾ ਸਿੰਘ ਨੇ ਕਪੂਰਥਲਾ ਨੂੰ ਆਪਣੀ ਰਾਜਧਾਨੀ ਬਣਾਇਆ। ਸ. ਜੱਸਾ ਸਿੰਘ ਆਹਲੂਵਾਲੀਆ ਇਕ ਮਹਾਨ ਜਰਨੈਲ ਤੇ ਧਰਮੀ ਪੁਰਖ ਸਨ, ਜਿਨ੍ਹਾਂ ਨੇ ਆਪਣੀ ਸਾਰੀ ਉਮਰ ਗੁਰੂ ਘਰ ਦੇ ਲੇਖੇ ਲਾ ਕੇ ਸਿੱਖੀ ਦੀ ਆਨ ਤੇ ਸ਼ਾਨ ਨੂੰ ਬਰਕਰਾਰ ਰੱਖਿਆ। ਅੰਤ 20 ਅਕਤੂਬਰ 1783 ਨੂੰ ਇਹ ਮਹਾਨ ਜਰਨੈਲ ਸਦਾ ਲਈ ਸਾਡੇ ਕੋਲੋਂ ਵਿੱਛੜ ਗਿਆ। ਅੰਮ੍ਰਿਤਸਰ ਵਿਚ ਬਾਬਾ ਅਟੱਲ ਰਾਏ ਜੀ ਦੇ ਅਸਥਾਨ ਨੇੜੇ ਉਨ੍ਹਾਂ ਦੀ ਸਮਾਧ ਸਥਿਤ ਹੈ। ਇਸ ਮਹਾਨ ਜਰਨੈਲ ਨੂੰ ਕੋਟਿਨ-ਕੋਟ ਪ੍ਰਣਾਮ। •

### ਦਿੱਲੀ ਫ਼ਤਹਿ

ਪੰਜਾਬ ਅਤੇ ਆਸ-ਪਾਸ ਦੇ ਇਲਾਕਿਆਂ ਨੂੰ ਆਪਣੇ ਰਾਜ ਦਾ ਹਿੱਸਾ ਬਣਾਉਣ ਤੋਂ ਬਾਅਦ ਜਦ ਬਾਰਾਂ ਮਿਸਲਾਂ ਦੇ ਸਰਦਾਰਾਂ ਨੇ ਦਿੱਲੀ ਉੱਪਰ ਚੜ੍ਹਾਈ ਕੀਤੀ ਤਾਂ ਉਸ ਸਮੇਂ ਸਰਦਾਰ ਬਘੇਲ ਸਿੰਘ ਤੋਂ ਇਲਾਵਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆਦਿ ਨੇ ਸਰਗਰਮ ਭੂਮਿਕਾ ਨਿਭਾਈ ਤੇ ਦਿੱਲੀ ਦੇ ਲਾਲ ਕਿਲ੍ਹੇ ਉੱਪਰ ਕੇਸਰੀ ਨਿਸ਼ਾਨ ਸਾਹਿਬ ਲਹਿਰਾਇਆ। ਇਸ ਮੁਹਿੰਮ 'ਚ ਫ਼ਤਹਿ ਪ੍ਰਾਪਤ ਕਰਨ ਤੋਂ ਬਾਅਦ ਬਾਕੀ ਸਿੱਖ ਸਰਦਾਰ ਤਾਂ ਪੰਜਾਬ ਪਰਤ ਆਏ ਅਤੇ ਸਰਦਾਰ ਬਘੇਲ ਸਿੰਘ ਦੀ ਅਗਵਾਈ ਵਿਚ ਦਿੱਲੀ ਵਿਖੇ ਗੁਰੂ ਸਾਹਿਬਾਨ ਨਾਲ ਸਬੰਧਤ ਗੁਰਦੁਆਰਾ ਸਾਹਿਬਾਨ ਸਥਾਪਿਤ ਹੋਏ।

## ਚਾਣਕਯ ਨੀਤੀ



ਅਚਾਰਿਆ ਚਾਣਕਯ ਭਾਰਤ ਦੇ ਅਮੀਰ ਇਤਿਹਾਸਕ ਵਿਰਸੇ ਦੀ ਇਕ ਮਹਾਨ ਸ਼ਖ਼ਸੀਅਤ, ਵਿਦਵਾਨ ਸਿਆਸਤਦਾਨ, ਕੂਟ ਨੀਤੀਵਾਨ, ਨਿਪੁੰਨ ਪ੍ਰਬੰਧਕ ਤੇ ਸਾਦਾ ਜੀਵਨ ਜਿਉਣ ਵਾਲੇ ਪੰਡਿਤ ਸਨ। ਉਨ੍ਹਾਂ ਦੀ ਜੀਵਨ ਕਾਲ 350-283 ਪੂਰਵ ਈਸਵੀ ਸੀ। ਉਨ੍ਹਾਂ ਦੁਆਰਾ ਰਚਿਤ 'ਚਾਣਕਯ ਨੀਤੀ' ਵਡਮੁੱਲੀਆਂ ਸਿੱਖਿਆਵਾਂ ਵਾਲੀ ਪੁਸਤਕ ਹੈ। ਇਸ ਵਿਚ 17 ਅਧਿਆਏ ਤੇ ਕੁੱਲ 333 ਸਲੋਕ ਹਨ। ਇਨ੍ਹਾਂ ਸਲੋਕਾਂ ਵਿਚ ਉਨ੍ਹਾਂ ਨੇ ਜ਼ਿੰਦਗੀ, ਘਰ, ਪਰਿਵਾਰ, ਸਮਾਜ ਤੇ ਉੱਚੀਆਂ-ਸੁੱਚੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਅਟੱਲ ਸੱਚਾਈਆਂ ਦੇ ਰੂਪ 'ਚ ਪੇਸ਼ ਕੀਤਾ ਹੈ।

**ਸਲੋਕ (3.04)**

ਦੁਰਜਨਸ੍ਯ ਚ ਸਪਰਸ੍ਯ ਵਰਮ੍ ਸਰ੍ਪੋ ਨ ਦੁਰ੍ਜਨਹ.

ਸਰ੍ਪੋ ਦੰਸਤਿ ਕਾਲੇਨ ਦੁਰਜਸ੍ਤੁ ਪਦੇ ਪਦੇ॥

**ਅਰਥ**

ਦੁਰਜਨ ਅਤੇ ਸੱਪ ਨਾਲੋਂ, ਸੱਪ ਚੰਗਾ ਹੈ, ਦੁਰਜਨ ਨਹੀਂ, ਕਿਉਂਕਿ ਸੱਪ ਤਾਂ ਸਮਾਂ ਆਉਣ 'ਤੇ ਹੀ ਕੱਟਦਾ ਹੈ, ਅਥਵਾ ਡੰਗ ਮਾਰਦਾ ਹੈ ਪਰੰਤੂ ਦੁਰਜਨ ਹਰ ਸਮੇਂ ਪੈਰ-ਪੈਰ 'ਤੇ ਨੁਕਸਾਨ ਕਰਨ ਦੀ ਝਾਕ 'ਚ ਰਹਿੰਦਾ ਹੈ।



ਡਾ. ਅਮਰ ਕੋਮਲ

84378-73565

**ਵਿਆਖਿਆ**

ਜਿਸ ਵਿਅਕਤੀ ਅੰਦਰ ਵਿਕਾਰਾਂ ਦੀ ਅੱਗ ਤੇ ਬਦਲੇ ਦੀ ਜਵਾਲਾ ਹੈ। ਪਿਆਰ ਉਪਕਾਰ ਕਰਨਾ, ਸੇਵਾ ਤੇ ਹਮਦਰਦੀ ਦੀ ਘਾਟ ਹੈ, ਉਹ ਵਿਅਕਤੀ ਦੁਸ਼ਟ ਦੁਰਜਨ ਹੈ। ਅਜਿਹਾ ਵਿਅਕਤੀ ਹਰ ਸਮੇਂ ਬੁਰਾਈ ਕਰਨ ਦੀ ਗੱਲ ਸੋਚਦਾ ਹੈ। ਉਹ ਸੱਪ ਨਾਲੋਂ ਵੀ ਭੈੜਾ ਹੈ ਕਿਉਂਕਿ ਸੱਪ ਤਾਂ ਸਮਾਂ ਆਉਣ 'ਤੇ ਹੀ ਡੰਗ ਮਾਰਦਾ ਹੈ, ਪਰੰਤੂ ਦੁਰਜਨ ਤਾਂ ਹਰ ਸਮੇਂ ਦੂਜਿਆਂ ਦਾ ਬੁਰਾ ਸੋਚ ਕੇ, ਉਨ੍ਹਾਂ ਦਾ ਨੁਕਸਾਨ ਕਰਦਾ ਹੈ। •

84378-73565

ਸ਼ਾਮ ਸੁੰਦਰ ਮੀਲੂ

# ਬ੍ਰਹਮਲੀਨ ਸਤਿਗੁਰੂ ਬ੍ਰਹਮਾ ਨੰਦ ਭੂਰੀਵਾਲੇ

ਲੰਬੀ ਸਾਧਨਾ ਤੋਂ ਬਾਅਦ ਸੰਤ ਦਾ ਦਰਜਾ ਉਨ੍ਹਾਂ ਮਹਾਪੁਰਸ਼ਾਂ ਨੂੰ ਮਿਲਦਾ ਹੈ, ਜਿਹੜੇ ਇਸ ਸਮਾਜ ਦੇ ਹਨੇਰੇ ਕੋਨਿਆਂ ਨੂੰ ਅੱਖਰੀ ਤੇ ਅਧਿਆਤਮਕ ਗਿਆਨ ਨਾਲ ਰੋਸ਼ਨ ਕਰਦੇ ਹਨ। ਸਤਿਗੁਰੂ ਭੂਰੀਵਾਲੇ ਗੁਰਗੱਦੀ ਪਰੰਪਰਾ (ਗ਼ਰੀਬਦਾਸੀ ਸੰਪ੍ਰਦਾਇ) 'ਚ ਨਾਮ ਦੇ ਪੁਜਾਰੀ, ਸਿੱਖਿਆ ਦਾਨੀ, ਮਾਨਵਤਾਵਾਦੀ, ਕਰਮਯੋਗੀ, ਬ੍ਰਹਮ ਗਿਆਨੀ ਬ੍ਰਹਮਾ ਨੰਦ ਮਹਾਰਾਜ ਭੂਰੀਵਾਲੇ (ਗਊਆਂ ਵਾਲੇ) ਵੀ ਅਜਿਹੇ ਹੀ ਮਹਾਪੁਰਸ਼ ਹੋਏ ਹਨ।

ਸਤਿਗੁਰੂ ਬ੍ਰਹਮਾ ਨੰਦ ਭੂਰੀ ਵਾਲਿਆਂ ਦਾ ਸਮੁੱਚਾ ਜੀਵਨ ਲੋਕਾਈ ਦੇ ਭਲੇ, ਗਊ-ਗ਼ਰੀਬ ਤੇ ਕੰਨਿਆਵਾਂ ਦੀ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਮਰਪਿਤ ਰਿਹਾ। ਆਪ ਜੀ ਦਾ ਜਨਮ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਤਹਿਸੀਲ ਬਲਾਚੌਰ ਦੇ ਪਿੰਡ ਚੂਹੜਪੁਰ (ਬ੍ਰਹਮਪੁਰੀ) ਵਿਖੇ 1912 ਵਿਚ ਮਾਤਾ ਰਾਮਦੇਈ ਅਤੇ ਪਿਤਾ ਸ੍ਰੀ ਧਨੀ ਰਾਮ ਜੀ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਨੇ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਨੈਨੀਤਾਲ (ਹੁਣ ਉੱਤਰਾਖੰਡ) ਨੂੰ ਆਪਣੀ ਕਰਮਭੂਮੀ ਬਣਾਇਆ।

ਸੁਖੀ ਗ੍ਰਹਿਸਥ ਜੀਵਨ, ਸਮਾਜ 'ਚ ਚੋਖਾ ਆਦਰ ਸਤਿਕਾਰ, ਚੰਗਾ ਸਮਾਜਿਕ ਰੁਤਬਾ, ਸੈਂਕੜੇ ਏਕੜ ਜ਼ਮੀਨ ਹੋਣ ਦੇ ਬਾਵਜੂਦ ਆਪ ਦੀ ਆਤਮਾ ਪਰਮ ਪੁਰਖ ਪਰਮਾਤਮਾ ਦੀ ਪ੍ਰਾਪਤੀ ਲਈ ਜਾਗੀ। ਇਸ ਭਾਵਨਾ ਦੇ ਉਤਪੰਨ ਹੋਣ ਦੇ ਪਿੱਛੇ ਆਪ ਉੱਪਰ ਭੂਰੀਵਾਲੇ ਗੁਰਗੱਦੀ ਪਰੰਪਰਾ ਦੇ ਦੂਜੇ ਸਤਿਗੁਰੂ ਲਾਲ ਦਾਸ ਜੀ ਭੂਰੀਵਾਲਿਆਂ ਦੀ ਰੂਹਾਨ ਸ਼ਖ਼ਸੀਅਤ ਦਾ ਅਹਿਮ ਪ੍ਰਭਾਵ ਸੀ। ਸਤਿਗੁਰੂ ਲਾਲ ਦਾਸ ਭੂਰੀਵਾਲਿਆਂ ਦੀ ਕ੍ਰਿਪਾ ਦ੍ਰਿਸ਼ਟੀ ਸਦਕਾ ਜੂਨ 1962 ਦੇ ਵਿਚ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਬੁਲੰਦਸ਼ਹਿਰ ਦੇ ਕਸਬਾ ਜਗੀਰਾਬਾਦ ਦੀ ਕੁਟੀਆ 'ਚ ਸੰਨਿਆਸ ਧਾਰਨ ਕਰਨ ਉਪਰੰਤ ਆਪ ਨੇ ਗਿਰਧਾਰੀ ਸਿੰਘ ਤੋਂ ਸਵਾਮੀ ਬ੍ਰਹਮਾ ਨੰਦ ਦੇ ਰੂਪ 'ਚ ਸੰਗਤ ਵਿਚ ਵਿਚਰੇ। ਸਤਿਗੁਰੂ ਬ੍ਰਹਮਾ ਨੰਦ ਭੂਰੀਵਾਲੇ ਗਊ, ਗ਼ਰੀਬ ਅਤੇ ਕੰਨਿਆਵਾਂ ਦੀ ਰੱਖਿਆ ਤੇ ਭਲਾਈ ਦੇ ਹਾਮੀ ਸਨ। ਇਸ ਗੱਲ ਦੇ ਪ੍ਰਚਾਰ ਦੇ ਨਾਲ-ਨਾਲ ਆਪ ਨੇ ਇਸ ਨੂੰ ਅਮਲੀ ਜਾਮਾ ਵੀ ਪਹਿਨਾਇਆ

14 ਅਗਸਤ 1975 ਨੂੰ ਸਤਿਗੁਰੂ ਲਾਲ ਦਾਸ ਭੂਰੀਵਾਲਿਆਂ ਦੇ ਪੰਜ ਭੌਤਿਕ ਸਰੀਰ ਤਿਆਗਣ ਉਪਰੰਤ ਸਤਿਗੁਰੂ ਲਾਲ ਦਾਸ ਭੂਰੀਵਾਲਿਆਂ ਦੀ ਇੱਛਾ ਅਨੁਸਾਰ ਹਰਿਦੁਆਰ ਦੇ ਸ੍ਰੀ ਬ੍ਰਹਮ ਨਿਵਾਸ ਆਸ਼ਰਮ 'ਚ ਖਟ ਦਰਸ਼ਨ ਸਾਧੂ ਸਮਾਜ ਗ਼ਰੀਬਦਾਸੀ ਸੰਪ੍ਰਦਾਇ ਪੀਠ ਦੇ ਤਤਕਾਲੀ ਪੀਠਾਧੀਸ਼ਵਰ ਮਹੰਤ ਗੰਗਾ ਸਾਗਰ ਅਤੇ ਭੂਰੀਵਾਲੇ ਭੇਖ ਦੇ ਸਮੁੱਚੇ ਸੰਤਾਂ ਵੱਲੋਂ ਵਿਸ਼ਾਲ ਸੰਗਤ ਦੀ ਮੌਜੂਦਗੀ ਵਿਚ ਆਪ ਨੂੰ ਇਸ ਤੀਸਰੇ ਗੱਦੀ-ਨਸ਼ੀਨ ਥਾਪਿਆ ਗਿਆ। ਇਸ ਉਪਰੰਤ ਆਪ ਨੇ ਸਮਾਜ ਦੀ ਨੁਹਾਰ ਬਦਲਣ 'ਚ ਅਹਿਮ ਯੋਗਦਾਨ ਪਾਇਆ। ਅਧਿਆਤਮ ਦੀ ਲੋਅ ਵੰਡਣ ਲਈ ਆਪ ਨੇ ਪਿੰਡਾਂ ਵਿਚ ਕੁਟੀਆ ਸਥਾਪਿਤ ਕਰਵਾਈਆਂ ਤੇ ਟੂਣੇ-ਟਾਮਣਿਆਂ 'ਚ ਫਸੇ ਲੋਕਾਂ ਨੂੰ ਜਗਤ ਗੁਰੂ ਬਾਬਾ ਗ਼ਰੀਬਦਾਸ ਜੀ ਦੀ ਬਾਣੀ ਨਾਲ ਜੋੜਿਆ।



ਸੰਨ 1984 ਵਿਚ ਸਿੱਖਿਆ ਦੇ ਪ੍ਰਚਾਰ ਪ੍ਰਸਾਰ ਲਈ ਆਪ ਨੇ ਮਹਾਰਾਜ ਭੂਰੀਵਾਲੇ ਗ਼ਰੀਬਦਾਸੀ ਐਜੂਕੇਸ਼ਨ ਟਰੱਸਟ ਦਾ ਗਠਨ ਕੀਤਾ। ਆਪ ਨੇ ਕਸਬਾ ਪੋਜੇਵਾਲ ਵਿਖੇ ਕੋ-ਐਜੂਕੇਸ਼ਨ ਕਾਲਜ ਸਥਾਪਿਤ ਕਰ ਕੇ ਸਰਕਾਰ ਨੂੰ ਸੌਂਪਿਆ, ਜੋ ਅੱਜ 'ਮਹਾਰਾਜ ਭੂਰੀਵਾਲੇ ਗ਼ਰੀਬਦਾਸੀ ਸਰਕਾਰੀ ਕਾਲਜ ਪੋਜੇਵਾਲ' ਦੇ ਨਾਂ 'ਤੇ ਵਿੱਦਿਆ ਦਾ ਚਾਨਣ ਫੈਲਾ ਰਿਹਾ ਹੈ। ਇਸ ਤੋਂ ਇਲਾਵਾ ਆਪ ਨੇ ਕੇਂਦਰੀ ਵਿੱਦਿਅਕ ਸੰਸਥਾ ਜਵਾਹਰ ਨਵੋਦਿਆ ਵਿਦਿਆਲਿਆ ਪੋਜੇਵਾਲ ਵਿਖੇ ਖੁਲ੍ਹਵਾਉਣ ਲਈ ਵੀ ਵਿਸ਼ੇਸ਼ ਯੋਗਦਾਨ ਪਾਇਆ ਅਤੇ ਇਸ ਵਿੱਦਿਅਕ ਸੰਸਥਾ ਲਈ 27 ਏਕੜ ਜ਼ਮੀਨ ਟਰੱਸਟ ਵੱਲੋਂ ਮੁਫ਼ਤ ਮੁਹੱਈਆ ਕਰਵਾਈ। ਆਪ ਨੇ ਕੰਢੀ ਬੀਤ ਦੂਣੀ ਦੇ ਇਲਾਕਿਆਂ ਵਿਚ ਕੁੜੀਆਂ ਨੂੰ ਸਿੱਖਿਅਤ ਕਰਨ ਲਈ 5 ਡਿਗਰੀ ਕਾਲਜ, ਇਕ ਬੀਐੱਡ ਕਾਲਜ, 5 ਪਬਲਿਕ ਸਕੂਲ ਖੁੱਲ੍ਹਵਾਏ ਤੇ ਤਿੰਨ ਚੈਰੀਟੇਬਲ ਹਸਪਤਾਲਾਂ ਦਾ ਨਿਰਮਾਣ ਕਰਵਾਇਆ। ਆਪ ਨੇ ਵੱਖ-ਵੱਖ ਸੂਬਿਆਂ ਵਿਚ ਗਊਸ਼ਾਲਾਵਾਂ ਦਾ ਵੀ ਨਿਰਮਾਣ ਕਰਵਾਇਆ। ਗਊਆਂ ਪ੍ਰਤੀ ਆਪ ਦੇ ਪ੍ਰੇਮ ਕਾਰਨ ਹੀ ਸ਼ਰਧਾਲੂ ਆਪ ਨੂੰ 'ਗਊਆਂ ਵਾਲੇ ਸਤਿਗੁਰੂ' ਆਖ ਕੇ ਵੀ ਸਤਿਕਾਰ ਦਿੰਦੇ ਹਨ।

**ਸਤਿਗੁਰੂ ਬ੍ਰਹਮਾ ਨੰਦ ਭੂਰੀ ਵਾਲਿਆਂ ਨੇ ਜਿੱਥੇ ਦੁਨੀਆ ਨੂੰ ਅਧਿਆਤਮਕ ਗਿਆਨ ਦਿੱਤਾ ਉੱਥੇ ਸਿੱਖਿਆ ਦੇ ਪ੍ਰਚਾਰ ਪ੍ਰਸਾਰ ਲਈ ਕਈ ਵਿੱਦਿਅਕ ਸੰਸਥਾਵਾਂ ਅਤੇ ਹਸਪਤਾਲਾਂ ਦਾ ਵੀ ਨਿਰਮਾਣ ਕਰਵਾਇਆ...**

ਸਤਿਗੁਰੂ ਬ੍ਰਹਮਾ ਨੰਦ ਭੂਰੀਵਾਲੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਸ੍ਰੀ ਲਾਲਪੁਰੀ ਧਾਮ ਭਵਾਨੀਪੁਰ (ਬੀਤ) ਵਿਖੇ 1 ਮਈ 2002 ਨੂੰ ਪੰਜ ਭੌਤਿਕ ਸਰੀਰ ਤਿਆਗ ਕੇ ਬ੍ਰਹਮਲੀਨ ਹੋਏ। ਆਪ ਨੇ ਆਪਣੇ ਜੀਵਨ ਕਾਲ ਦੌਰਾਨ ਹੀ ਸੰਨ 1993 ਵਿਚ ਵੇਦਾਂਤ ਅਚਾਰੀਆ ਸਵਾਮੀ ਚੇਤਨਾ ਨੰਦ ਭੂਰੀਵਾਲਿਆਂ ਨੂੰ ਚੌਥਾ ਗੱਦੀਨਸ਼ੀਨ ਥਾਪ ਦਿੱਤਾ ਸੀ, ਜੋ ਵਰਤਮਾਨ ਸਮੇਂ 'ਚ ਸੰਗਤਾਂ ਦੀ ਸੁਯੋਗ ਰਹਿਨੁਮਾਈ ਕਰ ਰਹੇ ਹਨ।

ਸਤਿਗੁਰੂ ਬ੍ਰਹਮਾ ਨੰਦ ਜੀ ਦੀ 17ਵੀਂ ਬਰਸੀ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਗੜ੍ਹਸ਼ੰਕਰ-ਅਨੰਦਪੁਰ ਸਾਹਿਬ ਮਾਰਗ ਸਥਿਤ ਸ੍ਰੀ ਬ੍ਰਹਮ ਸਰੂਪ ਧਾਮ ਪੋਜੇਵਾਲ ਵਿਖੇ ਤਿੰਨ ਰੋਜ਼ਾ ਸੰਤ ਸਮਾਗਮ 29 ਅਪ੍ਰੈਲ ਤੋਂ ਪਹਿਲੀ ਮਈ ਤਕ ਵੇਦਾਂਤ ਅਚਾਰੀਆ ਸਵਾਮੀ ਚੇਤਨਾ ਨੰਦ ਭੂਰੀਵਾਲਿਆਂ ਦੀ ਸਰਪ੍ਰਸਤੀ ਹੇਠ ਹੋ ਰਿਹਾ ਹੈ। 30 ਅਪ੍ਰੈਲ ਨੂੰ ਪੀਜੀਆਈ ਦੀ ਟੀਮ ਵੱਲੋਂ ਵਿਸ਼ਾਲ ਖ਼ੂਨਦਾਨ ਕੈਂਪ, ਮੁਫ਼ਤ ਹੋਮਿਓਪੈਥੀ ਤੇ ਆਯੁਰਵੈਦਿਕ ਮੈਡੀਕਲ ਕੈਂਪ ਲਗਾਇਆ ਜਾਵੇਗਾ। ਪਹਿਲੀ ਮਈ ਨੂੰ ਸੰਤ ਸਮਾਗਮ ਦੀ ਸਮਾਪਤੀ ਮੌਕੇ ਦੇਸ਼ ਵਿਦੇਸ਼ ਤੋਂ ਪੁੱਜੀਆਂ ਸੰਗਤਾਂ, ਸਿਆਸੀ ਅਤੇ ਆਗੂ ਸਮਾਜ ਸੇਵੀ ਸੰਸਥਾਵਾਂ ਦੇ ਆਗੂ ਸਤਿਗੁਰੂ ਬ੍ਰਹਮਾ ਨੰਦ ਜੀ ਭੂਰੀਵਾਲਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ। •

94634-42400

# ਡਿਪਟੀ ਕਮਿਸ਼ਨਰ ਵੱਲੋਂ ਡੰਪ ਸਾਈਟ ਦਾ ਜਾਇਜ਼ਾ, ਨਗਰ ਨਿਗਮ ਨੂੰ ਪੁਰਾਣੇ ਕੂੜੇ ਦਾ ਹੋਰ ਤੇਜ਼ੀ ਨਾਲ ਨਿਪਟਾਰਾ ਕਰਨ ਦੀ ਹਦਾਇਤ



ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਘਲੋੜੀ ਗੇਟ ਨੇੜੇ ਕੂੜੇ ਦੇ ਡੰਪ ਦਾ ਜਾਇਜ਼ਾ ਲੈਂਦੇ ਹੋਏ। ਉਨ੍ਹਾਂ ਦੇ ਨਾਲ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ ਤੇ ਹੋਰ ਅਧਿਕਾਰੀ ਵੀ ਨਜ਼ਰ ਆ ਰਹੇ ਹਨ।

**ਪਟਿਆਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਇੱਥੇ ਨਗਰ ਨਿਗਮ ਦੇ ਕੂੜੇ ਦੇ ਡੰਪ ਦਾ ਜਾਇਜ਼ਾ ਲੈ ਕੇ ਨਗਰ ਨਿਗਮ ਨੂੰ ਹਦਾਇਤ ਕੀਤੀ ਕਿ ਪੁਰਾਣੇ ਪਏ ਕੂੜੇ ਦੇ ਜਲਦ ਨਿਪਟਾਰੇ ਲਈ ਯਤਨ ਹੋਰ ਤੇਜ਼ ਕੀਤੇ ਜਾਣ। ਡਿਪਟੀ ਕਮਿਸ਼ਨਰ ਨੇ ਸ਼ਹਿਰ ਵਾਸੀਆਂ ਨੂੰ ਵੀ ਕੂੜੇ ਦੇ ਡੰਪ ਨੂੰ ਅੱਗ ਲੱਗਣ ਤੋਂ ਕਿਸੇ ਤਰ੍ਹਾਂ ਦੀ ਘਬਰਾਹਟ ਵਿੱਚ ਨਾ ਆਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਨਾਲ ਹੀ ਨਗਰ ਨਿਗਮ ਵੱਲੋਂ ਕੀਤੇ ਜਾ ਰਹੇ ਪ੍ਰਬੰਧਾਂ 'ਤੇ ਤਸੱਲੀ ਦਾ ਇਜ਼ਹਾਰ ਵੀ ਕੀਤਾ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਪੂਰੀ ਤਰ੍ਹਾਂ ਮੁਸਤੈਦ ਹੈ ਅਤੇ ਕੂੜੇ ਦੇ ਨਿਪਟਾਰੇ ਸਮੇਤ ਕੂੜੇ ਨੂੰ ਗਰਮੀਆਂ ਵਿੱਚ ਲੱਗਣ ਵਾਲੀ ਅੱਗ ਤੋਂ ਬਚਾਅ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ ਸਮੇਤ ਹੋਰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸ਼ਹਿਰ ਵਾਸੀਆਂ ਨੂੰ ਪੁਰਾਣੇ ਪਏ ਕੂੜੇ ਦੇ ਢੇਰ ਤੋਂ ਪੱਕੇ ਤੌਰ 'ਤੇ ਨਿਜਾਤ ਦਿਵਾਉਣ ਲਈ ਕੂੜੇ ਨੂੰ ਵਿਗਿਆਨਕ ਤੇ ਵਾਤਾਵਰਣ ਪੱਖੀ ਢੰਗਾਂ ਨਾਲ ਟਿਕਾਣੇ ਲਗਾਉਣ ਦੇ ਯਤਨਾਂ ਨੂੰ ਹੋਰ ਤੇਜ਼ ਕੀਤਾ ਜਾਵੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੂੜੇ ਦੇ ਢੇਰ ਨੂੰ ਲੱਗੀ ਅੱਗ ਕੰਟਰੋਲ ਹੇਠ ਹੈ ਅਤੇ ਇਸ ਨੂੰ ਅੱਗੇ ਵੱਧਣ ਤੋਂ ਰੋਕਣ ਲਈ ਨਗਰ ਨਿਗਮ ਦੇ ਪ੍ਰਸ਼ਾਸਨ ਚੌਕਸੀ ਨਾਲ ਪੁਖ਼ਤਾ ਇੰਤਜ਼ਾਮ ਕਰ ਰਿਹਾ ਹੈ, ਇਸ ਲਈ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਫ਼ਵਾਹਾਂ ਤੋਂ ਘਬਰਾਹਟ ਤੋਂ ਬਚਣਾ ਚਾਹੀਦਾ ਹੈ।

ਡਾ. ਪ੍ਰੀਤੀ ਯਾਦਵ ਨੇ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਵਿੱਚ ਹੀ ਸੁੱਕਾ ਤੇ ਗਿੱਲਾ ਕੂੜਾ ਵੱਖੋ-ਵੱਖ ਕਰਨਾ ਯਕੀਨੀ ਬਣਾਉਣ ਤਾਂ ਕਿ ਕੂੜੇ ਦੇ ਸਰੋਤ ਤੋਂ ਹੀ ਉਸ ਨੂੰ ਵਾਤਾਵਰਣ ਪੱਖੀ ਢੰਗਾਂ ਨਾਲ ਟਿਕਾਣੇ ਲਾਉਣ ਦੇ ਯਤਨ ਸ਼ੁਰੂ ਹੋ ਜਾਣ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਨੂੰ ਆਪਣੇ ਘਰਾਂ ਵਿੱਚ ਵੱਖੋ-ਵੱਖ ਡਸਟਬਿਨ ਰੱਖਦੇ ਹੋਏ ਪਲਾਸਟਿਕ ਤੇ ਪੌਲੀਥੀਨ ਦੇ ਲਿਫਾਫਿਆਂ ਸਮੇਤ ਨਾ ਗਲਣਯੋਗ ਕੂੜਾ ਵੱਖ ਕਰਕੇ ਡਸਟਬਿਨ ਵਿੱਚ ਪਾਉਣਾ ਚਾਹੀਦਾ ਹੈ ਅਤੇ ਰਸੋਈ ਦਾ ਵੇਸਟ ਤੇ ਗਲਣਯੋਗ ਕੂੜਾ ਵੱਖਰੇ ਡਸਟਬਿਨ ਵਿੱਚ ਪਾਉਣਾ ਚਾਹੀਦਾ ਹੈ, ਤਾਂ ਕਿ ਕੂੜੇ ਦੇ ਡੰਪ ਉਪਰ ਗਰਮੀਆਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਨਾ ਵਾਪਰਨ। ਇਸ ਮੌਕੇ ਨਗਰ ਨਿਗਮ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਪਟਿਆਲਾ 'ਚ 4 ਮਈ ਨੂੰ ਹੋਵੇਗੀ ਨੀਟ ਦੀ ਪ੍ਰੀਖਿਆ: ਡਾ. ਪ੍ਰੀਤੀ ਯਾਦਵ

## ਡਿਪਟੀ ਕਮਿਸ਼ਨਰ ਵੱਲੋਂ ਨੀਟ ਪ੍ਰੀਖਿਆ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ

**ਪਟਿਆਲਾ, 3 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਖੇ 4 ਮਈ, ਦਿਨ ਐਤਵਾਰ ਨੂੰ ਹੋਣ ਵਾਲੀ ਨੀਟ ਦੀ ਪ੍ਰੀਖਿਆ ਦੀਆਂ ਤਿਆਰੀਆਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ 'ਚ ਸਹਾਇਕ ਕਮਿਸ਼ਨਰ (ਜ) ਰਿਚਾ ਗੋਇਲ ਵੀ ਮੌਜੂਦ ਸਨ।



ਡਿਪਟੀ ਕਮਿਸ਼ਨਰ ਨੇ ਸਿੱਖਿਆ ਵਿਭਾਗ, ਪੁਲਿਸ ਵਿਭਾਗ ਅਤੇ ਹੋਰਨਾਂ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਮਾਂ ਰਹਿੰਦਿਆਂ ਨੀਟ ਪ੍ਰੀਖਿਆ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਣ ਲਈ ਪੁਖ਼ਤਾ ਪ੍ਰਬੰਧ ਕਰਨ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਪ੍ਰੀਖਿਆ ਸੈਂਟਰਾਂ ਵਿਖੇ ਤਜਰਬੇਕਾਰ ਸਟਾਫ ਲਗਾਇਆ ਜਾਵੇ ਅਤੇ ਟਰੈਫਿਕ ਪਲਾਨ ਤਿਆਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪ੍ਰੀਖਿਆ ਦੀ ਤਿਆਰੀ ਦੇ ਕੰਮ ਵਿੱਚ ਕਿਸੇ ਵੀ ਪ੍ਰਕਾਰ ਦੀ ਤਰੁੱਟੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਮੀਦਵਾਰਾਂ ਲਈ ਪੀਣ ਵਾਲੇ ਪਾਣੀ ਆਦਿ ਦਾ ਪ੍ਰਬੰਧ ਵੀ ਰੱਖਿਆ ਜਾਵੇ।

ਡਾ. ਪ੍ਰੀਤੀ ਯਾਦਵ ਨੇ ਪੁਲਿਸ ਵਿਭਾਗ ਨੂੰ ਸੁਰੱਖਿਆ ਪ੍ਰਬੰਧਾਂ ਸਬੰਧੀ ਹਦਾਇਤ ਕਰਦਿਆਂ ਕਿਹਾ ਕਿ ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ ਸਖ਼ਤ ਸੁਰੱਖਿਆ ਪ੍ਰਬੰਧ ਰੱਖੇ ਜਾਣ ਤੇ ਉਮੀਦਵਾਰ ਤੋਂ ਬਿਨਾਂ ਕਿਸੇ ਹੋਰ ਵਿਅਕਤੀ ਨੂੰ ਪ੍ਰੀਖਿਆ ਕੇਂਦਰ 'ਚ ਦਾਖਲ ਨਾ ਹੋਣ ਦਿੱਤਾ ਜਾਵੇ ਤੇ ਤਲਾਸ਼ੀ ਲਈ ਸਟਾਫ ਦੀਆਂ ਡਿਊਟੀਆਂ ਲਗਾਈਆਂ ਜਾਣ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਪ੍ਰੀਖਿਆ ਪੀ.ਐਮ. ਕੇ.ਵੀ. ਨੰ: 1 ਪਟਿਆਲਾ ਕੈਂਟ, ਕੇ.ਵੀ. ਨੰ: 2 ਪਟਿਆਲਾ ਕੈਂਟ, ਪੀ.ਐਮ. ਸ੍ਰੀ ਕੇ.ਵੀ. ਨੰ: 3 ਪਟਿਆਲਾ ਕੈਂਟ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਵਲ ਲਾਈਨਜ਼, ਸਕੂਲ ਆਫ਼ ਐਮੀਨੈਂਸ ਫ਼ੀਲਖ਼ਾਨਾ ਤੇ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੁਰਾਣੀ ਪੁਲਿਸ ਲਾਈਨ ਪਟਿਆਲਾ ਵਿਖੇ ਹੋਵੇਗੀ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੀਟ ਦੀ ਪ੍ਰੀਖਿਆ ਸੁਚਾਰੂ ਤਰੀਕੇ ਨਾਲ ਮੁਕੰਮਲ ਕਰਨ ਲਈ ਅਤੇ ਪ੍ਰੀਖਿਆ ਨਾਲ ਸਬੰਧਤ ਮੁਸ਼ਕਲਾਂ ਦੇ ਹੱਲ ਲਈ ਹਰੇਕ ਪ੍ਰੀਖਿਆ ਕੇਂਦਰ ਵਿੱਚ ਨੋਡਲ ਅਧਿਕਾਰੀ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਨੀਟ ਦੀ ਪ੍ਰੀਖਿਆ ਪੂਰੀ ਪਾਰਦਰਸ਼ਤਾ ਅਤੇ ਸੁਖਾਵੇਂ ਮਾਹੌਲ ਵਿੱਚ ਹੋਵੇ, ਇਸ ਲਈ ਸਮੂਹ ਅਧਿਕਾਰੀ ਆਪੋ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ।

ਡਿਪਟੀ ਕਮਿਸ਼ਨਰ ਨੇ ਇਸ ਪ੍ਰੀਖਿਆ ਵਿੱਚ ਬੈਠਣ ਵਾਲੇ ਸਮੂਹ ਉਮੀਦਵਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਪ੍ਰੀਖਿਆ ਲਈ ਦੁਪਹਿਰ 1:30 ਵਜੇ ਤੋਂ ਪਹਿਲਾਂ ਪਹਿਲਾਂ ਪ੍ਰੀਖਿਆ ਕੇਂਦਰਾਂ ਅੰਦਰ ਪਹੁੰਚਣ ਤਾਂ ਜੋ ਉਹਨਾਂ ਨੂੰ ਆਖ਼ਰੀ ਸਮੇਂ ਕਿਸੇ ਵੀ ਪ੍ਰੇਸ਼ਾਨੀ ਜਾਂ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਪ੍ਰੀਖਿਆ ਦਾ ਸਮਾਂ ਦੁਪਹਿਰ 2 ਵਜੇ ਤੋਂ 5 ਵਜੇ ਤੱਕ ਹੋਵੇਗਾ। ਪ੍ਰੀਖਿਆ ਕੇਂਦਰ ਵਿੱਚ ਐਂਟਰੀ ਦਾਖਲਾ ਕਾਰਡ ਨਾਲ ਹੀ ਹੋਵੇਗੀ। ਉਮੀਦਵਾਰ ਕੋਲ ਸ਼ਨਾਖ਼ਤ ਦਸਤਾਵੇਜ਼ ਵਜੋਂ ਆਧਾਰ ਕਾਰਡ ਹੋਣਾ ਵੀ ਲਾਜ਼ਮੀ ਹੈ। ਉਹਨਾਂ ਉਮੀਦਵਾਰਾਂ ਨੂੰ ਇਹ ਸਲਾਹ ਦਿੱਤੀ ਕਿ ਉਹ ਦਾਖ਼ਲਾ ਕਾਰਡ ਉੱਤੇ ਦਿੱਤੀਆਂ ਸ਼ਰਤਾਂ ਨੂੰ ਪੜ੍ਹ ਕੇ ਆਉਣ ਤਾਂ ਜੋ ਪ੍ਰੀਖਿਆ ਮੌਕੇ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਆਵੇ। ਉਨ੍ਹਾਂ ਨੇ ਕਿਹਾ ਕਿ ਪ੍ਰੀਖਿਆਰਥੀ ਆਪਣੇ ਨਾਲ ਕੋਈ ਵੀ ਇਲੈਕਟ੍ਰੋਨਿਕ ਅਤੇ ਹੋਰ ਸਾਮਾਨ ਨਾ ਲੈ ਕੇ ਆਉਣ। ਮੀਟਿੰਗ 'ਚ ਐਸ.ਪੀ. ਵੈਭਵ ਚੌਧਰੀ, ਸਤੀਸ਼ ਕੁਮਾਰ (ਪੀ.ਸੀ.ਐਸ. ਸਿਖਲਾਈ ਅਧੀਨ) ਜ਼ਿਲ੍ਹਾ ਸੂਚਨਾ ਅਫ਼ਸਰ ਸੰਜੀਵ ਸ਼ਰਮਾ, ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਸ਼ਰਮਾ, ਪ੍ਰਿੰਸੀਪਲ ਡਾ. ਅਰੁਣ ਕੁਮਾਰ, ਡੀ.ਐਸ.ਪੀ. ਸੁਖਬੀਰ ਸਿੰਘ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

# ਪਹਿਲਗਾਮ ਵਿਖੇ ਅਤਿਵਾਦੀਆਂ ਹੱਥੋਂ ਮਾਰੇ ਗਏ ਬੇਕਸੂਰ ਲੋਕਾਂ ਦੀ ਆਤਮਿਕ ਸ਼ਾਂਤੀ ਲਈ ਸਮੂਹਿਕ ਅਰਦਾਸ ਆਯੋਜਿਤ



**ਪਟਿਆਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਰਾਦਰੀ ਗਾਰਡਨਜ਼ ਵਿੱਚ ਸਮੂਹ ਸੈਰ ਪ੍ਰੇਮਰੀਆਂ ਵੱਲੋਂ ਸਰਬਤ ਦੇ ਭਲੇ ਲਈ ਅਤੇ ਪਹਿਲਗਾਮ ਵਿਖੇ ਸੈਰ ਪ੍ਰੇਮੀਆਂ ਨੂੰ ਬੇਕਸੂਰ ਦਰਦਨਾਕ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਉਹਨਾਂ ਦੀ ਆਤਮਿਕ ਸ਼ਾਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਸਬੰਧੀ ਸਮੂੰਹਿਕ ਅਰਦਾਸ ਕੀਤੀ ਗਈ। ਅਰਦਾਸ ਅੰਮ੍ਰਿਤਧਾਰੀ ਸਿੰਘ ਸਾਹਿਬ ਵਲੋਂ ਕੀਤੀ ਗਈ। ਸਮੂੰਹਿਕ ਅਰਦਾਸ ਵਿੱਚ ਲਗਭਗ 150 ਸੈਰ ਪ੍ਰੇਮੀਆਂ ਨੇ ਦਿਲ ਦੀ ਗਹਿਰਾਈਆਂ ਤੋਂ ਦੁਆ ਕੀਤੀ।
ਇਹ ਸੰਖੇਪ ਸਮਾਗਮ ਸ੍ਰ. ਜਸਵੰਤ ਸਿੰਘ ਕੌਲੀ ਦੀ ਅਗਵਾਈ ਅਤੇ ਗੁਰਚਰਨ ਸਿੰਘ ਲੱਖਾ ਦੀ ਸਲਾਹ ਨਾਲ ਕੀਤਾ ਗਿਆ। ਜਿਸ ਵਿੱਚ ਡਾ. ਜੀ.ਐਸ. ਆਨੰਦ ਸਾਬਕਾ ਡਾਇਰੈਕਟਰ ਐਨ.ਆਈ.ਐਸ., ਨਰੈਣ ਬਾਲਾ ਆਨੰਦ, ਵਿਨੋਦ ਸੁਰਮਾ ਜਨ: ਸਕੱਤਰ ਜਨਹਿੱਤ ਸਮਿਤੀ, ਸੋਨੀਆ ਵਰਮਾ, ਹੈਪੀ ਵਰਮਾ, ਫਿਟਨੈਸ ਕਲੱਬ, ਰਾਜਿੰਦਰ ਸਿੰਘ ਅੱਜੀ ਫਿਟਨੈਸ ਲਵਰਜ ਪੰਜਾਬ, ਮਿਸਜ਼ ਅੱਜੀ, ਹਰਜੀਤ ਕੌਰ ਰੋਜੀ, ਜਸਵਿੰਦਰ ਕੌਰ, ਰਣਜੀਤ ਕੌਰ, ਬਾਵਾ ਇੰਦਰਜੀਤ ਕੌਰ, ਹਰੀ ਚੰਦ ਬਾਂਸਲ, ਜ਼ੋਗਿੰਦਰ ਸਿੰਘ ਤੁਲੀ, ਤਰਨਜੀਤ ਸਿੰਘ, ਪ੍ਰਮਿੰਦਰ ਸਿੰਘ, ਜਗਦੀਸ਼ ਜੱਗੀ ਗਰੁੱਪ, ਰਾਜੂ ਗਰੁਪ, ਜ਼ਸਪਾਲ ਸਿੰਘ ਮੈਨੇਜਰ, ਜੁਬੇਦਾ ਖਾਨਮ, ਪ੍ਰਕਾਸ਼ ਰਾਮ, ਰਵਿੰਦਰ ਗਰਗ, ਸਿਕੰਦਰ ਪਾਲ ਸਿੰਘ, ਯੋਗਾ ਟੀਚਰ ਸੁਭਾਸ਼ ਸ਼ਰਮਾ, ਜਗਜੀਤ ਕੌਰ, ਮਿਸਿਜ਼ ਬਹਿਲ, ਬਟਰ ਫਲਾਈ ਗਰੁੱਪ, ਗੁਰਚਰਨ ਸਿੰਘ ਲੱਖਾ, ਜਗਪ੍ਰੀਤ ਸੇਠੀ, ਅਰਵਿੰਦਰ ਕੌਰ ਆਦਿ ਹਾਜਰ ਸਨ।
ਅੰਤ ਵਿੱਚ ਅੰਮ੍ਰਿਤਮਈ ਕੜਾਹ ਪ੍ਰਸ਼ਾਦਿ, ਹਰਬਲ ਚਾਹ ਅਤੇ ਮਿੱਠੀ ਲੱਸੀ ਵਰਤਾਈ ਗਈ।

# ਪੁਲਿਸ ਡੀ.ਏ.ਵੀ. ਪਟਿਆਲਾ ਵਿਖੇ ਮਜ਼ਦੂਰਾਂ ਦੀ ਸ਼ਾਨ ਵਿੱਚ ਜਸ਼ਨ ਮਨਾਇਆ

**ਪਟਿਆਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਡੀ.ਏ.ਵੀ. ਪਟਿਆਲਾ ਨੇ ਸਹਾਇਕ ਸਟਾਫ਼ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦਿੰਦੇ ਹੋਏ ਮਜ਼ਦੂਰ ਦਿਵਸ ਮਨਾਇਆ।

ਇੱਕ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਹਾਇਕ ਸਟਾਫ਼ ਦਾ ਸਨਮਾਨ ਕੀਤਾ ਗਿਆ, ਉਨ੍ਹਾਂ ਨੂੰ ਤੋਹਫ਼ੇ ਭੇਟ ਕੀਤੇ ਗਏ ਅਤੇ ਉਨ੍ਹਾਂ ਨੂੰ ਪ੍ਰਸ਼ੰਸਾ ਪੁਰਸਕਾਰ ਦਿੱਤੇ ਗਏ। ਜ਼ਿੰਨੀਆ ਹਾਊਸ ਨੇ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਅਤੇ ਕਵਿਤਾਵਾਂ ਸੁਣਾਈਆਂ ਗਈਆਂ ਅਤੇ ਭਾਸ਼ਣ ਦਿੱਤਾ ਗਿਆ, ਜਿਸ ਵਿੱਚ ਸਖ਼ਤ ਮਿਹਨਤ ਦੇ ਮੁੱਲ ਨੂੰ ਦਰਸਾਇਆ ਗਿਆ। ਪ੍ਰਿੰਸੀਪਲ ਸ. ਰਾਜਵੰਤ ਸਿੰਘ ਜੀ ਨੇ ਸਹਾਇਕ ਸਟਾਫ਼ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਆਪਣੀਆਂ ਡਿਊਟੀਆਂ ਲਗਨ ਨਾਲ ਕਰਨ ਅਤੇ ਸਕੂਲ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

# ਭਗਵਾਨ ਸ੍ਰੀ ਪਰਸ਼ੂ ਰਾਮ ਜਨਮ ਉਤਸਵ ਬੜੇ ਸ਼ਰਧਾ ਪੂਰਵਕ ਅਤੇ ਉਤਸ਼ਾਹ ਨਾਲ ਮਨਾਇਆ



**ਪਟਿਆਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵਾਨ ਸ੍ਰੀ ਪਰਸ਼ੂ ਰਾਮ ਜਨਮ ਉਤਸਵ ਅਤੇ ਅਕਸ਼ੈ ਤ੍ਰਿਤੀਆ ਸੁਧਾਰ ਸਭਾ ਸ੍ਰੀ ਕੇਦਾਰ ਨਾਥ ਜੀ ਰਜਿ: ਵੱਲੋਂ ਸ਼ਿਵ ਜੀ ਦੀ ਮੂਰਤੀ ਕੋਲ ਬੜੇ ਸ਼ਰਧਾ ਪੂਰਵਕ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਮਿਤੀ 29—04—2025 ਦਿਨ ਮੰਗਲਵਾਰ ਨੂੰ ਸ੍ਰੀ ਪਰਸ਼ੂ ਰਾਮ ਜੀ ਜਨਮ ਉਤਸਵ ਮੌਕੇ ਸਵੇਰੇ 11:00 ਵਜੇ ਆਲੂ ਅਤੇ ਛੋਲਿਆਂ ਦੀ ਚਾਰਟ ਅਤੇ ਛਬੀਲ ਪ੍ਰਸ਼ਾਦ ਲਗਵਾਉਣ ਤੋਂ ਬਾਅਦ ਵਰਤਾਈ ਗਈ। ਇਸ ਦਿਨ ਸ਼ਿਵ ਭਗਤ ਸ੍ਰੀ ਤਰਸੇਮ ਵਰਮਾ ਜੀ ਦਾ ਜਨਮ ਦਿਹਾੜਾ ਸੀ। ਇਹ ਸੇਵਾ ਉਹਨਾਂ ਵੱਲੋਂ ਕੀਤੀ ਗਈ। ਮਿਤੀ 30—04—2025 ਦਿਨ ਮੰਗਲਵਾਰ ਨੂੰ ਅਕਸ਼ੈ ਤ੍ਰਿਤੀਆ ਮੌਕੇ ਤੇ ਸਵੇਰੇ ਰਣਜੀਤ ਚੰਡੋਕ ਐਮ.ਸੀ. 32 ਨੰਬਰ ਵਾਰਡ ਅਤੇ ਸੁਧਾਰ ਸਭਾ ਦੇ ਸਾਰੇ ਮੈਂਬਰਾਂ ਨੇ ਪ੍ਰਸ਼ਾਦ ਲਗਾਉਣ ਤੋਂ ਬਾਅਦ ਪਲਾਓ, ਛਬੀਲ, ਤੁਲਸੀ ਦੇ ਪੌਦੇ, ਪੰਛੀਆਂ ਵਾਸਤੇ ਪਾਣੀ ਪੀਣ ਵਾਸਤੇ ਮਿੱਟੀ ਤੇ ਭਾਂਡੇ ਅਤੇ ਪੰਛੀਆਂ ਵਾਸਤੇ ਗੁੜ ਅਤੇ ਪ੍ਰਦੂਸ਼ਨ ਰਹਿਤ ਥੈਲੇ ਵੀ ਵੰਡੇ ਗਏ। ਇਹ ਸਾਰੀ ਸੇਵਾ ਸਤਨਾਮ ਹਸੀਜਾ ਪਰਿਵਾਰ ਵੱਲੋਂ ਕੀਤੀ ਗਈ। ਮੰਦਿਰ ਦੇ ਬਾਹਰ ਸ਼ਿਵ ਜੀ ਦੀ ਮੂਰਤੀ ਦੇ ਕੋਲ ਫੁੱਲਾਂ ਵਾਲੇ ਅਤੇ ਕਨੇਰ ਦੇ ਪੌਦੇ ਲਗਾਏ ਗਏ। ਅਕਸ਼ੈ ਤ੍ਰਿਤੀਆ ਬਹੁਤ ਹੀ ਸ਼ੁਭ ਦਿਨ ਹੈ ਇਸ ਦਿਨ ਬਹੁਤ ਹੀ ਅਵਤਾਰ ਹੋਏ ਹਨ। ਇਸ ਦਿਨ ਲਕਸ਼ਮੀ ਨਾਰਾਇਣ, ਗਜਾਕੇਸ਼ਰੀ ਅਤੇ ਸਰਵਰਥ ਸਿੱਧੀ ਯੋਗ ਦੌਰਾਨ ਖਰੀਦਦਾਰੀ ਕਰਨਾ ਬਹੁਤ ਫਲਦਾਇਕ ਰਹੇਗਾ। ਇਹ ਨਵਾਂ ਕੰਮ ਸ਼ੁਰੂ ਕਰਨ ਅਤੇ ਜ਼ਮੀਨ, ਇਮਾਰਤ, ਨਾਲ ਹੀ ਗਹਿਣੇ ਅਤੇ ਇਲੈਕਟ੍ਰਾਨਿਕ ਸਮਾਨ ਖਰੀਦਣ ਲਈ ਸ਼ੁਭ ਮੰਨਿਆ ਜਾਂਦਾ ਹੈ।

ਅਕਸ਼ੈ ਦਾ ਅਰਥ ਹੈ ਕਦੇ ਨਾ ਖਤਮ ਹੋਣ ਵਾਲਾ, ਅਕਸ਼ੈ ਤ੍ਰਿਤੀਆ 'ਤੇ ਕੀਤਾ ਗਿਆ ਦਾਨ, ਪੂਜਾ, ਜਾਪ ਅਤੇ ਖਰੀਦਦਾਰੀ ਕਦੇ ਵਿਅਰਥ ਨਹੀਂ ਜਾਂਦੀ। ਦੇਵੀ ਲਕਸ਼ਮੀ ਨਾਲ ਸਬੰਧਤ ਚੀਜ਼ਾਂ ਘਰ ਲਿਆਉਣ ਨਾਲ ਉਨ੍ਹਾਂ ਦਾ ਆਸ਼ੀਰਵਾਦ ਮਿਲਦਾ ਹੈ, ਉਹ ਘਰ ਵਿੱਚ ਸਥਾਈ ਤੌਰ 'ਤੇ ਨਿਵਾਸ ਕਰਦੀ ਹੈ। ਇਸ ਤੋਂ ਇਲਾਵਾ, ਉਹ ਚੀਜ਼ਾਂ ਵੀ ਵਧਦੀਆਂ ਹਨ ਅਤੇ ਕਿਸਮਤ ਵੀ ਤੁਹਾਡਾ ਪੱਖ ਪੂਰਦੀ ਹੈ। ਅਕਸ਼ੈ ਤ੍ਰਿਤੀਆ ਵਾਲੇ ਦਿਨ ਕੀਤਾ ਗਿਆ ਦਾਨ ਅਤੇ ਸ਼ੁਭ ਕਰਮ ਵਿਅਰਥ ਨਹੀਂ ਜਾਂਦੇ। ਗੰਗਾ ਅਕਸ਼ੈ ਤ੍ਰਿਤੀਆ ਵਾਲੇ ਦਿਨ ਧਰਤੀ 'ਤੇ ਉਤਰੀ ਸੀ। ਸਤਯੁਗ, ਦੁਆਪਾਰਯੁਗ ਅਤੇ ਤ੍ਰੇਤਾਯੁਗ ਦੀ ਸ਼ੁਰੂਆਤ ਦੀ ਗਣਨਾ ਕੀਤੀ ਗਈ ਹੈ। ਭਗਵਾਨ ਪਰਸ਼ੂਰਾਮ ਦਾ ਜਨਮ ਭਗਵਾਨ ਵਿਸ਼ਨੂੰ ਦੇ ਦਸ ਅਵਤਾਰਾਂ ਵਿੱਚੋਂ ਭਗਵਾਨ ਵਿਸ਼ਨੂੰ ਦੇ ਛੇਵੇਂ ਰੂਪ ਵਜੋਂ ਹੋਇਆ ਸੀ।ਇਹ ਸਾਰੇ ਕੰਮ ਕਰਵਾਉਣ ਵਿੱਚ ਸੁਧਾਰ ਸਭਾ ਮੈਂਬਰ ਅਤੇ ਕਲੋਨੀ ਨਿਵਾਸੀਆਂ ਨੇ ਵੱਧ ਚੜ੍ਹ ਕੇ ਸੇਵਾ ਨਿਭਾਈ। ਸੁਧਾਰ ਸਭਾ ਹਰ ਮਹੀਨੇ ਮਾਸਿਕ ਸ਼ਿਵਰਾਤਰੀ, ਵੱਧ ਚੜ੍ਹ ਕੇ ਤਿਉਹਾਰ ਮਨਾਉਂਦੀ ਆ ਰਹੀ ਹੈ। ਭੋਲੇ ਬਾਬਾ ਦੀ ਕ੍ਰਿਪਾ ਨਾਲ ਮਨਾਉਂਦੀ ਰਹੇਗੀ। ਅਕਸ਼ ਤਿਥਯ ਦੀ ਬਹੁਤ ਵੀ ਮਹੱਤਤਾ ਹੈ।

# 'ਆਪ' ਸਰਕਾਰ ਨੇ ਨਸ਼ਿਆਂ ਵਿਰੁੱਧ ਲੜਾਈ ਹੋਰ ਤੇਜ਼ ਕੀਤੀ-ਪੀੜਤਾਂ ਦਾ ਨਸ਼ਾ ਛੁਡਾਉਣ ਤੇ ਮੁੜ ਵਸੇਬੇ 'ਤੇ ਧਿਆਨ ਕੇਂਦਰਿਤ ਕੀਤਾ

## ਨਸ਼ਾ ਛੁਡਾਊ ਕੇਂਦਰਾਂ ਵਿੱਚ ਬਿਸਤਰਿਆਂ ਦੀ ਗਿਣਤੀ 1,500 ਤੋਂ ਵਧਾ ਕੇ 5,000 ਕੀਤੀ; ਹਰੇਕ ਜ਼ਿਲ੍ਹੇ ਵਿੱਚ ਦਵਾਈਆਂ ਦੀ ਢੁਕਵੀਂ ਸਪਲਾਈ ਯਕੀਨੀ ਬਣਾਈ ਜਾਵੇਗੀ

**ਚੰਡੀਗੜ੍ਹ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਿਆਂ ਦੀ ਲਾਹਨਤ ਵਿਰੁੱਧ ਜਾਰੀ ਮੁਹਿੰਮ ਦੌਰਾਨ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹੁਣ ਨਸ਼ੇ ਦੇ ਆਦੀਆਂ ਦਾ ਨਸ਼ਾ ਛੁਡਾਉਣ ਅਤੇ ਉਨ੍ਹਾਂ ਦੇ ਮੁੜ ਵਸੇਬੇ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ ਜਿਸ ਲਈ ਨਸ਼ਾ ਛੁਡਾਊ ਕੇਂਦਰਾਂ ਵਿੱਚ ਬਿਸਤਰਿਆਂ ਦੀ ਗਿਣਤੀ 1500 ਤੋਂ ਵਧਾ ਕੇ 5000 ਕਰ ਦਿੱਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਸੂਬਾ ਸਰਕਾਰ ਨਸ਼ਾ ਤਸਕਰਾਂ ਨੂੰ ਸਲਾਖਾਂ ਪਿੱਛੇ ਸੁੱਟ ਕੇ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ 'ਤੇ ਪਹਿਲਾਂ ਹੀ ਧਿਆਨ ਕੇਂਦਰਿਤ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਸ਼ਾ ਤਸਕਰਾਂ 'ਤੇ ਸ਼ਿਕੰਜਾ ਕੱਸਣ ਦੇ ਨਾਲ ਹੀ ਨਸ਼ਿਆਂ ਦੀ ਸਪਲਾਈ ਲਾਈਨ ਟੁੱਟ ਗਈ ਹੈ ਜਿਸ ਦੇ ਨਤੀਜੇ ਵਜੋਂ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰਾਂ ਵਿੱਚ ਪੀੜਤਾਂ ਦੀ ਗਿਣਤੀ ਵਧ ਗਈ ਹੈ। ਇਸ ਲਈ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰਾਂ ਦਾ ਨੈੱਟਵਰਕ ਸਥਾਪਤ ਕੀਤਾ ਗਿਆ ਹੈ ਤਾਂ ਜੋ ਨਸ਼ੇ ਦੇ ਆਦੀਆਂ ਨੂੰ ਨਸ਼ਾ ਛੱਡਣ ਵਿੱਚ ਸਹਾਇਤਾ ਪ੍ਰਦਾਨ ਕਰਕੇ ਉਨ੍ਹਾਂ ਨੂੰ ਮਾਣ-ਸਨਮਾਨ ਵਾਲੀ ਜ਼ਿੰਦਗੀ ਜਿਊਣ ਦਾ ਮੌਕਾ ਦਿੱਤਾ ਜਾ ਸਕੇ।

ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਮੱਦੇਨਜ਼ਰ ਮੌਜੂਦਾ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰਾਂ ਦੀ ਸਮਰੱਥਾ ਵਿੱਚ ਕਾਫ਼ੀ ਵਾਧਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕਈ ਨਵੇਂ ਕੇਂਦਰ ਸਥਾਪਿਤ ਕੀਤੇ ਗਏ ਹਨ ਅਤੇ ਮੌਜੂਦਾ ਕੇਂਦਰਾਂ ਵਿੱਚ ਸੇਵਾ ਦੀ ਗੁਣਵੱਤਾ ਅਤੇ ਸਮੁੱਚੇ ਮਾਹੌਲ ਵਿੱਚ ਕਾਫ਼ੀ ਸੁਧਾਰ ਕੀਤਾ ਗਿਆ ਹੈ, ਜਿਸ ਵਿੱਚ ਏਅਰ ਕੰਡੀਸ਼ਨਿੰਗ ਦੀ ਵਿਵਸਥਾ ਵੀ ਸ਼ਾਮਲ ਹੈ। ਸਰਕਾਰ ਦੁਆਰਾ ਪ੍ਰਬੰਧਿਤ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰਾਂ ਵਿੱਚ ਬਿਸਤਰਿਆਂ ਦੀ ਗਿਣਤੀ 1,500 ਤੋਂ ਵਧਾ ਕੇ 5,000 ਕਰ ਦਿੱਤੀ ਗਈ ਹੈ।

ਇਸੇ ਤਰ੍ਹਾਂ ਓ.ਓ.ਏ.ਟੀ. ਕੇਂਦਰਾਂ ਨੂੰ ਅਪਗ੍ਰੇਡ ਕਰਨ ਦੇ ਨਾਲ-ਨਾਲ ਜ਼ਰੂਰੀ ਦਵਾਈਆਂ ਦੀ ਢੁਕਵੀਂ ਉਪਲਬਧਤਾ ਨੂੰ ਯਕੀਨੀ ਬਣਾਇਆ ਗਿਆ ਹੈ। ਲੋੜ ਅਨੁਸਾਰ ਨਵੇਂ ਓ.ਓ.ਏ.ਟੀ. ਕੇਂਦਰ ਵੀ ਸਥਾਪਿਤ ਕੀਤੇ ਗਏ ਹਨ, ਜਿਸ ਨਾਲ ਓ.ਓ.ਏ.ਟੀ. ਕੇਂਦਰਾਂ ਦੀ ਕੁੱਲ ਗਿਣਤੀ 529 ਤੋਂ ਵਧ ਕੇ 565 ਹੋ ਗਈ ਹੈ। ਅਗਲੇ ਕੁਝ ਦਿਨਾਂ ਵਿੱਚ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਨਾਲ ਸਬੰਧਤ ਗਤੀਵਿਧੀਆਂ 'ਤੇ ਜ਼ੋਰਦਾਰ ਲਗਾਮ ਕੱਸਦਿਆਂ ਆਪਣੀ ਕਾਰਵਾਈ ਨੂੰ ਹੋਰ ਤੇਜ਼ ਕੀਤਾ ਜਾਵੇਗਾ ਜਿਸ ਦੇ ਨਤੀਜੇ ਵਜੋਂ ਪੀੜਤਾਂ ਦੇ ਵੱਡੀ ਗਿਣਤੀ ਵਿੱਚ ਓ.ਓ.ਏ.ਟੀ. ਅਤੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਆਉਣ ਦੀ ਸੰਭਾਵਨਾ ਹੈ।

ਦੱਸਣਯੋਗ ਹੈ ਕਿ ਭਗਵੰਤ ਸਿੰਘ ਮਾਨ ਨੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਨਿੱਜੀ ਤੌਰ 'ਤੇ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਦੇ ਅਧਿਕਾਰ ਖੇਤਰ ਅਧੀਨ ਆਉਣ ਵਾਲੇ ਸਾਰੇ ਓ.ਓ.ਏ.ਟੀ. ਅਤੇ ਨਸ਼ਾ ਛੁਡਾਊ ਕੇਂਦਰਾਂ 'ਤੇ ਲੋੜੀਂਦੀ ਮਾਤਰਾ ਵਿੱਚ ਦਵਾਈਆਂ, ਸਾਜ਼ੋ-ਸਮਾਨ ਅਤੇ ਬਿਸਤਰੇ ਉਪਲਬਧ ਹੋਣ। ਮੁੱਖ ਮੰਤਰੀ ਨੇ ਇਹ ਵੀ ਹਦਾਇਤ ਕੀਤੀ ਹੈ ਕਿ ਸੇਵਾਵਾਂ ਦੀ ਗੁਣਵੱਤਾ ਦੇ ਉੱਚ ਮਿਆਰ ਨੂੰ ਕਾਇਮ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਇਸ ਨੇਕ ਕਾਰਜ ਵਿੱਚ ਜੇਕਰ ਕੋਈ ਵੀ ਅਣਗਹਿਲੀ ਸਾਹਮਣੇ ਆਉਂਦੀ ਹੈ ਤਾਂ ਦੋਸ਼ੀਆਂ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ 37 ਸਾਲ ਦੀ ਸ਼ਾਨਦਾਰ ਸੇਵਾ ਨਿਭਾਅ ਕੇ ਸੇਵਾ ਮੁਕਤ

## ਐਸ.ਐਸ.ਪੀਜ ਡਾ. ਨਾਨਕ ਸਿੰਘ, ਸਰਤਾਜ ਸਿੰਘ ਚਹਿਲ, ਮੁਹੰਮਦ ਸਰਫ਼ਰਾਜ ਆਲਮ ਤੇ ਗਗਨ ਅਜੀਤ ਸਿੰਘ ਵੱਲੋਂ ਸ਼ਾਨਦਾਰ ਵਿਦਾਇਗੀ ਪਾਰਟੀ




**ਪਟਿਆਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਰੇਂਜ ਦੇ ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਨੂੰ 37 ਸਾਲ 23 ਦਿਨ ਦੀ ਸ਼ਾਨਦਾਰ ਸੇਵਾ ਨਿਭਾਅ ਕੇ ਅੱਜ ਸੇਵਾ ਮੁਕਤ ਹੋਣ ਮੌਕੇ ਰੇਂਜ ਦੇ ਸਾਰੇ ਜ਼ਿਲ੍ਹਿਆਂ ਦੇ ਐਸ.ਐਸ.ਪੀਜ ਡਾ. ਨਾਨਕ ਸਿੰਘ, ਸਰਤਾਜ ਸਿੰਘ ਚਹਿਲ, ਮੁਹੰਮਦ ਸਰਫ਼ਰਾਜ ਆਲਮ ਤੇ ਗਗਨ ਅਜੀਤ ਸਿੰਘ ਵੱਲੋਂ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਦੌਰਾਨ ਵੱਡੀ ਗਿਣਤੀ ਸੇਵਾ ਮੁਕਤ ਉਚ ਅਧਿਕਾਰੀਆਂ ਤੋਂ ਇਲਾਵਾ ਪਟਿਆਲਾ ਰੇਂਜ ਦੇ ਮੌਜੂਦਾ ਅਧਿਕਾਰੀ ਵੀ ਮੌਜੂਦ ਸਨ। ਇਸ ਮੌਕੇ ਮਨਦੀਪ ਸਿੰਘ ਸਿੱਧੂ ਨੇ ਆਪਣੀ ਸੇਵਾ ਦੀ ਸ਼ੁਰੂਆਤ ਤੋਂ ਲੈਕੇ ਸੇਵਾ ਮੁਕਤੀ ਤੱਕ ਦੇ ਸ਼ਾਨਦਾਰ ਸਫ਼ਰ ਦਾ ਜਿਕਰ ਕਰਦਿਆਂ ਭਾਵੁਕ ਤਕਰੀਰ 'ਚ ਕਿਹਾ ਕਿ ਉਨ੍ਹਾਂ ਨੂੰ ਆਪਣੀ ਖਾਕੀ ਵਰਦੀ 'ਤੇ ਤਾਂ ਮਾਣ ਹੈ ਹੀ ਬਲਕਿ ਉਨ੍ਹਾਂ ਵਿੱਚ ਦੌੜਦੇ 'ਖਾਕੀ ਬਲੱਡ' 'ਤੇ ਵੀ ਬਹੁਤ ਮਾਣ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇੱਕ ਸਧਾਰਨ ਪਰਿਵਾਰ 'ਚੋਂ ਉਠਕੇ ਪੁਲਿਸ ਦੇ ਇਸ ਉਚ ਅਧਿਕਾਰੀ ਤੱਕ ਦਾ ਸਫ਼ਰ ਕੀਤਾ ਤੇ ਔਖੇ ਵੇਲੇ ਨੌਕਰੀ ਕਰਦਿਆਂ ਗੋਲੀਆਂ ਦਾ ਵੀ ਸਾਹਮਣਾ ਕੀਤਾ ਪਰ ਹਮੇਸ਼ ਬੁਲੰਦ ਹੌਂਸਲੇ ਨਾਲ ਹੀ ਲੋਕਾਂ ਵਿੱਚ ਵਿਚਰਦੇ ਹੋਏ ਟੀਮ ਵਰਕ ਨੂੰ ਪਹਿਲ ਦਿੱਤੀ। ਸੇਵਾ ਮੁਕਤ ਹੋ ਰਹੇ ਡੀ.ਆਈ.ਜੀ ਸਿੱਧੂ ਨੇ ਮੌਜੂਦਾ ਅਧਿਕਾਰੀਆਂ ਨੂੰ ਨਸੀਹਤ ਦਿੱਤੀ ਕਿ ਉਹ ਜੇਕਰ ਆਮ ਲੋਕਾਂ ਦਾ ਦਰਦ ਮਹਿਸੂਸ ਕਰਨਗੇ ਤਾਂ ਸਾਡੀ ਸੇਵਾ ਕੀਤੀ ਸਫ਼ਲ ਹੋਵੇਗੀ। ਉਨ੍ਹਾਂ ਕਿਹਾ ਕਿ ਲੋਕ ਸੁੱਤੇ ਹੁੰਦੇ ਹਨ ਤੇ ਪੁਲਿਸ ਜਾਗਦੀ ਹੁੰਦੀ ਹੈ ਤੇ ਲੋਕਾਂ ਦੀ ਸਭ ਤੋਂ ਵੱਧ ਸੁੱਖ ਉਸ ਇਲਾਕੇ ਦੀ ਪੁਲਿਸ ਮੰਗਦੀ ਹੈ। ਇਸ ਮੌਕੇ ਪਟਿਆਲਾ ਦੇ ਐਸ.ਐਸ.ਪੀ. ਡਾ. ਨਾਨਕ ਸਿੰਘ, ਸੰਗਰੂਰ ਦੇ ਐਸ.ਐਸ.ਪੀ. ਸਰਤਾਜ ਸਿੰਘ ਚਹਿਲ, ਬਰਨਾਲ ਦੇ ਐਸ.ਐਸ.ਪੀ ਮੁਹੰਮਦ ਸਰਫ਼ਰਾਜ ਆਲਮ ਤੇ ਮਾਲੇਰਕੋਟਲਾ ਦੇ ਐਸ.ਐਸ.ਪੀ. ਗਗਨ ਅਜੀਤ ਸਿੰਘ ਨੇ ਡੀ.ਆਈ.ਜੀ. ਸਿੱਧੂ ਨਾਲ ਆਪਣੇ ਕੀਤੇ ਕੰਮਾਂ ਦੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਹੱਲਾਸ਼ੇਰੀ ਦਿੰਦੇ ਹੋਏ ਰਾਹ ਦਸੇਰਾ ਬਣੇ ਰਹੇ।

ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਸਾਬਕਾ ਏ.ਡੀ.ਜੀ.ਪੀ. ਗੁਰਿੰਦਰ ਸਿੰਘ ਢਿੱਲੋਂ, ਸਾਬਕਾ ਆਈਜੀ ਪਰਮਜੀਤ ਸਿੰਘ ਗਿੱਲ ਤੇ ਅਮਰ ਸਿੰਘ ਚਾਹਲ ਨੇ ਵੀ ਡੀ.ਆਈ.ਜੀ. ਸਿੱਧੂ ਦੀ ਪੇਸ਼ੇਵਾਰ ਕਾਬਲੀਅਤ ਤੇ ਇੱਕ ਜ਼ਹੀਨ ਅਫ਼ਸਰ ਵਜੋਂ ਨਿਭਾਈਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ। ਇਸ ਦੌਰਾਨ ਪਟਿਆਲਾ ਰੇਂਜ ਦੇ ਸਮੂਹ ਐਸ.ਐਸ.ਪੀਜ ਤੇ ਡੀ.ਆਈ.ਜੀ ਦਫ਼ਤਰ ਵੱਲੋਂ ਮਨਦੀਪ ਸਿੰਘ ਸਿੱਧੂ ਦਾ ਸਨਮਾਨ ਕੀਤਾ ਗਿਆ ਅਤੇ ਪੂਰੀ ਸ਼ਾਨ-ਓ-ਸ਼ੌਕਤ ਨਾਲ ਸੇਵਾ ਮੁਕਤ ਹੋ ਰਹੇ ਆਪਣੇ ਡੀ.ਆਈ.ਜੀ. ਨੂੰ ਨਿੱਘੀ ਵਿਦਾਇਗੀ ਦਿੱਤੀ ਗਈ।

ਸਮਾਰੋਹ ਮੌਕੇ ਮਨਦੀਪ ਸਿੰਘ ਸਿੱਧੂ ਦੇ ਧਰਮ ਪਤਨੀ ਡਾ. ਸੁਖਮੀਨ ਸਿੱਧੂ, ਭਰਾ ਸਰਬੀਰ ਇੰਦਰ ਸਿੰਘ ਸਿੱਧੂ, ਬੇਟਾ ਅਮਿਤੇਸ਼ਵਰ ਸਿੰਘ ਸਿੱਧੂ ਸਮੇਤ ਐਸ.ਐਸ.ਪੀ ਵਿਜੀਲੈਂਸ ਬਿਊਰੋ ਰਾਜਪਾਲ ਸਿੰਘ, ਏ.ਆਈ.ਜੀ. ਜੋਨਲ ਸੀ.ਆਈ.ਡੀ. ਗੁਰਮੀਤ ਸਿੰਘ, ਐਸ.ਪੀ. ਦਿਲਪ੍ਰੀਤ ਸਿੰਘ, ਐਸ.ਪੀ ਪਲਵਿੰਦਰ ਸਿੰਘ ਚੀਮਾ, ਇੰਟੈਲੀਜੈਂਸ ਬਿਊਰੋ ਤੋਂ ਪਰਮਜੀਤ ਸ਼ਰਮਾ, ਸੇਵਾ ਮੁਕਤ ਅਧਿਕਾਰੀ ਰਤਨ ਲਾਲ ਮੌਂਗਾ, ਬਲਕਾਰ ਸਿੰਘ ਸਿੱਧੂ, ਅਜੇ ਮਲੂਜਾ, ਰਣਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਗਿੱਲ, ਸਤਪਾਲ ਸਿੰਘ ਸਿੱਧੂ, ਅਮਰਜੀਤ ਸਿੰਘ ਘੁੰਮਣ, ਗੁਰਦੀਪ ਸਿੰਘ, ਸਮਸ਼ੇਰ ਸਿੰਘ ਬੋਪਾਰਾਏ, ਕੇਸਰ ਸਿੰਘ, ਮਨਜੀਤ ਸਿੰਘ, ਸ਼ਰਨਜੀਤ ਸਿੰਘ, ਆਰ.ਐਸ. ਹਰਾ, ਕਸ਼ਮੀਰ ਸਿੰਘ ਗਿੱਲ, ਗੁਰਸ਼ਰਨ ਸਿੰਘ ਬੇਦੀ, ਨਰਿੰਦਰ ਕੌਸ਼ਲ, ਡੀ.ਆਈ.ਜੀ ਦਫ਼ਤਰ ਦੇ ਸੁਪਰਡੈਂਟ ਲਾਭ ਸਿੰਘ ਸਮੇਤ ਵੱਡੀ ਗਿਣਤੀ ਹੋਰ ਪੁਲਿਸ ਅਧਿਕਾਰੀਆਂ ਨੇ ਸ਼ਿਰਕਤ ਕੀਤੀ।

# ਜਸਵੀਰ ਸਿੰਘ ਗੜ੍ਹੀ ਵਲੋਂ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਕਿਸ਼ੋਰ ਮਕਵਾਨਾ ਨਾਲ ਮੁਲਾਕਾਤ



**ਚੰਡੀਗੜ੍ਹ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ ਅੱਜ ਚੰਡੀਗੜ੍ਹ ਦੌਰੇ @ਤੇ ਆਏ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਕਿਸ਼ੋਰ ਮਕਵਾਨਾ ਨਾਲ ਮੁਲਾਕਾਤ ਕੀਤੀ।

ਇਸ ਮੁਲਾਕਾਤ ਦੌਰਾਨ ਜਸਵੀਰ ਸਿੰਘ ਗੜ੍ਹੀ ਨੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵਲੋਂ ਕੀਤੇ ਜਾ ਰਹੇ ਕੰਮਾਂ ਤੋਂ ਕਿਸ਼ੋਰ ਮਕਵਾਨਾ ਨੂੰ ਜਾਣੂ ਕਰਵਾਇਆ ਗਿਆ।

ਸ੍ਰੀ ਗੜ੍ਹੀ ਨੇ ਸ਼੍ਰੀ ਮਕਵਾਨਾ ਨੂੰ ਅਪੀਲ ਕੀਤੀ ਕਿ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਅਤੇ ਦੇਸ਼ ਦੇ ਵੱਖ ਵੱਖ ਰਾਜਾਂ ਦੇ ਅਨੁਸੂਚਿਤ ਜਾਤੀਆਂ ਕਮਿਸ਼ਨ ਵਿੱਚ ਬਿਹਤਰ ਤਾਲਮੇਲ ਬਨਾਉਣ ਲਈ ਈ.ਗਵਰਨੈਸ ਰਾਹੀਂ ਕੋਈ ਸਿਸਟਮ ਵਿਕਸਤ ਕੀਤਾ ਜਾਣਾ ਚਾਹੀਦਾ ਹੈ ਤਾਂ ਜ਼ੋ ਕੌਮੀ ਕਮਿਸ਼ਨ ਵਲੋਂ ਅਨੁਸੁਚਿਤ ਜਾਤੀਆਂ ਦੇ ਲੋਕਾਂ ਦੀ ਭਲਾਈ ਲਈ ਕੀਤੇ ਗਏ ਫੈਸਲਿਆਂ ਤੋਂ ਸੇਧ ਲੈ ਕੇ ਮਿਲਦੇ ਜੁਲਦੇ ਮਾਮਲਿਆਂ ਵਿੱਚ ਜਲਦ ਫੈਸਲਾ ਸੁਣਾਇਆ ਜਾ ਸਕੇ।

ਸ੍ਰੀ ਗੜ੍ਹੀ ਨੇ ਕਿਹਾ ਕਿ ਕਈ ਵਾਰ ਅਨੂਸੁਚਿਤ ਜਾਤੀਆਂ ਦੇ ਲੋਕ ਇਨਸਾਫ਼ ਲੈਣ ਲਈ ਪੰਜਾਬ ਰਾਜ ਅਨੂਸੂਚਿਤ ਜਾਤੀਆਂ ਕਮਿਸ਼ਨ ਦੇ ਨਾਲ ਨਾਲ ਕੌਮੀ ਕਮਿਸ਼ਨ ਕੋਲ ਵੀ ਅਪੀਲ ਦਾਇਰ ਕਰ ਦਿੰਦੇ ਹਨ ਇਸ ਤਰ੍ਹਾਂ ਦੇ ਮਾਮਲਿਆਂ ਨੂੰ ਸਾਂਝੇ ਤੌਰ ਤੇ ਨਜਿੱਠਣ ਅਤੇ ਕਮਿਸ਼ਨ ਦੇ ਕੰਮਕਾਜ ਵਿਚ ਇਕਸਾਰਤਾ ਲਿਆਉਣ ਲਈ ਵੀ ਕੌਮੀ ਕਮਿਸ਼ਨ ਨੂੰ ਪਹਿਲ ਕਰਨੀ ਚਾਹੀਦੀ ਹੈ।

ਇਸ ਮੌਕੇ ਸ੍ਰੀ ਗੜ੍ਹੀ ਨੇ ਦੇਸ਼ ਦੇ ਦੂਜੇ ਰਾਜਾਂ ਵਿਚ ਅਨੂਸੁਚਿਤ ਜਾਤੀਆਂ ਦੇ ਲੋਕਾਂ ਉਤੇ ਹੋ ਰਹੇ ਅੱਤਿਆਚਾਰ ਦਾ ਮਾਮਲਾ ਵੀ ਚੁਕਿਆ ਗਿਆ ਅਤੇ ਸ੍ਰੀ ਮਕਵਾਨਾ ਨੂੰ ਬੇਨਤੀ ਕੀਤੀ ਕਿ ਇਸ ਕੇਂਦਰ ਸਰਕਾਰ ਨੂੰ ਆਦੇਸ਼ ਦੇ ਕੇ ਅਨੂਸੁਚਿਤ ਜਾਤੀਆਂ ਅੱਤਿਆਚਾਰ ਰੋਕੂ ਕਾਨੂੰਨ ਨੂੰ ਹੋਰ ਸਖਤੀ ਨਾਲ ਲਾਗੂ ਕਰਵਾਇਆ ਜਾਵੇ।

# ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦੀ ਬਦਲੀ ਜਾ ਰਹੀ ਨੁਹਾਰ : ਹਰਮੰਦਰ ਸਿੰਘ ਬਰਾੜ

**ਬਠਿੰਡਾ, 3 ਮਈ/ਗੁਰਪ੍ਰੀਤ ਚਾਹਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਸ. ਹਰਮੰਦਰ ਸਿੰਘ ਬਰਾੜ ਕੋਆਰਡੀਨੇਟਰ ਸਕੂਲ ਸਿੱਖਿਆ ਵਿਭਾਗ ਪੰਜਾਬ ਮਾਲਵਾ ਵੈਸਟ ਵੱਲੋਂ ਸਰਕਾਰੀ ਹਾਈ ਸਕੂਲ ਬੰਬੀਹਾ, ਸਰਕਾਰੀ ਪ੍ਰਾਇਮਰੀ ਸਕੂਲ ਰਾਏ ਕੇ ਖੁਰਦ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਜੰਡੀਆਂ 'ਚ ਕਰਵਾਏ ਗਏ ਸਿੱਖਿਆ ਕ੍ਰਾਂਤੀ ਸਮਾਗਮ ਵਿੱਚ ਸ਼ਿਰਕਤ ਕਰਨ ਮੌਕੇ ਕੀਤਾ ਗਿਆ।

ਇਸ ਮੌਕੇ ਸ. ਹਰਮੰਦਰ ਸਿੰਘ ਬਰਾੜ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਤਹਿਤ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਵਿੱਚ ਮਦਦਗਾਰ ਸਾਬਿਤ ਹੋ ਰਹੀ ਹੈ ਤੇ ਸਕੂਲਾਂ ਵਿੱਚ ਸਹੂਲਤਾਂ ਮਿਲਣ ਨਾਲ ਵਿਦਿਆਰਥੀਆਂ ਦਾ ਮਨੋਬਲ ਹੋਰ ਵੀ ਉੱਚਾ ਹੋਵੇਗਾ।

ਇਸ ਦੌਰਾਨ ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਰਹੇਗਾ।

# ਸੜਕਾਂ 'ਤੇ ਖੜ੍ਹਕੇ ਬਿਆਨ ਦੇਣ ਵਾਲਿਆਂ ਦੀ ਹੀ ਦੇਣ ਹਨ ਕੂੜੇ ਦੇ ਪੁਰਾਣੇ ਢੇਰ: ਅਜੀਤਪਾਲ ਸਿੰਘ ਕੋਹਲੀ



**ਪਟਿਆਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅੱਜ ਮੁੜ ਕੂੜੇ ਦੇ ਡੰਪ ਦਾ ਜਾਇਜ਼ਾ ਲਿਆ ਅਤੇ ਨਗਰ ਨਿਗਮ ਵੱਲੋਂ ਕੂੜੇ ਦੇ ਡੰਪ ਨੂੰ ਗਰਮੀ ਵਧਣ ਕਰਕੇ ਲੱਗੀ ਅੱਗ ਨੂੰ ਬੁਝਾਉਣ ਦੇ ਲਈ ਤੁਰੰਤ ਕੀਤੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਦੱਸਿਆ ਕਿ ਨਿਗਮ ਦੀ ਟੀਮ ਨੇ ਬਹੁਤ ਮੁਸ਼ੱਕਤ ਨਾਲ ਅੱਗ 'ਤੇ ਕਾਬੂ ਪਾ ਲਿਆ ਹੈ ਅਤੇ ਸਾਰੀਆਂ ਟੀਮਾਂ ਨੇ ਨਿਰੰਤਰ 24 ਘੰਟੇ ਨਿਗਰਾਨੀ ਕੀਤੀ ਹੈ।

ਕੋਹਲੀ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਕਮਿਸ਼ਨਰ ਪਰਮਵੀਰ ਸਿੰਘ, ਨਿਗਮ ਦੀ ਹੈਲਥ ਤੇ ਸੈਨੀਟੇਸ਼ਨ ਬ੍ਰਾਂਚ ਸਮੇਤ ਫਾਇਰ ਬ੍ਰਿਗੇਡ ਵੱਲੋਂ ਕੂੜੇ ਦੇ ਡੰਪ 'ਤੇ ਪੂਰੀ ਚੌਕਸੀ ਨਾਲ ਕੀਤੇ ਅੱਗ ਬੁਝਾਊ ਯਤਨਾਂ ਸਦਕਾ ਹੁਣ ਅੱਗ ਬਿਲਕੁਲ ਬੁੱਝ ਚੁੱਕੀ ਹੈ, ਇਸ ਲਈ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਡਰਨ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਖ਼ੁਦ ਦੂਜੀ ਵਾਰ ਇਸ ਡੰਪ ਦਾ ਜਾਇਜ਼ਾ ਲੈ ਰਹੇ ਹਨ।

ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਨੇ ਪਿਛਲੀਆਂ ਸਰਕਾਰਾਂ ਵਿੱਚ ਸੱਤਾ ਦਾ ਸੁੱਖ ਮਾਨਣ ਵਾਲਿਆਂ ਅਤੇ ਹੁਣ ਸੜਕਾਂ 'ਤੇ ਖੜ੍ਹਕੇ ਕੂੜੇ ਦੇ ਡੰਪ ਬਾਰੇ ਬਿਆਨਬਾਜੀ ਕਰਨ ਵਾਲਿਆਂ ਨੂੰ ਕੋਸਦਿਆਂ ਕਿਹਾ ਕਿ ਇਹ ਡੰਪ ਪੁਰਾਣੀਆਂ ਸਰਕਾਰਾਂ ਦੀ ਹੀ ਦੇਣ ਹਨ, ਇਸ ਲਈ ਇਨ੍ਹਾਂ ਬਾਰੇ ਹੁਣ ਰਾਜਨੀਤੀ ਕਰਨੀ ਉਨ੍ਹਾਂ ਨੂੰ ਸ਼ੋਭਾ ਨਹੀਂ ਦਿੰਦੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਅਤੇ ਉਹ ਖ਼ੁਦ ਲੋਕਾਂ ਦੇ ਸੇਵਕ ਹੋਣ ਕਰਕੇ ਸ਼ਹਿਰ ਦੇ ਸੁਧਾਰ ਲਈ ਯਤਨਸ਼ੀਲ ਹਨ, ਕਿਉਂਕਿ ਚੋਣਾਂ ਸਮੇਂ ਸਿਆਸਤ ਹੋ ਚੁੱਕੀ ਹੈ ਅਤੇ ਹੁਣ ਸੇਵਾ ਦਾ ਸਮਾਂ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਘੱਟ ਸਮੇਂ ਵਿੱਚ ਬਹੁਤ ਕੁਝ ਹਾਸਲ ਕਰਨਾ ਚਾਹੁੰਦੇ ਹਨ। ਵਿਧਾਇਕ ਅਜੀਤਪਾਲ ਸਿੰਘ ਨੇ ਕਿਹਾ ਕਿ ਨਗਰ ਨਿਗਮ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇੱਕ ਬਹੁਤ ਵੱਡੀ ਤਜਵੀਜ ਤਿਆਰ ਕੀਤੀ ਹੈ ਅਤੇ ਬਹੁਤ ਜਲਦ ਪਟਿਆਲਾ ਵਾਸੀਆਂ ਨੂੰ ਇਸ ਡੰਪ ਤੋਂ ਪੱਕੇ ਤੌਰ 'ਤੇ ਨਿਜਾਤ ਮਿਲ ਜਾਵੇਗੀ। ਇਸ ਮੌਕੇ ਨਗਰ ਨਿਗਮ ਦੇ ਫਾਇਰ ਅਫ਼ਸਰ ਰਾਜਿੰਦਰ ਕੌਸ਼ਲ ਤੇ ਹੋਰ ਅਧਿਕਾਰੀਆਂ ਤੋਂ ਇਲਾਵਾ ਕੌਂਸਲਰ ਗੁਰਜੀਤ ਸਿੰਘ ਸਾਹਨੀ, ਤਰਨਜੀਤ ਸਿੰਘ ਕੋਹਲੀ, ਦਵਿੰਦਰਪਾਲ ਸਿੰਘ ਮਿੱਕੀ, ਨਰੇਸ਼ ਕੁਮਾਰ ਕਾਕਾ, ਵਿਕਰਮ ਸ਼ਰਮਾ, ਰਣਜੀਤ ਸਿੰਘ ਚੰਡੋਕ, ਪੁਨੀਤ ਬੁੱਧੀਰਾਜਾ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਟਰਾਈਡੈਂਟ ਵਲੋਂ ਲਗਾਏ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਦੇ 9ਵੇਂ ਦਿਨ ਤੱਕ ਹਜ਼ਾਰਾਂ ਲੋਕਾਂ ਨੇ ਲਿਆ ਲਾਹਾ

**ਬਰਨਾਲਾ, 3 ਮਈ**
**-ਰਾਕੇਸ਼ ਗੋਇਲ-**
**-ਕੌਮੀ ਪੱਤ੍ਰਿਕਾ ਬਿਊਰੋ-**



ਕੈਂਸਰ ਵਰਗੀ ਨਾਮੁਰਾਦ ਅਤੇ ਭਿਆਨਕ ਬਿਮਾਰੀ ਤੋਂ ਜਿਲ੍ਹਾ ਬਰਨਾਲਾ, ਸੰਗਰੂਰ ਅਤੇ ਮਾਨਸਾ ਜ਼ਿਲ੍ਹਿਆਂ ਦੇ ਲੋਕਾਂ ਬਚਾਉਣ ਲਈ ਟਰਾਈਡੈਂਟ ਗਰੁੱਪ ਦੇ ਟਰਾਈਡੈਂਟ ਹਿਊਮੈਨਿਟੀ ਫਾਊਂਡੇਸ਼ਨ ਵਲੋਂ ਵਰਲਡ ਕੈਂਸਰ ਕੇਅਰ ਸੁਸਾਇਟੀ ਦੇ ਸਹਿਯੋਗ ਨਾਲ ਲਗਾਏ ਗਏ 10 ਦਿਨਾਂ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਦੇ 9ਵੇਂ ਦਿਨ ਇਲਾਕੇ ਦੇ ਲੋਕਾਂ ਵਿਚ ਚੈਕਅੱਪ ਕਰਵਾਉਣ ਲਈ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਟਰਾਈਡੈਂਟ ਗਰੁੱਪ ਦੇ ਸੰਸਥਾਪਕ ਪਦਮਸ੍ਰੀ ਰਾਜਿੰਦਰ ਗੁਪਤਾ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਲੜੀ ਤਹਿਤ ਲਗਾਏ ਗਏ ਇਸ ਕੈਂਪ ਦਾ ਰੋਜ਼ਾਨਾ ਹਜ਼ਾਰਾਂ ਲੋਕ ਲਾਹਾ ਲੈ ਰਹੇ ਹਨ। ਕੈਂਪ ਵਿਚ ਜਿੱਥੇ ਮਾਹਿਰ ਡਾਕਟਰਾਂ ਵਲੋਂ ਮਰੀਜ਼ਾਂ ਦਾ ਚੈਕਅੱਪ ਕੀਤਾ ਜਾ ਰਿਹਾ ਹੈ ਉਥੇ ਆਧੁਨਿਕ ਮੋਬਾਇਲ ਵੈਨਾਂ ਵਿਚ ਕੈਂਸਰ ਦੇ ਵੱਖ-ਵੱਖ ਟੈਸਟ ਕੀਤੇ ਜਾ ਰਹੇ ਹਨ। ਮਾਹਿਰ ਡਾਕਟਰਾਂ ਵਿਚ ਡਾ. ਧਰਮਿੰਦਰ ਢਿੱਲੋਂ, ਡਾ. ਜਸਪ੍ਰੀਤ ਸਿੰਘ, ਡਾ. ਅਭਿਸ਼ੇਕ ਕੁਮਾਰ, ਡਾ. ਅਮਨ, ਡਾ. ਸ਼ਰੁਤੀ, ਡਾ. ਪ੍ਰਭਜੋਤ, ਡਾ. ਸੁਖਦੇਵ ਅਤੇ ਡਾ. ਅਸਕਾਂਦ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਡਾਕਟਰੀ ਟੀਮ ਵਿਚ 70 ਦੇ ਕਰੀਬ ਸਟਾਫ਼ ਅਤੇ ਟਰਾਈਡੈਂਟ ਗਰੁੱਪ ਦੇ ਅਧਿਕਾਰੀਆਂ ਤੇ ਵਲੰਟੀਅਰਾਂ ਵਲੋਂ ਵੀ ਨਿਰਸਵਾਰਥ ਸੇਵਾ ਨਿਭਾਈ ਜਾ ਰਹੀ ਹੈ। ਵਰਲਡ ਕੈਂਸਰ ਕੇਅਰ ਸੁਸਾਇਟੀ ਦੀਆਂ 8 ਆਧੁਨਿਕ ਵੈਨਾਂ ਵਿਚ ਮੈਮੋਗਰਾਫੀ, ਮੂੰਹ ਦਾ ਕੈਂਸਰ, ਹੱਡੀਆਂ ਦੇ ਕੈਂਸਰ, ਵੱਖ-ਵੱਖ ਬਿਮਾਰੀਆਂ ਦੇ ਲੈਬਾਰਟਰੀ ਟੈਸਟ ਅਤੇ ਅੱਖਾਂ ਦੀ ਜਾਂਚ ਕਰ ਕੇ ਮੁਫ਼ਤ ਐਨਕਾਂ ਦਿੱਤੀਆਂ ਜਾ ਰਹੀਆਂ ਹਨ। ਟਰਾਈਡੈਂਟ ਗਰੁੱਪ ਦੇ ਅਧਿਕਾਰੀ ਰੁਪਿੰਦਰ ਗੁਪਤਾ ਅਤੇ ਦੀਪਕ ਗਰਗ ਨੇ ਦੱਸਿਆ ਕਿ ਅੱਜ 9ਵੇਂ ਦਿਨ ਤੱਕ 5 ਹਜ਼ਾਰ ਤੋਂ ਵੱਧ ਲੋਕਾਂ ਵਲੋਂ ਜਾਂਚ ਕਰਵਾਈ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਕੈਂਪ ਵਿਚ ਡਾਕਟਰੀ ਟੀਮਾਂ ਵਲੋਂ ਮਰੀਜ਼ਾਂ ਦੀ ਜਾਂਚ ਅਤੇ ਟੈਸਟਾਂ ਤੋਂ ਬਿਨਾਂ ਕੈਂਸਰ ਸਬੰਧੀ ਲੈਕਚਰਾਂ ਤੇ ਭਾਸ਼ਣਾਂ ਰਾਹੀਂ ਵੀ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਉਹ ਆਪਣੇ ਖਾਣ-ਪੀਣ ਦਾ ਪ੍ਰਹੇਜ਼ ਰੱਖਣ ਤੋਂ ਇਲਾਵਾ ਤੰਦਰੁਸਤ ਜੀਵਨ ਬਤੀਤ ਕਰ ਸਕਣ। ਇਸ ਤੋਂ ਇਲਾਵਾ ਕੈਂਪ ਵਿਚ ਇਲਾਵਾ ਬਲੱਡ ਪ੍ਰੈਸ਼ਰ, ਬਲੱਡ ਸ਼ੂਗਰ, ਹੱਡੀਆਂ ਦੀ ਘਣਤਾ ਦਾ ਟੈਸਟ ਕਰ ਕੇ ਜਨਰਲ ਦਵਾਈਆਂ ਮੁਫ਼ਤ ਵਿਚ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ 30 ਅਪ੍ਰੈਲ ਇਸ ਕੈਂਪ ਦਾ ਆਖਰੀ ਦਿਨ ਹੈ, ਇਸ ਲਈ ਕੈਂਸਰ ਵਰਗੀ ਬਿਮਾਰੀ ਤੋਂ ਨਿਜਾਤ ਪਾਉਣ ਲਈ ਇੱਕ ਵਾਰ ਜ਼ਰੂਰ ਇਸ ਕੈਂਪ ਵਿਚ ਆ ਕੇ ਆਪਣਾ ਚੈਕਅੱਪ ਕਰਵਾਉਣ ਕਿਉਂਕਿ ਜੇਕਰ ਕੈਂਸਰ ਦੀ ਸਹੀ ਜਾਂਚ ਹੋਣ 'ਤੇ ਲੱਛਣਾਂ ਨੂੰ ਪਹਿਲਾਂ ਹੀ ਪਛਾਣ ਲਿਆ ਜਾਂਦਾ ਹੈ ਤਾਂ ਉਸ ਨੂੰ ਅੱਗੇ ਵੱਧਣ ਤੋਂ ਰੋਕਿਆ ਜਾ ਸਕਦਾ ਹੈ।

# ਸਿੱਖ ਬੰਧੂ ਵੈਲਫੇਅਰ ਟਰੱਸਟ ਵੱਲੋਂ ਸ਼ਖ਼ਸੀਅਤਾਂ ਦਾ ਸਨਮਾਨ



ਨਵੀਂ ਦਿੱਲੀ, 3 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਮੋਤੀ ਨਗਰ ਨਵੀਂ ਦਿੱਲੀ ਵਿੱਚ ਹਰ ਸਾਲ ਵਾਂਗ ਸਿੱਖ ਬੰਧੂ ਵੈਲਫੇਅਰ ਟਰੱਸਟ ਵੱਲੋਂ ਆਲ ਇੰਡੀਆ ਰਾਮਗੜ੍ਹੀਆ ਵਿਸ਼ਵਕਰਮਾ ਫੈਡਰੇਸ਼ਨ ਨਵੀਂ ਦਿੱਲੀ ਦੇ ਸਹਿਯੋਗ ਨਾਲ ਐਵਾਰਡ ਸਮਾਗਮ ਕਰਵਾਇਆ ਗਿਆ, ਜੋ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 302ਵੇਂ ਜਨਮਦਿਨ ਨੂੰ ਸਮਰਪਿਤ ਸੀ। ਇਸ ਸਾਲ ਸਿੱਖ ਬੰਧੂ ਵੈਲਫੇਅਰ ਟਰੱਸਟ ਦੇ ਚੇਅਰਮੈਨ ਸੁਖਦੇਵ ਸਿੰਘ ਰੈਤ ਅਤੇ ਪ੍ਰਧਾਨ ਜਸਵਿੰਦਰ ਸਿੰਘ ਰੈਤ ਨੇ ਸ਼ਖਸੀਅਤਾਂ ਨੂੰ ਅਨਮੋਲ ਰਤਨ, ਰਾਮਗੜ੍ਹੀਆ ਰਤਨ, ਖਾਲਸਾ ਰਤਨ, ਮੈਂਬਰ ਆਫ ਦੀ ਈਅਰ, ਸੀਏ ਆਫ ਦੀ ਈਅਰ, ਵਿਸ਼ੇਸ਼ ਸਨਮਾਨ, ਆਰਟਿਸਟ ਆਫ ਦੀ ਈਅਰ, ਪੱਤਰਕਾਰਿਤਾ ਅਤੇ ਪੰਜਾਬੀ ਬੋਲੀ ਦੀ ਸੇਵਾ ਕਰਨ ਵਾਲਿਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਹੋਰ ਵਿਸ਼ੇਸ਼ ਵਿਅਕਤੀ ਜਿਨ੍ਹਾਂ ਨੇ ਕੋਈ ਵਿਸ਼ੇਸ਼ ਉਪਲਬਧੀ ਹਾਸਲ ਕੀਤੀ ਹੋਵੇ ਉਨ੍ਹਾਂ ਨੂੰ ਵੀ ਸਨਮਾਨ ਕੀਤਾ।

ਇਸ ਸਮਾਗਮ ਵਿੱਚ ਦਿੱਲੀ, ਪੰਜਾਬ, ਹਰਿਆਣਾ ਅਤੇ ਹਿੰਦੁਸਤਾਨ ਦੇ ਵੱਖ-ਵੱਖ ਸ਼ਹਿਰਾਂ ਤੋਂ ਰਾਮਗੜ੍ਹੀਆ ਬਰਾਦਰੀ ਦੇ ਚੋਣਵੇਂ ਉੱਘੇ ਕਾਰੋਬਾਰੀ ਭਰਾਵਾਂ ਨੇ ਹਾਜ਼ਰੀ ਭਰੀ। ਵਿਸ਼ੇਸ਼ ਤੌਰ 'ਤੇ ਸਾਬਕਾ ਮੰਤਰੀ ਹੀਰਾ ਸਿੰਘ ਗਾਬੜੀਆ, ਰਜਿੰਦਰ ਸਿੰਘ ਮਹਿਤਾ ਜਨਰਲ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਮਨਜੀਤ ਸਿੰਘ ਐਸਜੀਪੀਸੀ ਮੈਂਬਰ, ਬੀਬੀ ਰਣਜੀਤ ਕੌਰ, ਕੇਵਲ ਕ੍ਰਿਸ਼ਨ ਅਜੀਮਲ, ਗੁਰਮੀਤ ਸਿੰਘ ਕੁਲਾਰ ਪ੍ਰਧਾਨ ਫਿਕੋ ਲੁਧਿਆਣਾ, ਹਰਚਰਨ ਸਿੰਘ ਧੰਮੂ ਪਾਣੀਪਤ ਅਤੇ ਆਲ ਇੰਡੀਆ ਰਾਮਗੜ੍ਹੀਆ ਵਿਸ਼ਵਕਰਮਾ ਫੈਡਰੇਸ਼ਨ ਨਵੀਂ ਦਿੱਲੀ ਦੇ ਸੀਨੀਅਰ ਮੀਤ ਪ੍ਰਧਾਨ ਮੁਹਿੰਦਰ ਸਿੰਘ ਭੁੱਲਰ, ਗੁਰਦੁਆਰਾ ਸੀ ਬਲਾਕ ਹਰੀ ਨਗਰ ਦੀ ਟੀਮ, ਗੁਰਦੁਆਰਾ ਐੱਮਐੱਸ ਬਲਾਕ ਹਰੀ ਨਗਰ ਦੀ ਟੀਮ, ਰਾਮਗੜ੍ਹੀਆ ਬੋਰਡ ਆਰਬੀਡੀ ਦਿੱਲੀ ਦੀ ਟੀਮ ਸ਼ਾਮਲ ਸੀ।

ਹਰਮਨਜੀਤ ਸਿੰਘ ਅਨਮੋਲ ਰਤਨ, ਹਰਚਰਨ ਸਿੰਘ ਧੰਮੂ ਰਾਮਗੜ੍ਹੀਆ ਰਤਨ, ਮਲਕੀਤ ਸਿੰਘ ਸੌਂਧ ਮੈਂਬਰ ਆਫ ਦੀ ਈਅਰ, ਕਥਾਵਾਚਕ ਡਾ. ਮਨਪ੍ਰੀਤ ਸਿੰਘ ਖਾਲਸਾ ਰਤਨ, ਡਾ.ਗੁਰਪ੍ਰੀਤ ਸਿੰਘ ਖਾਲਸਾ ਡਾਕਟਰ ਆਫ ਦੀ ਈਅਰ, ਇਸ਼ਪ੍ਰੀਤ ਸਿੰਘ ਐਡਵੋਕੇਟ ਆਫ ਦੀ ਈਅਰ, ਜਗਦੇਵ ਸਿੰਘ ਰਾਣਾ ਗੋਲਡ ਮੈਡਲਿਸਟ, ਪਰਮਜੀਤ ਸਿੰਘ ਮਾਰਵਾਹ ਆਰਟਿਸਟ ਆਫ ਦੀ ਈਅਰ, ਭੁਪਿੰਦਰ ਸਿੰਘ ਉੱਭੀ ਪੱਤਰਕਾਰ ਆਫ ਦੀ ਈਅਰ, ਡਾ.ਮਨਜੀਤ ਸਿੰਘ ਪੰਜਾਬੀ ਸਾਹਿਤਕ ਸੇਵਾ ਸਨਮਾਨ, ਸ੍ਰੀ ਰਕੇਸ਼ ਗੁਪਤਾ ਸੀਏ ਆਫ ਦੀ ਈਅਰ ਅਤੇ ਹੋਰਨਾਂ ਨੂੰ ਸਨਮਾਨਿਤ ਕੀਤਾ ਗਿਆ।

# ਏਜੰਸੀਆਂ ਵੱਲੋਂ 5.40 ਲੱਖ ਟਨ ਕਣਕ ਦੀ ਖਰੀਦ

ਸ਼ਾਹਬਾਦ ਮਾਰਕੰਡਾ, 3 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਡਿਪਟੀ ਕਮਿਸ਼ਨਰ ਨੇਹਾ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਕੁਰੂਕਸ਼ੇਤਰ ਦੇ ਵੱਖ-ਵੱਖ ਖਰੀਦ ਕੇਂਦਰਾਂ ਤੇ ਮੰਡੀਆਂ ਵਿੱਚ ਵੱਖ-ਵੱਖ ਏਜੰਸੀਆਂ ਵੱਲੋਂ 5 ਲੱਖ 40 ਹਜ਼ਾਰ 829 ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਇਨ੍ਹਾਂ ਖਰੀਦ ਕੇਂਦਰਾਂ ਤੋਂ 69 ਫ਼ੀਸਦ ਲਿਫਟਿੰਗ ਦਾ ਕੰਮ ਪੂਰਾ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਕਣਕ ਦੇ ਇਸ ਸੀਜ਼ਨ ਦੌਰਾਨ ਹੁਣ ਤਕ ਫੂਡ ਸਪਲਾਈ ਏਜੰਸੀ ਨੇ 3 ਲੱਖ 15 ਹਜ਼ਾਰ 899 ਮੀਟਰਿਕ ਟਨ ,ਹੈਫੇਡ ਨੇ ਇਕ ਲੱਖ 96 ਹਜ਼ਾਰ 779 ਮੀਟਰਿਕ ਟਨ, ਹਰਿਆਣਾ ਵੇਅਰਹਾਊਸਿੰਗ ਕਾਰਪੋਰੇਸ਼ਨ ਨੇ 8 ਹਜ਼ਾਰ 868 ਮੀਟਰਿਕ ਟਨ ਤੇ ਨਿੱਜੀ ਏਜੰਸੀਆਂ ਨੇ 19283 ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਹੈ। ਉਨ੍ਹਾਂ ਕਿਹਾ ਕਿ ਫੂਡ ਸਪਲਾਈ ਵਿਭਾਗ ਵਲੋਂ 63 ਫ਼ੀਸਦ, ਹੈਫੇਡ ਵੱਲੋਂ 75 ਫ਼ੀਸਦ, ਹਰਿਆਣਾ ਵੇਅਰਹਾਊਸਿੰਗ ਕਾਰਪੋਰੇਸ਼ਨ ਵੱਲੋਂ 86 ਫ਼ੀਸਦ ਤੇ ਨਿੱਜੀ ਏਜੰਸੀਆਂ ਵੱਲੋਂ 84 ਫ਼ੀਸਦ ਲਿਫਟਿੰਗ ਦਾ ਕੰਮ ਪੂਰਾ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਹੁਣ ਤੱਕ 5 ਲੱਖ 40 ਹਜ਼ਾਰ 829 ਮੀਟਰਿਕ ਟਨ ਕਣਕ ਖਰੀਦੀ ਜਾ ਚੁੱਕੀ ਹੈ ਜਿਸ ਵਿੱਚ 13 ਹਜ਼ਾਰ 749 ਮੀਟਰਿਕ ਟਨ ਐੱਫਸੀਆਈ ਨੂੰ ਪਹੁੰਚਾ ਦਿੱਤੀ ਗਈ ਹੈ। 3 ਲੱਖ 72 ਹਜ਼ਾਰ 799 ਮੀਟਰਿਕ ਟਨ ਦੀ ਲਿਫਟਿੰਗ ਕੀਤੀ ਜਾ ਚੁੱਕੀ ਹੈ। ਅਜੇ ਵੀ 1 ਲੱਖ 68 ਹਜ਼ਾਰ 30 ਮੀਟਰਿਕ ਟਨ ਕਣਕ ਮੰਡੀਆਂ ਵਿਚ ਪਈ ਹੋਈ ਹੈ। ਉਨ੍ਹਾਂ ਏਜੰਸੀਆਂ ਦੇ ਅਧਿਕਾਰੀਆਂ ਨੂੰ ਕਣਕ ਦੀ ਲਿਫਟਿੰਗ ਦਾ ਕੰਮ ਜਲਦੀ ਤੋਂ ਜਲਦੀ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

# ਵਿਦਿਆਰਥੀਆਂ ਦੇ ਪ੍ਰਤਿਭਾ ਖੋਜ ਮੁਕਾਬਲੇ



ਸ਼ਾਹਬਾਦ ਮਾਰਕੰਡਾ, 3 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਅੱਜ ਟੈਰੀ ਪਬਲਿਕ ਸਕੂਲ ਪਿੰਡ ਬਾਰਨਾ ਦੇ ਮੈਦਾਨ ਵਿਚ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਤਿਭਾ ਖੋਜ ਸਮਾਗਮ ਕੀਤਾ ਗਿਆ।

ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੂੰ ਸਕੂਲ ਦੇ ਅਕਾਦਮਿਕ ਮਾਹੌਲ ਵਿਚ ਆਪਣੀਆਂ ਛੁਪੀਆਂ ਪ੍ਰਤਿਭਾਵਾਂ ਨੂੰ ਪ੍ਰਦਰਸ਼ਿਤ ਕਰਨ ਦਾ ਸੁਨਹਿਰਾ ਮੌਕਾ ਦਿੱਤਾ ਗਿਆ। ਇਸ ਮੌਕੇ ਸਕੂਲ ਦੇ ਮੀਤ ਪ੍ਰਧਾਨ ਡਾ. ਵੀਰੇਂਦਰ ਗੋਇਲ ,ਆਰਕੀਟੈਕਟ ਮੈਡਮ ਗਰਿਮਾ ਗੋਇਲ, ਪ੍ਰਿੰਸੀਪਲ ਗੀਤਾ ਸਿੰਘ ਤੇ ਪ੍ਰਸ਼ਾਸਨਿਕ ਅਧਿਕਾਰੀ ਪਵਨ ਸ਼ਰਮਾ ਹਾਜ਼ਰ ਸਨ। ਇਨ੍ਹਾਂ ਪ੍ਰਤਿਭਾ ਖੋਜ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਨਾਚ, ਨਾਟਕ,ਮਿਮਿਕਰੀ, ਗਾਇਕੀ, ਅਦਾਕਾਰੀ ,ਕਵਿਤਾ ਪਾਠ, ਜਾਦੂਈ ਚਾਲਾਂ, ਸੰਗੀਤਕ ਸਾਜ ਵਜਾਉਣ ਤੇ ਕਾਮੇਡੀ ਪੇਸ਼ਕਾਰੀਆਂ ਰਾਹੀਂ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ। ਨਿਰਣਾਇਕ ਮੰਡਲ ਦੀ ਭੂਮਿਕਾ ਮਿਸ ਖੁਸ਼ੀ ਤੇ ਪ੍ਰੇਮਲਤਾ ਸ਼ਰਮਾ ਨੇ ਨਿਭਾਈ। ਇਸ ਮੌਕੇ ਸਕੂਲ ਦੇ ਮੀਤ ਪ੍ਰਧਾਨ ਡਾ. ਵੀਰੇਂਦਰ ਗੋਇਲ ਨੇ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਦੇ ਆਤਮ ਵਿਸ਼ਵਾਸ, ਲੀਡਰਸ਼ਿਪ ਹੁਨਰ ਤੇ ਸ਼ਖਸ਼ੀਅਤ ਦਾ ਵਿਕਾਸ ਕਰਦੇ ਹਨ। ਪ੍ਰਿੰਸੀਪਲ ਗੀਤਾ ਸਿੰਘ ਨੇ ਆਪਣੇ ਸੰਦੇਸ਼ ਵਿਚ ਸਹਿ ਪਾਠਕ੍ਰਮ ਗਤੀਵਿਧੀਆਂ ਦੀ ਮਹੱਤਤਾ ਤੇ ਚਾਨਣਾ ਪਾਇਆ ਤੇ ਵਿਦਿਆਰਥੀਆਂ ਨੂੰ ਨਿਰੰਤਰ ਸਵੈ ਵਿਕਾਸ ਲਈ ਪ੍ਰੇਰਿਤ ਕੀਤਾ। ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਤੇ ਸਰਟੀਫਿਕੇਟ ਵੰਡੇ ਗਏ। ਵਿਦਿਆਰਥੀਆਂ ਦੀ ਕਾਰਗੁਜ਼ਾਰੀ ਨੇ ਪ੍ਰਬੰਧਕਾਂ ਨੂੰ ਮੰਤਰ ਮੁਗਧ ਕੀਤਾ। ਸਕੂਲ ਦਾ ਇਹ ਨਵੀਨਤਾਕਾਰੀ ਯਤਨ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਲ ਇਕ ਮਹੱਤਵਪੂਰਨ ਪਹਿਲਕਦਮੀ ਸਾਬਤ ਹੋਇਆ।

# ਪੌਦੇ ਲਗਾਉਣ ਅਤੇ ਪਾਣੀ ਬਚਾਉਣ ਲਈ ਜਾਗਰੂਕਤਾ ਰੈਲੀ

ਸ਼ਾਹਬਾਦ ਮਾਰਕੰਡਾ, 3 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਭਾਰਤ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਾਬੈਨ ਵਿਚ ਧਰਤੀ ਦਿਵਸ ਪੰਦਰਵਾੜੇ ਤਹਿਤ ਪੌਦੇ ਲਗਾਉਣ ਤੇ ਪਾਣੀ ਬਚਾਉਣ ਦੀ ਮਹੱਤਤਾ ਬਾਰੇ ਜਾਗਰੂਕਤਾ ਰੈਲੀ ਕੱਢੀ ਗਈ। ਰੈਲੀ ਨੂੰ ਸਕੂਲ ਦੀ ਪ੍ਰਿੰਸੀਪਲ ਸੁਨੀਤਾ ਖੰਨਾ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਵਿਦਿਆਰਥੀਆਂ ਤੇ ਅਧਿਆਪਕਾਂ ਨੇ ਰੈਲੀ ਵਿੱਚ ਹਿੱਸਾ ਲਿਆ ਅਤੇ ਧਰਤੀ ਬਚਾਓ, ਪੌਦੇ ਲਗਾਓ ,ਪਾਣੀ ਬਚਾਓ ਦੇ ਨਾਅਰੇ ਲਗਾਏ ਗਏ। ਰੈਲੀ ਸਕੂਲ ਵਿੱਚੋਂ ਸ਼ੁਰੂ ਹੋ ਕੇ ਬਾਬੈਨ ਦੇ ਬਾਜ਼ਾਰਾਂ ਵਿੱਚ ਲੰਘਦੀ ਹੋਈ ਪਿੰਡ ਨਖਰੋਜਪੁਰ ਪੁੱਜੀ। ਜਿਥੇ ਬਚਿੱਆਂ ਨੇ ਪਿੰਡ ਵਾਸੀਆਂ ਨਾਲ ਧਰਤੀ ਬਚਾਓ, ਜ਼ਿੰਦਗੀ ਬਚਾਓ ਦੇ ਨਾਅਰੇ ਲਗਾਏ ਤੇ ਲੋਕਾਂ ਨੂੰ ਧਰਤੀ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਲਈ ਜਾਗਰੂਕ ਕੀਤਾ। ਪ੍ਰਿੰਸੀਪਲ ਸੁਨੀਤਾ ਖੰਨਾ ਨੇ ਬੱਚਿਆਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਧਰਤੀ ਨੂੰ ਹਰਾ ਭਰਾ ਰੱਖਣ ਤੇ ਮਨੁੱਖੀ ਜੀਵਨ ਨੂੰ ਖੁਸ਼ਹਾਲ ਬਣਾਉਣ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਦੇ ਨਾਲ ਨਾਲ ਸਾਨੂੰ ਪਾਣੀ ਦੀ ਬੱਚਤ ਕਰਨੀ ਹੋਵੇਗੀ। ਪਿੰਡ ਦੇ ਕੁਲਦੀਪ ਸਿੰਘ ਦੇ ਪਰਿਵਾਰ ਨੇ ਬੱਚਿਆਂ ਤੇ ਅਧਿਆਪਕਾਂ ਦਾ ਸਵਾਗਤ ਕੀਤਾ। ਰੈਲੀ ਦੌਰਾਨ ਵਿਦਿਆਰਥੀਆਂ ਨੇ ਅਕਾਸ਼ ਗੁੰਜਾਊ ਨਆਰੇ ਲਗਾਏ। ਰੈਲੀ ਮੁੜ ਸਕੂਲ ਵਿੱਚ ਵਾਪਸ ਆ ਕੇ ਸਮਾਪਤ ਹੋਈ। ਸਕੂਲ ਦੀ ਪ੍ਰਿੰਸੀਪਲ ਨੇ ਬੱਚਿਆਂ ਦੀ ਪਿੱਠ ਥਪਥਪਾਈ ਤੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ।

# ਪਹਿਲਗਾਮ ਹਮਲਾ: ਪਿੰਡ ਖੈਰੀ ਦੇ ਨੌਜਵਾਨਾਂ ਵੱਲੋਂ ਮੋਮਬੱਤੀ ਮਾਰਚ



ਸ਼ਾਹਬਾਦ ਮਾਰਕੰਡਾ, 3 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਦੇ ਵਿਰੋਧ ਵਿੱਚ ਪਿੰਡ ਖੈਰੀ ਵਿੱਚ ਮੋਮਬੱਤੀ ਮਾਰਚ ਕੱਢਿਆ ਗਿਆ। ਇਸ ਮੌਕੇ ਹਮਲੇ ਵਿਚ ਜਾਨਾਂ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਦੇਣ ਲਈ ਇਕ ਮਿੰਟ ਦਾ ਮੋਨ ਵੀ ਰੱਖਿਆ ਗਿਆ। ਸ਼ਿਵ ਧਾਮ ਖੈਰੀ ਮਾਨਵ ਕਲਿਆਣ ਸਮਿਤੀ ਦੇ ਬੈਨਰ ਹੇਠ ਕਰਵਾਏ ਇਸ ਮੋਮਬੱਤੀ ਮਾਰਚ ਵਿੱਚ ਨੌਜਵਾਨਾਂ ਨੇ ਹਮਲੇ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਅਤਿਵਾਦ ਖ਼ਿਲਾਫ਼ ਸਮੂਹਿਕ ਆਵਾਜ਼ ਬੁਲੰਦ ਕੀਤੀ।

ਮੋਮਬੱਤੀ ਮਾਰਚ ਪਿੰਡ ਦੀਆਂ ਗਲੀਆਂ ਵਿੱਚੋਂ ਲੰਘਿਆ। ਨੌਜਵਾਨਾਂ ਨੇ ਹੱਥਾਂ ਵਿੱਚ ਮੋਮਬੱਤੀਆਂ ਫੜੀਆਂ ਹੋਈਆਂ ਸਨ ਤੇ ਭਾਰਤ ਮਾਤਾ ਕੀ ਜੈ, ਪਾਕਿਸਤਾਨ ਮੁਰਦਾਬਾਦ , ਸਾਨੂੰ ਇਨਸਾਫ ਚਾਹੀਦੈ, ਦੋਸ਼ੀਆਂ ਨੂੰ ਫਾਂਸੀ ਦੇਣ ਵਰਗੇ ਨਾਅਰੇ ਲਗਾਏ ਗਏ। ਇਸ ਦੌਰਾਨ ਨੌਜਵਾਨਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਇਸ ਹਮਲੇ ਦੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਅਤੇ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਏ ਤਾਂ ਜੋ ਭਵਿੱਖ ਵਿਚ ਕੋਈ ਵੀ ਅਜਿਹਾ ਘਿਨਾਉਣਾ ਅਪਰਾਧ ਕਰਨ ਦੀ ਹਿੰਮਤ ਨਾ ਕਰ ਸਕੇ। ਇਸ ਮੌਕੇ ਪਿੰਡ ਵਾਸੀ,ਤੇ ਸ਼ਿਵ ਧਾਮ ਖੈਰੀ ਮਾਨਵ ਭਲਾਈ ਕਮੇਟੀ ਦੇ ਪ੍ਰਧਾਨ ਸੰਜੇ ਕੁਮਾਰ, ਸਕੱਤਰ ਗੁਲਜ਼ਾਰ ਸਿੰਘ, ਮਨੋਜ ਕੁਮਾਰ, ਨਰੇਸ਼ ਕੁਮਾਰ, ਮੋਹਨ ਲਾਲ, ਬੀਰ ਸਿੰਘ, ਮੁਕੇਸ਼ ਕੁਮਾਰ, ਸੰਨੀ ਸੈਣੀ, ਗੌਰਵ ਕੁਮਾਰ, ਰਿਤੇਸ਼ ਸੈਣੀ,ਅਚਲ ਸੈਣੀ,ਸੁਰੇਸ਼ ਮਾਸਟਰ, ਪਰਮਜੀਤ ਸਿੰਘ ਪੰਮੀ ਆਦਿ ਮੌਜੂਦ ਸਨ।

# ਯਮੁਨਾਨਗਰ-ਜਗਾਧਰੀ ਨਗਰ ਨਿਗਮ ਦੀਆਂ ਜਾਇਦਾਦਾਂ ਤਸਦੀਕ ਕਰਨ ਵਿੱਚ ਅੱਵਲ



ਯਮੁਨਾਨਗਰ, 3 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਨਗਰ ਨਿਗਮ ਖੇਤਰ ਦੀਆਂ 108919 ਜਾਇਦਾਦਾਂ ਦੀ ਤਸਦੀਕ ਕੀਤੀ ਜਾ ਚੁੱਕੀ ਹੈ। ਅਜਿਹਾ ਕਰਕੇ ਯਮੁਨਾਨਗਰ-ਜਗਾਧਰੀ ਸੂਬੇ ਵਿੱਚ ਅੱਵਲ ਸਥਾਨ ਲੈ ਗਿਆ ਹੈ। 50.08 ਫ਼ੀਸਦ ਜਾਇਦਾਦਾਂ ਦੀ ਤਸਦੀਕ ਕਰਕੇ ਯਮੁਨਾਨਗਰ-ਜਗਾਧਰੀ ਨਗਰ ਨਿਗਮ ਰਾਜ ਵਿੱਚ ਪਹਿਲੇ ਸਥਾਨ 'ਤੇ ਆਇਆ ਹੈ। ਨਗਰ ਨਿਗਮ 100 ਫੀਸਦੀ ਜਾਇਦਾਦਾਂ ਦੀ ਤਸਦੀਕ ਕਰਨ ਦੇ ਯਤਨ ਕਰ ਰਿਹਾ ਹੈ। ਨਿਗਮ ਦੇ ਕਰਮਚਾਰੀ ਘਰ-ਘਰ ਜਾ ਕੇ ਜਾਇਦਾਦ ਮਾਲਕਾਂ ਤੋਂ ਜਾਇਦਾਦਾਂ ਦੀ ਤਸਦੀਕ ਕਰਵਾ ਰਹੇ ਹਨ। ਇਸ ਤੋਂ ਇਲਾਵਾ, ਤਿੰਨੋਂ ਨਿਗਮ ਦਫ਼ਤਰਾਂ ਦੇ ਨਾਗਰਿਕ ਸੁਵਿਧਾ ਕੇਂਦਰਾਂ ਵਿੱਚ ਵੀ ਜਾਇਦਾਦਾਂ ਦੀ ਤਸਦੀਕ ਕੀਤੀ ਜਾ ਰਹੀ ਹੈ। ਨਿਗਮ ਕਮਿਸ਼ਨਰ ਆਯੂਸ਼ ਸਿਨਹਾ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਜਾਇਦਾਦ ਦੀ ਖੁਦ ਤਸਦੀਕ ਕਰਨ। ਜਾਇਦਾਦ ਦੀ ਤਸਦੀਕ ਕਰਨ ਨਾਲ, ਉਨ੍ਹਾਂ ਦੀ ਜਾਇਦਾਦ ਸੁਰੱਖਿਅਤ ਰਹੇਗੀ। ਇਸ ਦੇ ਨਾਲ ਹੀ, ਕੋਈ ਵੀ ਆਪਣੀ ਪ੍ਰਾਪਰਟੀ ਆਈਡੀ ਨਾਲ ਛੇੜਛਾੜ ਨਹੀਂ ਕਰ ਸਕੇਗਾ। ਜੇਕਰ ਜਾਇਦਾਦ ਦਾ ਮਾਲਕ ਖੁਦ ਆਪਣੀ ਜਾਇਦਾਦ ਦੀ ਤਸਦੀਕ ਕਰਨ ਵਿੱਚ ਅਸਮਰੱਥ ਹੈ, ਤਾਂ ਉਹ ਨਿਗਮ ਦਫ਼ਤਰਾਂ ਵਿੱਚ ਆਪਣੀ ਜਾਇਦਾਦ ਦੀ ਤਸਦੀਕ ਕਰਵਾ ਸਕਦਾ ਹੈ। ਜਾਇਦਾਦ ਦੀ ਖੁਦ ਪੁਸ਼ਟੀ ਕਰਨ ਨਾਲ ਉਨ੍ਹਾਂ ਦੀ ਜਾਇਦਾਦ ਆਈਡੀ ਲਾਕ ਹੋ ਜਾਵੇਗੀ। ਇਸ ਤੋਂ ਬਾਅਦ, ਕੋਈ ਵੀ ਬਾਹਰੀ ਵਿਅਕਤੀ ਆਪਣੀ ਜਾਇਦਾਦ ਆਈਡੀ ਨਾਲ ਛੇੜਛਾੜ ਨਹੀਂ ਕਰ ਸਕੇਗਾ। ਅਜਿਹਾ ਕਰਨ ਨਾਲ ਜਾਇਦਾਦ ਦੇ ਮਾਲਕ ਨੂੰ ਜਾਇਦਾਦ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਧੋਖਾਧੜੀ ਤੋਂ ਵੀ ਬਚਾਇਆ ਜਾਵੇਗਾ। ਇਹ ਕੰਮ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਨਗਰ ਨਿਗਮ ਖੇਤਰ ਦੀ ਹਰ ਜਾਇਦਾਦ ਦੀ ਪੁਸ਼ਟੀ ਨਹੀਂ ਹੋ ਜਾਂਦੀ। ਵਧੀਕ ਨਿਗਮ ਕਮਿਸ਼ਨਰ ਅਸ਼ੋਕ ਕੁਮਾਰ ਅਤੇ ਖੇਤਰੀ ਟੈਕਸੇਸ਼ਨ ਅਧਿਕਾਰੀ ਅਜੈ ਵਾਲੀਆ ਨੇ ਕਿਹਾ ਕਿ ਜਾਇਦਾਦ ਆਈਡੀ ਦੀ ਪੁਸ਼ਟੀ ਕਰਵਾਉਣਾ ਬਹੁਤ ਜ਼ਰੂਰੀ ਹੈ। ਜਾਇਦਾਦ ਦੇ ਮਾਲਕ ਆਪਣੀ ਜਾਇਦਾਦ ਆਈਡੀ ਦੀ ਖੁਦ ਵੀ ਪੁਸ਼ਟੀ ਕਰ ਸਕਦੇ ਹਨ। ਜੇ ਜਾਇਦਾਦ ਦਾ ਮਾਲਕ ਖੁਦ ਆਈਡੀ ਦੀ ਤਸਦੀਕ ਨਹੀਂ ਕਰ ਸਕਦਾ, ਤਾਂ ਉਹ ਕਾਰਪੋਰੇਸ਼ਨ ਦੇ ਤਿੰਨੋਂ ਦਫਤਰਾਂ ਦੇ ਨਾਗਰਿਕ ਸਹੂਲਤ ਕੇਂਦਰਾਂ ਯਾਨੀ ਕਿ ਸੀਐੱਫਸੀ ਕਾਊਂਟਰਾਂ 'ਤੇ ਜਾ ਕੇ ਆਪਣੀ ਜਾਇਦਾਦ ਦੀ ਆਈਡੀ ਦੀ ਤਸਦੀਕ ਕਰਵਾ ਸਕਦਾ ਹੈ।

# ਹਰਿਆਣਾ ਨਵੀਂ ਸਿੱਖਿਆ ਨੀਤੀ ਲਾਗੂ ਕਰਨ ਵਾਲਾ ਪਹਿਲਾ ਸੂਬਾ ਬਣੇਗਾ: ਢਾਂਡਾ



ਸ਼ਾਹਬਾਦ ਮਾਰਕੰਡਾ, 3 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਸਿੱਖਿਆ ਮੰਤਰੀ ਮਹੀਪਾਲ ਢਾਂਡਾ ਨੇ ਕਿਹਾ ਹੈ ਕਿ ਹਰਿਆਣਾ ਦੇਸ਼ ਦੇ ਸਾਰੇ ਸੂਬਿਆਂ ਵਿੱਚ ਨਵੀਂ ਸਿਖਿਆ ਨੀਤੀ 2020 ਲਾਗੂ ਕਰਨ ਵਾਲਾ ਪਹਿਲਾ ਸੂਬਾ ਬਣ ਜਾਵੇਗਾ। ਇਸ ਸਿਖਿਆ ਨੀਤੀ ਵਿਚ ਬੱਚਿਆਂ ਨੂੰ ਸਿੱਖਿਆ ਦੇ ਨਾਲ-ਨਾਲ ਉਦਮਤਾ ਵਿਸ਼ਾ ਵੀ ਪੜ੍ਹਾਇਆ ਜਾਵੇਗਾ। ਇੰਨਾ ਹੀ ਨਹੀਂ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਨ੍ਹਾਂ ਲਈ ਇੰਟਰਨਸ਼ਿਪ ਕਰਨਾ ਵੀ ਲਾਜ਼ਮੀ ਹੋਵੇਗਾ। ਇਸ ਤਰ੍ਹਾਂ ਦੀ ਸਿੱਖਿਆ ਪ੍ਰਾਪਤ ਕਰਕੇ ਨੌਜਵਾਨ ਬੇਰੁਜ਼ਗਾਰਾਂ ਦੀ ਕਤਾਰ ਵਿੱਚ ਸ਼ਾਮਲ ਹੋਣ ਦੀ ਥਾਂ ਆਪਣੇ ਆਪ ਨੂੰ ਰੁਜ਼ਗਾਰ ਦੇ ਯੋਗ ਬਣਾਉਣਗੇ। ਉਹ ਅੱਜ ਬਾਬੈਨ ਸਥਿਤ ਸੰਜੇ ਗਾਂਧੀ ਓਮ ਪ੍ਰਕਾਸ਼ ਗਰਗ ਮੈਮੋਰੀਅਲ ਸਕੂਲ ਵਿੱਚ ਸਾਲਾਨਾ ਇਨਾਮ ਵੰਡ ਸਮਾਰੋਹ ਵਿਚ ਬਤੌਰ ਮੁੱਖ ਮਹਿਮਾਨ ਸੰਬੋਧਨ ਕਰ ਰਹੇ ਸਨ। ਇਸ ਤੋਂ ਪਹਿਲਾਂ ਸਿੱਖਿਆ ਮੰਤਰੀ ਤੇ ਸਕੂਲ ਦੇ ਪ੍ਰਧਾਨ ਪਵਨ ਗਰਗ ਨੇ ਦੀਪ ਜਗਾ ਕੇ ਪ੍ਰੋਗਰਾਮ ਦਾ ਉਦਘਾਟਨ ਕੀਤਾ। ਇਸ ਦੌਰਾਨ ਉਨ੍ਹਾਂ ਨੇ ਸਕੂਲ ਵਿਚ ਬਣਨ ਵਾਲੀ ਲੈਬਾਰਟਰੀ ਦਾ ਨੀਂਹ ਪੱਥਰ ਰੱਖਿਆ ਤੇ ਪੌਦਾ ਵੀ ਲਾਇਆ। ਉਨ੍ਹਾਂ ਨੇ ਵਿਦਿਆਰਥੀਆਂ ਵਲੋਂ ਲਗਾਈ ਵਿਗਿਆਨ ਪ੍ਰਦਰਸ਼ਨੀ ਦਾ ਮੁਆਇਨਾ ਵੀ ਕੀਤਾ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੇ ਸਭ ਤੋਂ ਪਹਿਲਾਂ ਸਵੈ ਰੁਜ਼ਗਾਰ ਨੀਤੀ ਲਿਆ ਕੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਤੋਂ ਬਾਹਰ ਕੱਢਣ ਦਾ ਪ੍ਰਬੰਧ ਕੀਤਾ ਤੇ ਨਾਲ ਹੀ ਨਵੀਂ ਸਿੱਖਿਆ ਨੀਤੀ ਬਣਾ ਕੇ ਇਸ ਦੇ ਅੰਦਰ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਕੰਮ ਕੀਤਾ। ਉਨ੍ਹਾਂ ਕਿਹਾ ਕਿ ਅਧਿਆਪਕਾਂ ਨੂੰ ਅੱਜ ਦੀਆਂ ਲੋੜਾਂ ਅਨੁਸਾਰ ਸਿੱਖਿਆ ਦੇਣੀ ਹੋਵੇਗੀ। ਸਕੂਲ ਵਿੱਚ ਕਰਵਾਏ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਬੱਚਿਆਂ ਨੇ ਹਰਿਆਣਵੀ, ਪੰਜਾਬੀ, ਤੇ ਦੇਸ਼ ਭਗਤੀ ਦੇ ਗੀਤਾਂ ਦੀ ਪੇਸ਼ਕਾਰੀ ਦਿੱਤੀ। ਇਸ ਤੋਂ ਇਲਾਵਾ ਮੋਬਾਈਲ ਦੇ ਮਾੜੇ ਪ੍ਰਭਾਵ ਬਾਰੇ ਨੁੱਕੜ ਨਾਟਕ ਖੇਡਿਆ ਗਿਆ। ਸੰਸਥਾ ਦੇ ਪ੍ਰਧਾਨ ਪਵਨ ਗਰਗ ਨੇ ਸੰਸਥਾ ਦੀਆਂ ਗਤੀਵਿਧੀਆਂ 'ਤੇ ਚਾਨਣਾ ਪਾਇਆ। ਇਸ ਮੌਕੇ ਸਰਪੰਚ ਸੰਜੀਵ ਸਿੰਗਲਾ, ਭਾਜਪਾ ਆਗੂ ਸੁਭਾਸ਼ ਕਲਸਾਣਾ, ਮਨਦੀਪ ਸਿੰਘ, ਰੋਹਿਤ ਗਰਗ, ਹਰਪ੍ਰੀਤ ਸਿੰਘ ਚੀਮਾ ਮੌਜੂਦ ਸਨ।

# ਕੁੱਟਮਾਰ: ਮੁਲਜ਼ਮ ਨੂੰ ਤਫਤੀਸ਼ ਵਿੱਚ ਕੀਤਾ ਸ਼ਾਮਲ

ਰਤੀਆ, 3 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਉਪ ਪੁਲੀਸ ਕਪਤਾਨ ਸੰਜੇ ਬਿਸ਼ਨੋਈ ਦੀ ਅਗਵਾਈ ਹੇਠ ਰਤੀਆ ਪੁਲੀਸ ਨੇ ਨੌਜਵਾਨ ਨਾਲ ਕੁੱਟਮਾਰ ਕਰਨ ਦੇ ਮਾਮਲੇ ਵਿਚ ਕਾਰਵਾਈ ਕਰਦੇ ਹੋਏ ਇਕ ਮੁਲਜ਼ਮ ਨੂੰ ਸ਼ਾਮਲ ਤਫਤੀਸ਼ ਕੀਤਾ ਹੈ। ਮੁਲਜ਼ਮ ਦੀ ਪਛਾਣ ਪ੍ਰਗਟ ਸਿੰਘ ਵਾਸੀ ਢਾਣੀ ਦਾਦੂਪੁਰ ਵਜੋਂ ਹੋਈ। ਥਾਣਾ ਸਦਰ ਰਤੀਆ ਇੰਚਾਰਜ ਰਾਜਬੀਰ ਸਿੰਘ ਨੇ ਦੱਸਿਆ ਕਿ ਇਸ ਬਾਰੇ ਪੁਲੀਸ ਨੂੰ 18 ਅਪਰੈਲ ਨੂੰ ਪਿੰਡ ਦਾਦੂਪੁਰ ਵਾਸੀ ਵਿਨੋਦ ਕੁਮਾਰ ਦੀ ਸ਼ਿਕਾਇਤ 'ਤੇ ਕੇਸ ਦਰਜ ਕੀਤਾ ਗਿਆ ਸੀ। ਸ਼ਿਕਾਇਤਕਰਤਾ ਅਨੁਸਾਰ ਉਹ ਬਿਜਲੀ ਫਿਟਿੰਗ ਦਾ ਕੰਮ ਕਰਦਾ ਹੈ ਅਤੇ ਕੰਮ ਲਈ ਪਿੰਡ ਦੇ ਸੁੰਦਰ ਲਾਲ ਦੇ ਘਰ ਗਿਆ ਸੀ। ਉਥੇ ਰਾਜ ਮਿਸਤਰੀ ਨੇ ਉਸ ਨੂੰ ਦੇਖ ਕੇ ਕਿਹਾ ਕਿ ਇਸ ਨੂੰ ਕੁੱਝ ਕੰਮ ਨਹੀਂ ਆਉਂਦਾ ਅਤੇ ਉਨ੍ਹਾਂ ਨਾਲ ਗਾਲੀ ਗਲੋਚ ਕਰਨ ਲੱਗਾ। ਜਦੋਂ ਉਸ ਨੇ ਮਨ੍ਹਾਂ ਕੀਤਾ ਤਾਂ ਪ੍ਰਗਟ ਸਿੰਘ ਨੇ ਗੁੱਸੇ ਵਿਚ ਆ ਕੇ ਲੱਕੜ ਦੀ ਫੱਟੀ ਨਾਲ ਹਮਲਾ ਕਰਕੇ ਜਖ਼ਮੀ ਕਰ ਦਿੱਤਾ ਅਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ।

# ਰਾਜਧਾਨੀ ਵਿੱਚ ਸਕੂਲ ਫੀਸ ਨਿਯਮਤ ਕਰਨ ਬਾਰੇ ਬਿੱਲ ਮਨਜ਼ੂਰ



ਨਵੀਂ ਦਿੱਲੀ, 3 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਦਿੱਲੀ ਦੇ ਮੰਤਰੀ ਮੰਡਲ ਨੇ ਕੌਮੀ ਰਾਜਧਾਨੀ ਦੇ ਨਿੱਜੀ ਅਤੇ ਸਰਕਾਰੀ ਸਕੂਲਾਂ ਵਿਚ ਫੀਸ ਨਿਯਮਿਤ ਕਰਨ ਵਾਲੇ ਬਿੱਲ ਨੂੰ ਅੱਜ ਮੰਨਜ਼ੂਰੀ ਦੇ ਦਿੱਤੀ ਹੈ। ਇਸ ਫੈਸਲੇ ਨਾਲ ਹਰ ਸਾਲ ਮਨਮਰਜ਼ੀ ਨਾਲ ਫੀਸ ਵਧਾਉਣ ਦਾ ਮੁੱਦਾ ਚੁੱਕਣ ਵਾਲੇ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਸਰਕਾਰ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਵਾਲੇ ਸਕੂਲਾਂ 'ਤੇ ਇੱਕ ਲੱਖ ਰੁਪਏ ਤੋਂ ਲੈ ਕੇ ਦਸ ਲੱਖ ਰੁਪਏ ਤੱਕ ਦਾ ਜ਼ੁਰਮਾਨਾ ਲਗਾਇਆ ਜਾਵੇਗਾ।

ਇਸ ਮੌਕੇ ਸਿੱਖਿਆ ਮੰਤਰੀ ਆਸ਼ੀਸ਼ ਸੂਦ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਇਸ ਸਬੰਧੀ ਕਈ ਸ਼ਿਕਾਇਤਾਂ ਆਈਆਂ ਸਨ। ਉਨ੍ਹਾਂ ਕਿਹਾ ਕਿ ਦਿੱਲੀ ਦੀਆਂ ਪਿਛਲੀਆਂ ਸਰਕਾਰਾਂ ਨੇ ਫੀਸ ਵਾਧੇ ਨੂੰ ਰੋਕਣ ਲਈ ਕੋਈ ਕਦਮ ਨਹੀਂ ਚੁੱਕਿਆ। ਨਿੱਜੀ ਸਕੂਲਾਂ ਵੱਲੋਂ ਫੀਸ ਵਧਾਉਣ ਤੋਂ ਰੋਕਣ ਲਈ ਸਰਕਾਰਾਂ ਨੇ ਕੋਈ ਦਿਸ਼ਾ ਨਿਰਦੇਸ਼ ਜਾਰੀ ਨਹੀਂ ਕੀਤੇ। ਸੂਦ ਨੇ ਕਿਹਾ ਕਿ ਇਸ ਬਿੱਲ ਸਬੰਧੀ ਸਕੂਲ, ਜ਼ਿਲ੍ਹਾ ਅਤੇ ਸੂਬਾ ਪੱਧਰੀ ਤਿੰਨ ਮੈਂਬਰੀ ਸਮਿਤੀਆਂ ਦੇ ਗਠਨ ਕਰਨ ਦੀ ਯੋਜਨਾ ਹੈ।

ਉਨ੍ਹਾਂ ਕਿਹਾ ਕਿ ਪੂਰੀ ਪ੍ਰਕਿਰਿਆ ਸਮਾਂਬੱਧ ਹੋਵੇਗੀ ਤਾਂ ਜੋ ਕਿਸੇ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਇਸ ਸਮਿਤੀ ਵਿੱਚ ਸਕੂਲ ਪ੍ਰਬੰਧਨ ਦੇ ਮੁਖੀ, ਮੈਂਬਰ ਦੇ ਰੂਪ ਵਿੱਚ ਪ੍ਰਿੰਸੀਪਲ, ਤਿੰਨ ਅਧਿਆਪਕ ਅਤੇ ਪੰਜ ਮਾਹਿਰ ਸ਼ਾਮਲ ਹੋਣਗੇ। ਇਨ੍ਹਾਂ ਵਿੱਚ ਐੱਸਸੀ, ਐੱਸਟੀ ਜਨ ਜਾਤੀ ਵਿੱਚੋਂ ਦੋ ਔਰਤਾਂ ਸ਼ਾਮਲ ਹੋਣਗੀਆਂ। ਸੂਦ ਨੇ ਕਿਹਾ ਕਿ ਸਕੂਲ ਹੁਣ ਮਨਮਰਜ਼ੀ ਢੰਗ ਨਾਲ ਫੀਸ ਨਹੀਂ ਵਧਾ ਸਕਣਗੇ ਅਤੇ ਕੋਈ ਵੀ ਵਾਧਾ ਤਿੰਨ ਸਾਲ ਵਿੱਚ ਇੱਕ ਵਾਰੀ ਹੋਵੇਗਾ, ਉਹ ਵੀ ਸਮਿਤੀ ਦੀ ਮੰਨਜ਼ੂਰੀ ਤੋਂ ਬਾਅਦ। ਉਨ੍ਹਾਂ ਕਿਹਾ ਕਿ ਇਹ ਸਕੂਲ ਪੱਧਰੀ ਸਮਿਤੀਆਂ 31 ਜੁਲਾਈ ਤੱਕ ਬਣ ਜਾਣਗੀਆਂ ਅਤੇ 30 ਦਿਨਾਂ ਵਿੱਚ ਆਪਣੀ ਰਿਪੋਰਟ ਦੇਣਗੀਆਂ।

# ਪ੍ਰਾਚੀਨ ਧਾਰਮਿਕ ਸਥਾਨ ਡੇਰਾ ਬਾਬਾ ਭਗਵੰਤ ਨਾਥ ਵਿਖੇ ਮੂਰਤੀ ਸਥਾਪਨਾ ਸਮਾਰੋਹ ਸ਼ੁਰੂ



ਸੰਗਰੂਰ, 3 ਮਈ/ਜੋਗਿੰਦਰ
-ਕੌਮੀ ਪੱਤ੍ਰਿਕਾ ਬਿਊਰੋ-
ਪ੍ਰਾਚੀਨ ਧਾਰਮਿਕ ਸਥਾਨ ਡੇਰਾ ਬਾਬਾ ਭਗਵੰਤ ਨਾਥ ਨੇੜੇ ਰੋਜ਼ ਗਾਰਡਨ ਮਹੱਲਾ ਭਾਈ ਕਾ ਸੁਨਾਮ ਵਿਖੇ ਮੂਰਤੀ ਸਥਾਪਨਾ ਸਮਾਰੋਹ ਸ਼ੁਰੂ ਕੀਤਾ ਗਿਆ। ਜਿਸ ਵਿੱਚ ਰਾਧਾ ਕ੍ਰਿਸ਼ਨ ਜੀ ,ਦੁਰਗਾ ਮਾਤਾ ਜੀ ,ਖਾਟੂ ਸ਼ਾਮ ਜੀ ਅਤੇ ਸ਼ਿਵ ਪਰਿਵਾਰ ਦੀਆਂ ਮੂਰਤੀਆਂ ਦੀ ਸਥਾਪਨਾ ਕੀਤੀ ਜਾ ਰਹੀ ਹੈ। ਇਹ ਸਮਾਰੋਹ 30 ਅਪ੍ਰੈਲ ਤੋਂ ਲੈ ਕੇ 4 ਮਈ ਤੱਕ ਚੱਲੇਗਾ। 30 ਅਪ੍ਰੈਲ ਨੂੰ ਕਲਸ਼ ਯਾਤਰਾ 108 ਸੁਹਾਗਣਾ ਰਾਹੀ ਬਾਬਾ ਭਗਵੰਤਨਾਥ ਤੋਂ ਚੱਲ ਕੇ ਪੀਰਾਂਵਾਲਾ ਗੇਟ ਨਵਾਂ ਬਾਜ਼ਾਰ ਹੋ ਕੇ ਬ੍ਰਹਮਸਿਰਾ ਮੰਦਰ ਪਹੁੰਚ ਜਿਥੇ ਮੰਦਰ ਕਮੇਟੀ ਨੇ ਸਾਰੇ ਸ਼ਰਧਾਲੂਆਂ ਦਾ ਭਰਮਾ ਸਵਾਗਤ ਕੀਤਾ ਤੇ ਰਾਸਤੇ ਵਿੱਚ ਖਿੱਪਲਾ ਫੈਮਿਲੀ ਵੱਲੋਂ ਸੰਗਤ ਨੂੰ ਖਾਣ ਪੀਣ ਦਾ ਸਮਾਨ ਵੀ ਦਿੱਤਾ ਗਿਆ ।ਮੂਰਤੀਆਂ ਦੀ ਪੂਜਾ ਤੇ ਮੂਲ ਮੰਤਰ ਜਾਪ 4 ਮਈ ਤੱਕ ਚੱਲੇਗਾ ਤੇ ਮੂਰਤੀਆਂ ਦੀ ਸਥਾਪਨਾ ਅਤੇ ਪ੍ਰਾਣ ਪ੍ਰਤਿਸ਼ਟਾ ਉਪਰੰਤ ਹਵਨ ਹੋਵੇਗਾ। ਜਿਸ ਤੋਂ ਬਾਅਦ ਭੰਡਾਰਾ ਅਟੁੱਟ ਵਰਤਾਇਆਂ ਜਾਵੇਗਾ। ਇਸ ਮੌਕੇ ਡੇਰਾ ਕਮੇਟੀ ਦੇ ਪ੍ਰਧਾਨ ਸੁਰਿੰਦਰ ਸਿੰਗਲਾ ਜੀ ਵਾਈਸ ਪ੍ਰੈਜੀਡੈਂਟ ਰਾਜਕੁਮਾਰ ਖਿੱਪਲਾ ਜੀ ਸੈਕਰਟਰੀ ਵਿਨੋਦ ਕੁਮਾਰ ਬੱਬੀ ਜੀ ਰਵਿੰਦਰ ਦੁੱਗਲ ਜੀ ਕੈਸ਼ੀਅਰ ਜਤਿੰਦਰ ਵਸ਼ਿਸ਼ਟ, ਭਰਤ ਭਾਰਦਵਾਜ, ਰਾਜੇਸ਼ ਖਿਪਲਾ ਮੋਗਿੰਦਰ ਸਿੰਘ, ਸੋਹਨ ਲਾਲ ਖਿਪਲਾ ਤੋਂ ਇਲਾਵਾ ਮੁਹੱਲਾ ਨਿਵਾਸੀ ਬਲਵਿੰਦਰ ਭਾਰਦਵਾਜ, ਰਵਿੰਦਰ ਭਾਰਦਵਾਜ, ਮਾਲਵਿੰਦਰ ਭਾਰਦਵਾਜ, ਪਵਨ ਕੁਮਾਰ ਸੁਪਿੰਦਰ ਭਾਰਦਵਾਜ, ਰਾਜੇਸ਼ ਕੁਮਾਰ, ਅਸ਼ੋਕ ਖਿਪਲਾ, ਕਰਨ ਵਸ਼ਿਸ਼ਟ, ਅਨੂਪ ਕਪੂਰ ਅਤੇ ਅਨੂ ਵਸਿਸਟ ਸਮੂਲੀਅਤ ਕੀਤੀ।

# ਕੈਂਟਰ ਵਿੱਚੋਂ 4 ਕਿੱਲੋ 870 ਗਰਾਮ ਚੂਰਾ ਪੋਸਤ ਬਰਾਮਦ

ਸ਼ਾਹਬਾਦ ਮਾਰਕੰਡਾ, 3 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਪੁਲੀਸ ਨੇ ਕੈਂਟਰ ਵਿੱਚ 4 ਕਿੱਲੋ 870 ਗਰਾਮ ਚੂਰਾ ਪੋਸਤ ਬਰਾਮਦ ਕਰ ਕੇ ਕੈਂਟਰ ਡਰਾਈਵਰ ਨੂੰ ਗ੍ਰਿਫ਼ਤਾ ਕੀਤਾ ਹੈ।

ਹਰਿਆਣਾ ਸਟੇਟ ਨਾਰਕੋਟਿਕਸ ਕੰਟਰੋਲ ਸੈੱਲ ਦੇ ਏਐੱਸਆਈ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਉਹ ਟੀਮ ਨਾਲ ਪਿੰਡ ਅਜਰਾਵਰ ਦੇ ਬੱਸ ਅੱਡੇ 'ਤੇ ਮੌਜੂਦ ਸਨ। ਪੁਲੀਸ ਨੂੰ ਗੁਪਤ ਸੂਚਨਾ ਮਿਲੀ ਕਿ ਪੰਜਾਬ ਤੋਂ ਕੈਂਟਰ ਚਾਲਕ ਸਾਮਾਨ ਭਰ ਕੇ ਮੱਧ ਪ੍ਰਦੇਸ਼ ਤੇ ਮਹਾਂਰਾਸ਼ਟਰ ਜਾਂਦਾ ਹੈ ਤੇ ਵਾਪਸੀ ਸਮੇਂ ਰਾਜਸਥਾਨ ਤੋਂ ਚੂਰਾ ਪੋਸਤ ਖਰੀਦ ਕੇ ਇਥੇ ਲਿਆ ਕੇ ਵੇਚਦਾ ਹੈ। ਪੁਲੀਸ ਨੇ ਇਸਮਾਈਲਾਬਾਦ ਬਾਈਪਾਸ 'ਤੇ ਪੈਂਚਰ ਦੀ ਦੁਕਾਨ ਕੋਲ ਖੜ੍ਹੇ ਕੈਂਟਰ ਦੀ ਤਲਾਸ਼ੀ ਲਈ ਤਾਂ 4 ਕਿੱਲੋ 870 ਗਰਾਮ ਚੂਰਾ ਪੋਸਤ ਬਰਾਮਦ ਹੋਇਆ। ਮੁਲਜ਼ਮ ਦੀ ਪਛਾਣ ਸੁਨੀਲ ਕੁਮਾਰ ਵਾਸੀ ਪਿੰਡ ਜੌਲਾਂ ਕਲਾਂ ਜ਼ਿਲ੍ਹਾ ਐੱਸਏਐੱਸ ਨਗਰ ਪੰਜਾਬ ਵਜੋਂ ਹੋਈ। ਪੁਲੀਸ ਨੇ ਕੇਸ ਦਰਜ ਕਰ ਲਿਆ ਹੈ।

# ਮਜ਼ਦੂਰ .ਫਾਹਾ ਲੈ ਕੇ ਖੁਦਕੁਸ਼ੀ

ਰਤੀਆ, 3 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਪਿੰਡ ਨੰਗਲ ਵਿੱਚ ਸਥਿਤ ਭਾਖੜਾ ਨਦੀ ਦੇ ਕਿਨਾਰੇ ਮਜ਼ਦੂਰ ਨੇ ਭੇਤਭਰੀ ਹਾਲਤ ਵਿੱਚ ਦਰੱਖਤ ਨਾਲ ਫਾਹਾ ਲੈ ਲਿਆ। ਮੌਕੇ 'ਤੇ ਪਹੁੰਚੀ ਪੁਲੀਸ ਟੀਮ ਨੇ ਮਜ਼ਦੂਰ ਗਿਆਨ ਚੰਦ ਦੀ ਲਾਸ਼ ਕਬਜ਼ੇ ਵਿਚ ਲੈਣ ਤੋਂ ਬਾਅਦ ਮ੍ਰਿਤਕ ਦੇ ਪਿਤਾ ਦੇ ਬਿਆਨਾਂ ਦੇ ਅਧਾਰ ਤੇ ਇਤਫਾਕੀਆ ਕਾਰਵਾਈ ਕਰਦੇ ਹੋਏ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ। ਮ੍ਰਿਤਕ ਦੇ ਪਿਤਾ ਬੀਰੂ ਰਾਮ ਵਾਸੀ ਰਤਨਗੜ੍ਹ ਨੇ ਪੁਲੀਸ ਕੋਲ ਬਿਆਨ ਦਿੰਦਿਆਂ ਦੱਸਿਆ ਕਿ ਉਸ ਦਾ ਪੁੱਤਰ ਗਿਆਨ ਚੰਦ ਵਿਆਹਿਆ ਹੋਇਆ ਸੀ ਅਤੇ ਨਜ਼ਦੀਕੀ ਪਿੰਡ ਖਾਈ ਵਿਚ ਸਥਿਤ ਭੱਠੇ 'ਤੇ ਇੱਟ ਨਿਕਾਸੀ ਦਾ ਕੰਮ ਕਰਦਾ ਸੀ। ਗਿਆਨ ਚੰਦ ਬੀਤੀ ਸ਼ਾਮ ਕਰੀਬ 7 ਵਜੇ ਕਿਸੇ ਨੂੰ ਦੱਸੇ ਬਿਨਾਂ ਹੀ ਘਰੋਂ ਚਲਾ ਗਿਆ ਸੀ ਅਤੇ ਉਨ੍ਹਾਂ ਨੂੰ ਅੱਜ ਸਵੇਰੇ ਹੀ ਪਤਾ ਲੱਗਿਆ ਕਿ ਉਸ ਦੇ ਪੁੱਤਰ ਗਿਆਨ ਚੰਦ ਨੇ ਭਾਖੜਾ ਦੀ ਪਟੜੀ 'ਤੇ ਇਕ ਦਰੱਖਤ ਨਾਲ ਆਪਣੇ ਪਰਨੇ ਨਾਲ ਫਾਹਾ ਲਗਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਕੋਈ ਵੀ ਜਾਣਕਾਰੀ ਨਹੀਂ ਹੈ ਕਿ ਉਸ ਨੇ ਕਿਹੜੇ ਕਾਰਨਾਂ ਤੋਂ ਆਤਮਹੱਤਿਆ ਕੀਤੀ ਹੈ ਅਤੇ ਉਨ੍ਹਾਂ ਨੂੰ ਕਿਸੇ ਵੀ ਹੋਰ ਵਿਅਕਤੀ 'ਤੇ ਕੋਈ ਸ਼ੱਕ ਵੀ ਨਹੀਂ ਹੈ। ਉਨ੍ਹਾਂ ਪੁਲੀਸ ਕੋਲ ਬਿਆਨ ਦਿੰਦਿਆਂ ਅਪੀਲ ਕੀਤੀ ਕਿ ਉਸ ਦੇ ਪੁੱਤਰ ਦਾ ਪੋਸਟਮਾਰਟਮ ਕਰਵਾ ਕੇ ਹੀ ਪੂਰੀ ਜਾਣਕਾਰੀ ਸਪੱਸ਼ਟ ਕੀਤੀ ਜਾਵੇ ਤਾਂ ਜੋ ਆਤਮ ਹੱਤਿਆ ਦੇ ਕਾਰਨਾਂ ਦਾ ਵੀ ਪਤਾ ਲੱਗ ਸਕੇ।

# ਬਾਬੈਨ ਅਨਾਜ ਮੰਡੀ ਵਿਚ ਪਿਆਜ਼ ਦੀ ਆਮਦ ਸ਼ੁਰੂ

ਸ਼ਾਹਬਾਦ ਮਾਰਕੰਡਾ, 3 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਬਾਬੈਨ ਅਨਾਜ ਮੰਡੀ ਵਿੱਚ ਇਸ ਸੀਜਨ ਦੇ ਪਿਆਜ਼ ਦੀ ਆਮਦ ਸ਼ੁਰੂ ਹੋ ਗਈ ਹੈ। ਮੰਡੀ ਵਿਚ ਪਿਆਜ਼ ਦਾ ਭਾਅ 800 ਰੁਪਏ ਪ੍ਰਤੀ ਕੁਇੰਟਲ ਤੋਂ ਲੈ ਕੇ 1060 ਰੁਪਏ ਪ੍ਰਤੀ ਕੁਇੰਟਲ ਚਲ ਰਿਹਾ ਹੈ। ਕਿਸਾਨ ਰਜਤ ਕੁਮਾਰ ਮਲਿਕਪੁਰ, ਸ਼ਾਮ ਲਾਲ ਇਸ਼ਰਹੇੜੀ, ਨਰਿੰਦਰ ਸਿੰਘ ਪ੍ਰਹਿਲਾਦਪੁਰ, ਸੰਦੀਪ ਚਕਚਾਨਪੁਰ, ਤਰਸੇਮ ਸਿੰਘ ਮਨਸੂਰਪੁਰ ਤੇ ਰਾਜ ਕੁਮਾਰ ਭਰੇੜੀ ਨੇ ਦੱਸਿਆ ਕਿ ਅੱਜ ਉਹ ਪਹਿਲੇ ਦਿਨ ਪਿਆਜ਼ ਲੈ ਕੇ ਮੰਡੀ ਆਏ ਹਨ ਜੋ 800 ਰੁਪਏ ਪ੍ਰਤੀ ਕੁਇੰਟਲ ਤੋਂ ਲੈ ਕੇ 1060 ਰੁਪਏ ਪ੍ਰਤੀ ਕੁਇੰਟਲ ਤਕ ਵਿਕਿਆ ਹੈ। ਕਿਸਾਨਾਂ ਨੇ ਦੱਸਿਆ ਕਿ ਇਸ ਸਾਲ ਪਿਆਜ਼ ਦੀ ਫਸਲ ਵਿਚ ਬੀਮਾਰੀ ਆ ਜਾਣ ਕਾਰਨ ਪਿਆਜ਼ ਦੀ ਫਸਲ ਵਧ ਨਹੀ ਸਕੀ ਜਿਸ ਕਰ ਕੇ ਪਿਆਜ਼ ਦਾ ਉਤਪਾਦਨ ਕਾਫੀ ਘੱਟ ਹੋਣ ਦੀ ਸੰਭਾਵਨਾ ਹੈ। ਦੂਜੇ ਪਾਸੇ ਪਿਆਜ਼ ਦਾ ਭਾਅ ਕਿਸਾਨਾਂ ਨੂੰ ਘੱਟ ਮਿਲ ਰਿਹਾ ਹੈ ਜੋ ਕਿ ਉਨ੍ਹਾਂ ਲਈ ਘਾਟੇ ਦਾ ਸੌਦਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਕਿਸਾਨਾਂ ਨੂੰ ਪਿਆਜ਼ ਦੀ ਫਸਲ 'ਤੇ ਕਾਫੀ ਮਿਹਨਤ ਤੋਂ ਇਲਾਵਾ ਮਜ਼ਦੂਰੀ ,ਖਾਦ, ਦਵਾਈਆਂ ਤੇ ਜ਼ਿਆਦਾ ਖਰਚਾ ਕਰਨਾ ਪਿਆ ਉਸ ਹਿਸਾਬ ਨਾਲ ਤਾਂ ਕਿਸਾਨਾਂ ਨੂੰ ਲਾਗਤ ਦਾ ਭਾਅ ਵੀ ਨਹੀਂ ਮਿਲ ਰਿਹਾ। ਉਨ੍ਹਾਂ ਕਿਹਾ ਕਿ ਜੇ ਇਹੀ ਹਾਲਾਤ ਰਹੇ ਤਾਂ ਆਉਣ ਵਾਲੇ ਦਿਨਾਂ ਵਿਚ ਕਿਸਾਨਾਂ ਦਾ ਪਿਆਜ਼ ਦੀ ਫਸਲ ਤੋਂ ਮੋਹ ਭੰਗ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇ ਕਿਸਾਨਾਂ ਨੂੰ ਘੱਟੋ ਘੱਟ 1500 ਰੁਪਏ ਪ੍ਰਤੀ ਕੁਇੰਟਲ ਭਾਅ ਨਹੀਂ ਮਿਲਦਾ ਤਾਂ ਕਿਸਾਨਾਂ ਨੂੰ ਪਿਆਜ਼ ਦੀ ਫਸਲ ਤੋਂ ਫਾਇਦਾ ਨਹੀਂ ਬਲਕਿ ਨੁਕਸਾਨ ਉਠਾਉਣਾ ਪਵੇਗਾ।'

# ਆਪ' ਵੱਲੋਂ ਨਾਰੰਗ ਐੱਮਸੀਡੀ ਵਿੱਚ ਵਿਰੋਧੀ ਧਿਰ ਦਾ ਆਗੂ ਨਿਯੁਕਤ

ਨਵੀਂ ਦਿੱਲੀ, 3 ਮਈ
-ਕੌਮੀ ਪੱਤ੍ਰਿਕਾ ਬਿਊਰੋ-
ਆਮ ਆਦਮੀ ਪਾਰਟੀ ਨੇ ਰਣਜੀਤ ਨਗਰ ਦੇ ਕੌਂਸਲਰ ਆਕੁੰਸ਼ ਨਾਰੰਗ ਦਿੱਲੀ ਨਗਰ ਨਿਗਮ (ਐੱਮਸੀਡੀ) ਵਿੱਚ ਵਿਰੋਧੀ ਧਿਰ ਦਾ ਆਗੂ ਨਿਯੁਕਤ ਕੀਤਾ ਹੈ। ਐੱਮਸੀਡੀ ਮੇਅਰ ਨੂੰ ਲਿਖੇ ਪੱਤਰ ਵਿੱਚ 'ਆਪ' ਦੀ ਦਿੱਲੀ ਇਕਾਈ ਦੇ ਮੁਖੀ ਸੌਰਭ ਭਾਰਦਵਾਜ ਨੇ ਲਿਖਿਆ ਕਿ ਉਨ੍ਹਾਂ ਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਵਾਰਡ ਨੰਬਰ 87 (ਰਣਜੀਤ ਨਗਰ) ਵਿੱਚ ਅੰਕੁਸ਼ ਨਾਰੰਗ ਨੂੰ ਦਿੱਲੀ ਨਗਰ ਨਿਗਮ ਵਿੱਚ ਵਿਰੋਧੀ ਧਿਰ ਦਾ ਆਗੂ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਐੱਮਸੀਡੀ ਵਿੱਚ ਭਾਜਪਾ ਦੇ ਮੁੜ ਤੋਂ ਸੱਤਾ ਵਿੱਚ ਆਉਣ ਦੇ ਕੁੱਝ ਦਿਨਾਂ ਬਾਅਦ ਹੋਈ ਹੈ। ਮੇਅਰ ਚੋਣ ਦੌਰਾਨ ਰਾਜਾ ਇਕਬਾਲ ਸਿੰਘ ਮੇਅਰ ਚੁਣੇ ਗਏ ਸਨ। ਉਨ੍ਹਾਂ ਕਾਂਗਰਸ ਉਮੀਦਵਾਰ ਮਨਦੀਪ ਸਿੰਘ ਨੂੰ 125 ਵੋਟਾਂ ਦੇ ਫਰਕ ਨਾਲ ਹਰਾਇਆ ਸੀ। 'ਆਪ' ਨੇ ਇਨ੍ਹਾਂ ਚੋਣਾਂ ਦਾ ਬਾਈਕਾਟ ਕੀਤਾ ਸੀ।

# ਮੁਸਲਮਾਨਾਂ ਵੱਲੋਂ ਪਾਕਿਸਤਾਨ ਨੂੰ ਸਬਕ ਸਿਖਾਉਣ ਦੀ ਮੰਗ




ਯਮੁਨਾਨਗਰ, 3 ਮਈ
-ਕੌਮੀ ਪੱਤ੍ਰਿਕਾ ਬਿਊਰੋ-
'ਮੁਸਲਿਮ ਵੈਲਫੇਅਰ ਸੁਸਾਇਟੀ ਸਢੌਰਾ' ਦੀ ਅਗਵਾਈ ਹੇਠ ਮਸਜਿਦ ਪ੍ਰੇਮ ਨਗਰ ਦੇ ਅਹਾਤੇ ਵਿੱਚ ਸਢੌਰਾ ਅਤੇ ਆਸ ਪਾਸ ਦੇ ਇਲਾਕਿਆਂ ਦੇ ਮੁਸਲਿਮ ਭਾਈਚਾਰੇ ਦੇ ਲੋਕਾਂ ਦੀ ਬੈਠਕ ਹੋਈ।

ਮੀਟਿੰਗ ਦਾ ਏਜੰਡਾ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਹਮਲੇ ਦੀ ਨਿੰਦਾ ਕਰਨ ਵਾਲਾ ਮਤਾ ਪਾਸ ਕਰਨਾ ਸੀ। ਮੀਟਿੰਗ ਵਿੱਚ ਮੌਜੂਦ ਸਾਰੇ ਲੋਕਾਂ ਨੇ ਇੱਕ-ਇੱਕ ਕਰਕੇ, ਦੇਸ਼ ਨੂੰ ਤੋੜਨ ਦੀ ਸਾਜ਼ਿਸ਼ ਦੇ ਹਿੱਸੇ ਵਜੋਂ ਕੀਤੇ ਗਏ ਇਸ ਹਮਲੇ ਦੀ ਨਿੰਦਾ ਕੀਤੀ ਅਤੇ ਇਸ ਲਈ ਗੁਆਂਢੀ ਦੇਸ਼ ਪਾਕਿਸਤਾਨ ਨੂੰ ਪੂਰੀ ਤਰ੍ਹਾਂ ਜ਼ਿੰਮੇਵਾਰ ਠਹਿਰਾਇਆ ਗਿਆ।

ਸਾਰੇ ਲੋਕਾਂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਇਸ ਕਸ਼ਮੀਰ ਸਮੱਸਿਆ ਦਾ ਸਥਾਈ ਹੱਲ ਲੱਭਿਆ ਜਾਵੇ ਅਤੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਅੰਤ ਵਿੱਚ ਜਾਮਾ ਮਸਜਿਦ ਦੇ ਇਮਾਮ ਹਾਫਿਜ਼ ਜੀ ਆਰਿਫ਼ ਨੇ ਸ਼ਹੀਦਾਂ ਦੀਆਂ ਆਤਮਾਵਾਂ ਦੀ ਸ਼ਾਂਤੀ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਸ ਸਦਮੇ ਨੂੰ ਸਹਿਣ ਦੀ ਤਾਕਤ ਦੇਣ ਲਈ ਪ੍ਰਾਥਨਾ ਕੀਤੀ।

ਉਨ੍ਹਾਂ ਨਾਲ ਹੀ ਦੇਸ਼ ਵਿੱਚ ਸ਼ਾਂਤੀ, ਏਕਤਾ ਅਤੇ ਭਾਈਚਾਰਾ ਬਣਾਈ ਰਖਣ ਦੀ ਅਪੀਲ ਕੀਤੀ । ਇਸ ਦੌਰਾਨ ਸਰਕਾਰ ਤੋਂ ਇਹ ਵੀ ਮੰਗ ਕੀਤੀ ਗਈ ਕਿ ਇਸ ਹਮਲੇ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ।

ਇਸ ਸੋਗ ਸਭਾ ਦੀ ਪ੍ਰਧਾਨਗੀ ਦਿਲਾਵਰ ਹੁਸੈਨ ਨੇ ਕੀਤੀ ਅਤੇ ਸਕੱਤਰ ਅਖਤਰ ਅਲੀ, ਸੇਵਾਮੁਕਤ ਬੀਈਓ, ਜਨਾਬ ਖੁਰਸ਼ੀਦ ਅਲੀ, ਭਾਈ ਸ਼ੌਕਤ ਅਲੀ, ਡਾ. ਸਲੀਮ ਜੋਹੀਆ ਨੇ ਕੀਤੀ ਜਦਕਿ ਮੰਚ ਸੰਚਾਲਨ ਨਸੀਮ ਜਾਵੇਦ ਨੇ ਕੀਤਾ। ਇਸ ਮੌਕੇ ਭਾਈ ਇਮਰਾਨ ਅਲੀ, ਭਾਈ ਸੋਨੀ, ਪਹਿਲਗਾਮ ਵਿੱਚ ਹੋਏ ਹਮਲੇ ਦੀ ਨਿੰਦਾ ਕਰਨ ਵਾਲਾ ਮਤਾ ਪਾਸ ਕਰਨਾ ਸੀ। ਮੀਟਿੰਗ ਵਿੱਚ ਮੌਜੂਦ ਸਾਰੇ ਲੋਕਾਂ ਨੇ ਇੱਕ-ਇੱਕ ਕਰਕੇ, ਦੇਸ਼ ਨੂੰ ਤੋੜਨ ਦੀ ਸਾਜ਼ਿਸ਼ ਦੇ ਹਿੱਸੇ ਵਜੋਂ ਕੀਤੇ ਗਏ ਇਸ ਹਮਲੇ ਦੀ ਨਿੰਦਾ ਕੀਤੀ ਅਤੇ ਇਸ ਲਈ ਗੁਆਂਢੀ ਦੇਸ਼ ਪਾਕਿਸਤਾਨ ਯਸਲੀਮ ਖਾਨ, ਭਾਈ ਮਹਿਬੂਬ, ਅਨਵਰ, ਸੱਦਾਮ, ਅਰਮਾਨ, ਨਸੀਮ ਅਹਿਮਦ, ਇਨਾਇਤ ਅਲੀ ਮੌਜੂਦ ਸਨ ।

# ਆਹ ਲੈ ਮਾਏ ਸਾਂਭ ਕੁੰਜੀਆਂ

ਪ੍ਰੋ. ਬੇਅੰਤ ਸਿੰਘ ਬਾਜਵਾ

ਪੰਜਾਬੀ ਵਿਰਾਸਤ ਵਿਚ ਵਿਆਹਾਂ ਮੌਕੇ ਅਨੇਕਾਂ ਹੀ ਰਸਮਾਂ ਰਿਵਾਜ ਕੀਤੇ ਜਾਂਦੇ ਹਨ। ਵਿਆਹਾਂ ਦੀਆਂ ਰਸਮਾਂ ਨਿਭਾਉਣ ਵਿਚ ਪਰਿਵਾਰ ਦੇ ਨਾਲ-ਨਾਲ ਰਿਸ਼ਤੇਦਾਰ ਅਤੇ ਸਕੇ ਸਬੰਧੀ ਆਪਣਾ ਯੋਗਦਾਨ ਪਾਉਂਦੇ ਹਨ। ਆਪਾਂ ਪਿਛਲੇ ਲੇਖਾਂ ਵਿਚ ਕਈ ਪੁਰਾਤਨ ਰਸਮਾਂ ਦੀ ਗੱਲ ਕੀਤੀ ਹੈ।

ਕੁੜੀ ਦੇ ਘਰ ਵਿਆਹ ਵਾਲੇ ਦਿਨ ਸ਼ਾਮ ਨੂੰ ਡੋਲੀ ਦੀ ਵਿਦਾਇਗੀ ਅਤੇ ਆਉਣ ਸਮੇਂ ਅਨੇਕਾਂ ਰਸਮੋ-ਰਿਵਾਜ ਕੀਤੇ ਜਾਂਦੇ ਹਨ ਅਤੇ ਲੋਕ-ਗੀਤ ਗਾਏ ਜਾਂਦੇ ਹਨ। ਡੋਲੀ ਤੁਰਨ ਤੋਂ ਪਹਿਲਾਂ ਕੁੜੀ ਵੱਲੋਂ ਘਰ ਵਧਾਉਣ ਦੀ ਰਸਮ ਕਰਵਾਈ ਜਾਂਦੀ ਹੈ। ਇਸ ਰਸਮ ਵਿਚ ਵਿਆਹੁਲੀ ਕੁੜੀ ਡੋਲੀ ਵਿਚ ਬੈਠਣ ਤੋਂ ਪਹਿਲਾਂ ਤੁਰੀ ਜਾਂਦੀ ਇਕ ਥਾਲ਼ੀ ਵਿੱਚੋਂ ਜਿਸ ਵਿਚ ਮੇਵੇ, ਚਾਵਲ ਅਤੇ ਜੌਂ ਰਲੇ ਹੁੰਦੇ ਹਨ ਦਾ ਬੁੱਕ ਭਰ-ਭਰ ਕੇ ਪਿਛਲੇ ਪਾਸੇ ਵੱਲ ਸੁੱਟਦੀ ਹੈ। ਇਸ ਰਸਮ ਦਾ ਭਾਵ ਪੇਕੇ ਪਰਿਵਾਰ ਦੀ ਸੁੱਖ ਮੰਗਣਾ ਅਤੇ ਉਨ੍ਹਾਂ ਦੀ ਆਰਥਿਕ ਖ਼ੁਸ਼ਹਾਲੀ ਨਾਲ ਜੁੜਿਆ ਹੋਇਆ ਹੈ। ਇਸ ਰਸਮ ਨਿਭਾਉਂਦੇ ਸਮੇਂ ਇਹ ਲੋਕ ਗੀਤ ਗਾਇਆ ਜਾਂਦਾ ਹੈ :

ਲਾਡੋ ਛੱਡ ਨੀ ਪੀੜੀ ਦਾ ਪਾਵਾ
ਸਾਡਾ ਨਹੀਂਓ ਦਾਵਾ
ਦਾਵੇ ਵਾਲੇ ਲੈ ਨੀ ਚੱਲੇ...

ਇਸੇ ਮੌਕੇ ਧੀ ਦੇ ਪੇਕੇ ਘਰ ਨਾਲ ਡੂੰਘਾ ਰਿਸ਼ਤਾ ਨਿੱਖੜ ਜਾਣ ਦਾ ਹੌਲ ਇਸ ਗੀਤ ਦੀ ਸਤਰਾਂ ਵਿੱਚੋਂ ਉਜਾਗਰ ਹੁੰਦਾ ਹੈ :

ਬਾਬਲ ਧਰਮ ਕਰੇਂਦਿਆਂ
ਮੈਨੂੰ ਰੱਖ ਲੈ ਅੱਜ ਦੀ ਰਾਤ
ਮੈਂ ਕੀਕਣ ਰੱਖਾਂ ਬੇਟੀਏ
ਤੇਰੀ ਜੰਞ ਖੜੀ ਉਦਾਸ
ਮੇਰੀ ਜੰਞ ਨੂੰ ਦੇ ਦਿਉ ਛੁੱਟੀਆਂ
ਮੇਰੇ ਕਾਹਨ ਨੂੰ ਰੱਖ ਲਓ ਰਾਤ
ਤੇਰੀ ਜੰਞ ਨਾ ਲੈਂਦੀ ਛੁੱਟੀਆਂ
ਤੇਰਾ ਕਾਹਨ ਨਾ ਰਹਿੰਦਾ ਰਾਤ...

ਇਸ ਮਾਹੌਲ ਸਬੰਧੀ ਧੀ ਵੱਲੋਂ ਲਿਆ ਗਿਆ ਇਕ ਹੋਰ ਹੌਕਾਂ ਜਦੋਂ ਜਨਾਨੀਆਂ ਪੇਸ਼ ਕਰਦੀਆਂ ਤਾਂ ਉਦਾਸੀ ਦੇ ਰੰਗ ਹੋਰ ਗੂੜ੍ਹੇ ਹੋ ਜਾਂਦੇ ਹਨ :

ਤੇਰੇ ਮਹਿਲਾਂ ਦੇ ਵਿੱਚੋਂ ਵੇ
ਬਾਬਲ ਡੋਲਾ ਨਹੀਂਓ ਲੰਘਦਾ
ਇਕ ਇੱਟ ਪੁਟਾ ਦੇਵਾਂ
ਧੀਏ ਘਰ ਜਾ ਆਪਣੇ
ਤੇਰੇ ਬਾਗ਼ਾਂ ਦੇ ਵਿਚ ਵਿਚ ਵੇ
ਬਾਬਲ ਡੋਲਾ ਨਹੀਂਓ ਲੰਘਦਾ
ਮੈਂ ਟਾਹਣ ਕਟਾ ਦੇਵਾਂ
ਧੀਏ ਘਰ ਜਾ ਆਪਣੇ
ਤੇਰੇ ਮਹਿਲਾਂ ਦੇ ਵਿਚ-ਵਿਚ ਵੇ
ਬਾਬਲ ਗੁੱਡੀਆਂ ਕੌਣ ਖੇਡੂ?
ਮੇਰੀਆਂ ਖੇਡਣ ਪੋਤਰੀਆਂ
ਧੀਏ ਘਰ ਜਾ ਆਪਣੇ...

ਇਸ ਸਮੇਂ ਅਜਿਹਾ ਪ੍ਰਭਾਵ ਸਿਰਜਿਆ ਜਾਂਦਾ ਹੈ ਜਿਵੇਂ ਧੀ ਦੇ ਰੁਕਣ ਦੇ ਸਭ ਵਸੀਲੇ ਫ਼ੇਲ੍ਹ ਹੋ ਗਏ ਹੋਣ ਤੇ ਸਹੁਰੇ ਘਰ ਜਾਣਾ ਤੈਅ ਹੋ ਗਿਆ ਹੋਵੇ। ਅਜਿਹੇ ਵੇਲੇ ਗੀਤ ਦੀਆਂ ਇਹ ਸਤਰਾਂ ਜ਼ੁਬਾਨ 'ਤੇ ਆਉਂਦੀਆਂ ਹਨ :

**ਰੋਂਦੀ ਕੁਰਲਾਉਂਦੀ ਧੀ ਨੂੰ ਉਸ ਦਾ ਭਰਾ ਤੇ ਮਾਮਾ ਡੋਲੀ 'ਚ ਬਿਠਾ ਦਿੰਦੇ ਹਨ। ਇਸ ਸਮੇਂ ਧੀ ਮਾਂ ਨੂੰ ਘਰ ਦੀਆਂ ਚਾਬੀਆਂ ਸੌਂਪਦੀ ਹੈ। ਮਾਂ ਪਿਉ ਤੋਂ ਬਿਨਾਂ ਹੋਰ ਰਿਸ਼ਤੇਦਾਰ ਉਸ ਨੂੰ ਸ਼ਗਨ ਦਿੰਦੇ ਹਨ...**

ਬੋਲ ਨੀ ਮੇਰੀਏ ਥਣ-ਤਣ ਕੋਇਲੇ
ਦੇਸ਼ ਬਿਗਾਨੜੇ ਕਿਉਂ ਚੱਲੀ ਆ?
ਇਕ ਵਚਨ ਮੇਰੇ ਬਾਬਲ ਕੀਤਾ
ਵਚਨ ਪੁਗਾਵਣ ਮੈਂ ਚੱਲੀ ਆ
ਮਾਤਾ ਮੇਰੀ ਨੇ ਦਾਜ ਬਣਾਇਆ
ਦਾਜ ਪੁਚਾਵਣ ਮੈਂ ਚੱਲੀ ਆ..

ਇਸ ਦੇ ਨਾਲ ਹੀ ਇਹ ਬੋਲ ਵੀ ਗੂੰਜਦੇ ਹਨ :

ਕਿੱਥੇ ਨੀ ਬੀਬੀ ਤੇਰਾ ਤੇਰਾ ਫੇਰਾ
ਕਿੱਥੇ ਬੈਠੀ ਆ ਪੀੜ੍ਹਾ ਡਾਹ
ਯੋਧੀ ਵੇ ਮਾਪਿਓ ਮੇਰਾ ਤੇਰਾ-ਫੇਰਾ
ਅੰਬਰਸਰ ਬੈਠੀ ਆ ਪੀੜ੍ਹਾ ਡਾਹ...

ਵਿਛੋੜੇ ਦਾ ਸੱਲ ਹਰ ਇਕ ਨੂੰ ਸੱਲਦਾ ਹੈ। ਬਾਬਲ ਵੀ ਮਨ ਦੀ ਕੁੜੀ ਨੂੰ ਤੋਰਨ ਲੱਗਾ ਬੁੱਕ-ਬੁੱਕ ਹੰਝੂ ਕੇਰਦਾ ਹੈ। ਉਸ ਦਾ ਵੀਰਾ ਵੀ ਉਦਾਸੀ ਵਿਚ ਡੁੱਬਦਾ ਹੈ। ਭਾਬੀ ਉੱਪਰ ਉਦਾਸੀ ਦਾ ਪਰਛਾਵਾਂ ਥੋੜ੍ਹਾ ਪੇਤਲਾ ਹੁੰਦਾ ਹੈ। ਉਸ ਵੇਲੇ ਹੇਠਲੀਆਂ ਸਤਰਾਂ ਬੋਲੀਆਂ ਜਾਂਦੀਆਂ ਹਨ :

ਬੀਬੀ ਦਾ ਬਾਬਲ ਇਉਂ ਰੋਵੇ
ਜਿਵੇਂ ਘਟਾ ਸਾਵਣ ਦੀ ਆਈ
ਤੁਸੀਂ ਕਿਉਂ ਰੋਂਦੇ ਹੋ ਮਾਪਿਓ
ਇਹ ਜਗ ਹੁੰਦੜੀ ਆਈ
ਬੀਬੀ ਦਾ ਵੀਰਾ ਇਉਂ ਰੋਵੈ
ਜਿਉਂ ਘਟਾ ਸਾਵਣ ਦੀ ਆਈ
ਬਾਹਰ ਰੋਵੇ ਬੀਬੀ ਦਾ ਵੀਰਾ
ਅੰਦਰ ਹੱਸੇ ਭਰਜਾਈ
ਉਦੋਂ ਤਾਂ ਰੋਵੇਂਗੀ ਭਾਬੀਏ ਨੀ
ਜਦੋਂ ਤੋਰੇਂਗੀ ਆਪਣੀ ਜਾਈ...

ਜਿਉਂ-ਜਿਉਂ ਡੋਲੀ ਦੇ ਤੁਰਨ ਦਾ ਵੇਲਾ ਆਉਂਦਾ ਹੈ ਤਾਂ ਮਾਹੌਲ ਹੋਰ ਵਧੇਰੇ ਭਾਵੁਕ ਮਈ ਹੋ ਜਾਂਦਾ ਹੈ। ਡੋਲੀ ਵੱਲ ਧੀ ਨੂੰ ਤੋਰਨ ਵੇਲੇ ਇਹ ਗੀਤ ਵੇਦਨਾ ਬਣ ਕੇ ਉੱਭਰਦੇ :

ਆ ਵੇ ਬਾਬਲਾ ਦੋ ਗੱਲਾਂ ਕਰੀਏ
ਆਈ ਵਿਛੋੜੇ ਵਾਲੀ ਰਾਤ
ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ
ਰਹਾਂ ਬਾਪ ਦੀ ਬਣ ਕੇ ਗੋਲੀ ਨੀ ਮਾਂ
ਹੰਸ ਤੁਰ ਚੱਲੇ ਅੱਖੀਆਂ ਤੋਂ ਦੂਰ
ਪਾ ਕੇ ਗੂੜ੍ਹਾ ਪਿਆਰ ਬਾਬਲ
ਆਹ ਲੈ ਮਾਏ ਸਾਂਭ ਕੁੰਜੀਆਂ
ਧੀਆਂ ਕਰ ਚੱਲੀਆਂ ਸਰਦਾਰੀ...

ਧੀ ਨੂੰ ਰੋਂਦੀ ਕੁਰਲਾਉਂਦੀ ਨੂੰ ਉਸ ਦਾ ਭਰਾ ਮਾਮਾ ਡੋਲੀ ਵਾਲੀ ਕਾਰ ਵਿਚ ਬਿਠਾ ਦਿੰਦੇ ਹਨ। ਇਸ ਸਮੇਂ ਧੀ ਮਾਂ ਨੂੰ ਘਰ ਦੀਆਂ ਚਾਬੀਆਂ ਸੌਂਪਦੀ ਹੈ। ਡੋਲੀ ਵਾਲੀ ਕਾਰ ਵਿਚ ਬੈਠੇ ਧੀ ਜਵਾਈ ਦਾ ਮਾਂ ਲੱਡੂਆਂ ਨਾਲ ਮੂੰਹ ਜੁਠਾਉਂਦੀ ਹੈ ਤੇ ਮਾਂ ਪਿਉ ਤੋਂ ਬਿਨਾਂ ਹੋਰ ਨਜ਼ਦੀਕੀ ਰਿਸ਼ਤੇਦਾਰਾਂ ਵੱਲੋਂ ਪੈਸੇ ਸ਼ਗਨ ਵਜੋਂ ਦਿੱਤੇ ਜਾਂਦੇ ਹਨ। ਫਿਰ ਮਾਂ ਡੋਲੀ ਵਾਲੀ ਕਾਰ ਦੇ ਚਾਰੇ ਟਾਇਰਾਂ ਤੇ ਪਾਣੀ ਪਾਉਂਦੀ ਹੈ। ਧੀ ਨਾ ਚਾਹੁੰਦੇ ਹੋਏ ਵੀ ਬਾਬਲ ਘਰੋਂ ਵਿਦਾ ਹੋ ਜਾਂਦੀ ਹੈ। ਅਜੋਕੇ ਸਮੇਂ ਵਿਚ ਡੋਲੀ ਦੀ ਰਸਮ ਵੇਲੇ ਬਹੁਤੀਆਂ ਰਸਮਾਂ ਪੁਰਾਤਨ ਵਿਆਹਾਂ ਵਾਲੀਆਂ ਹੀ ਨਿਭਾਈਆਂ ਜਾਂਦੀਆਂ ਹਨ। ਪੰਜਾਬੀ ਲੋਕ-ਧਾਰਾ ਵਿਚ ਡੋਲੀ ਦੀ ਰਸਮ ਨੂੰ ਇੰਝ ਬਿਆਨ ਕੀਤਾ ਜਾਂਦਾ ਹੈ :

ਬਾਬਲ ਵਿਦਿਆ ਕਰੇਂਦਿਆ,
ਵੇ ਮੈਨੂੰ ਰੱਖ ਲੈ ਅੱਜ ਦੀ ਰਾਤ ਵੇ
ਮੈਨੂੰ ਰੱਖ...

ਡੋਲੀ ਤੁਰਨ ਸਮੇਂ ਵਿਦਾਇਗੀ ਦੀਆਂ ਰਸਮਾਂ ਖ਼ਤਮ ਹੋਣ ਤੋਂ ਬਾਅਦ ਕੁੜੀ ਦੇ ਭਰਾ ਡੋਲੀ ਵਾਲੀ ਕਾਰ ਨੂੰ ਧੱਕਾ ਲਾਉਂਦੇ ਹਨ ਤੇ ਡੋਲੀ ਤੁਰ ਜਾਂਦੀ ਹੈ। ਇਸ ਸਮੇਂ ਲਾੜੇ ਦਾ ਪਿਉ ਡੋਲੀ ਉੱਤੋਂ ਪੈਸੇ ਸੁੱਟਦਾ ਹੈ। ਇਸ ਰਸਮ ਨੂੰ ਕਈਆਂ ਇਲਾਕਿਆਂ ਵਿਚ ਸੋਟ ਦੀ ਰਸਮ ਵੀ ਕਿਹਾ ਜਾਂਦਾ ਹੈ। ਲੋਕ ਗੀਤਾਂ ਰਾਹੀਂ ਲੋਕ ਸਮੂਹ ਆਪਣੀਆਂ ਦੱਬੀਆਂ ਹੋਈਆਂ ਖਵਾਇਸ਼ਾਂ ਦਾ ਪ੍ਰਗਟਾਵਾ ਕਰਦੇ ਹਨ। ਪ੍ਰੋ. ਸੈਣੀ ਸਿੰਘ ਅਨੁਸਾਰ ਲੋਕਾਂ ਦੁਆਰਾ ਰਚੇ ਗਏ ਗੀਤਾਂ ਨੂੰ 'ਲੋਕ-ਗੀਤ' ਕਿਹਾ ਜਾਂਦਾ ਹੈ। ਲੇਖਕ ਦਾ ਅਗਿਆਤ ਹੋਣਾ ਇਸ ਦੀ ਮੁੱਖ ਸ਼ਰਤ ਹੈ। ਸੁਹਾਗ ਲੋਕ ਗੀਤਾਂ ਦੀ ਇਕ ਵੰਨਗੀ ਹੈ। ਇਹ ਵਿਆਹੁਲੀ ਕੁੜੀ ਦੇ ਘਰ ਗਾਏ ਜਾਂਦੇ ਹਨ। ਡਾ. ਰਾਜਵੰਤ ਕੌਰ ਪੰਜਾਬੀ ਅਨੁਸਾਰ ਵਿਦਾਇਗੀ ਦੇ ਮੌਕੇ 'ਤੇ ਜੋ ਸੁਹਾਗ ਗੀਤ ਗਾਏ ਜਾਂਦੇ ਹਨ। ਉਨ੍ਹਾਂ ਵਿਚਲੀ ਜਜ਼ਬਾਤੀ ਸੁਰ ਦਿਲਾਂ ਨੂੰ ਸਿੱਧੇ ਤੌਰ 'ਤੇ ਤਟ- ਫਟੀ ਰੂਪ ਵਿਚ ਵਧੇਰੇ ਪ੍ਰਭਾਵਿਤ ਕਰਦੀ ਹੈ। ਡੋਲੀ ਦੀ ਵਿਦਾਇਗੀ ਦੇ ਗੀਤ ਜਿੱਥੇ ਰਸਮਾਂ-ਰਿਵਾਜਾਂ ਨਾਲ ਸਬੰਧਿਤ ਹੁੰਦੇ ਹਨ। ਉੱਥੇ ਉਸ ਸਮੇਂ ਧੀ ਦੇ ਪੇਕੇ ਘਰ ਰਹਿਣ ਦੀਆਂ ਮਨੋਭਾਵਨਾ ਨੂੰ ਵੀ ਪੇਸ਼ ਕਰਦੇ ਹਨ। ਅਜੋਕੇ ਵਿਆਹਾਂ ਵਿਚ ਵੀ ਵਿਦਾਇਗੀ ਵੇਲੇ ਗੀਤ ਗਾਏ ਜਾਂਦੇ ਹਨ। ਪੁਰਾਤਨ ਸਮਿਆਂ ਵਿਚ ਕੁੜੀ ਦੀ ਡੋਲੀ ਊਠਾਂ ਜਾਂ ਗੱਡੀਆਂ ਤੇ ਜਾਂਦੀ ਸੀ ਪਰ ਅੱਜ ਆਧੁਨਿਕਤਾ ਦੇ ਯੁੱਗ ਵਿਚ ਤੇਜ਼ ਰਫ਼ਤਾਰ ਵਾਲੀਆਂ ਮਹਿੰਗੀਆਂ ਕਾਰਾਂ ਆ ਗਈਆਂ ਹਨ। ਅੱਜ ਫੋਕੀ ਸ਼ੁਹਰਤ ਦੇ ਪੱਟੇ ਪੰਜਾਬੀ ਮਹਿੰਗੀ ਤੋਂ ਮਹਿੰਗੀ ਕਿਰਾਏ ਦੀ ਕਾਰ ਲੈ ਜਾਂਦੇ ਹਨ। ਜਿਸ ਨਾਲ ਆਰਥਿਕਤਾ 'ਤੇ ਮਾੜਾ ਅਸਰ ਪੈਂਦਾ ਹੈ ਤੇ ਵਿਆਹ ਮਗਰੋਂ ਮੁੰਡੇ ਜਾਂ ਉਸ ਦੇ ਪਰਿਵਾਰ 'ਤੇ ਲੱਖਾਂ ਦਾ ਕਰਜ਼ ਹੋ ਜਾਂਦਾ ਹੈ। ਸੋ ਲੋੜ ਹੈ ਅੱਜ ਪੰਜਾਬੀ ਰੀਤੀ ਰਸਮਾਂ ਨੂੰ ਸਾਦੇ ਢੰਗ ਨਾਲ ਨਿਭਾਉਣ ਦੀ ਤਾਂ ਜੋ ਜ਼ਿੰਦਗੀ ਭਰ ਪਰਿਵਾਰ ਸੁਖੀ ਰਹੇ। •

70878-00168





ਰਾਜਿੰਦਰ ਕੌਰ ਚੋਹਕਾ



# ਰਾਣੀ ਝਾਂਸੀ ਰਜਮੈਂਟ ਦੀ ਨਾਇਕਾ
# ਡਾ. ਲਕਸ਼ਮੀ ਸਹਿਗਲ

'ਰਾਣੀ ਝਾਂਸੀ ਰਜਮੈਂਟ ਦੀ ਹੀਰੋ ਅਤੇ ਦੇਸ਼ ਦੀ ਅਜ਼ਾਦੀ ਦੀ ਲੜਾਈ ਦੀ ਦੀਵਾਨੀ ਲਕਸ਼ਮੀ ਸਹਿਗਲ ਦਾ ਜਨਮ 24-ਸਤੰਬਰ 1914 ਨੂੰ ਪਿਤਾ ਐੱਸ ਸਵਾਮੀਨਾਥਨ ਜੋ ਇਕ ਉੱਘੇ ਵਕੀਲ ਤੇ ਮਦਰਾਸ ਹਾਈ ਕੋਰਟ ਵਿਚ ਵਕੀਲ ਸਨ। ਮਾਤਾ ਏਵੀ ਅਮੂ ਕੁੱਟੀ ਜੋ ਇਕ ਸਮਾਜ ਸੇਵਕਾ, ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਮੋਹਰੀ ਭੂਮਿਕਾ ਨਿਭਾਉਣ ਵਾਲੀ ਜਿਸ ਨੂੰ ਅਮੂ ਸਵਾਮੀਨਾਥਨ ਵੀ ਕਿਹਾ ਜਾਂਦਾ ਸੀ, ਦੇ ਘਰ ਮਦਰਾਸ ਵਿਖੇ ਹੋਇਆ। ਅਮੂ ਕੁੱਟੀ ਨਈਅਰ ਪਰਿਵਾਰ ਦੇ ਇਕ ਅਮੀਰ ਘਰ ਦੀ ਧੀ ਸੀ ਅਤੇ ਪਿਤਾ ਬ੍ਰਾਹਮਣ ਪਰਿਵਾਰ 'ਚੋਂ ਸੀ। ਨਈਅਰ ਪਰਿਵਾਰ ਦੀ ਪਰੰਪਰਾ ਸੀ ਕਿ ਉਹ ਆਪਣੀਆਂ ਲੜਕੀਆਂ ਦੇ ਰਿਸ਼ਤੇ (ਕੇਰਲਾ) ਸਿਰਫ਼ ਨੰਬੂਦਰੀਆ ਵਿਚ ਹੀ ਕਰਦੇ ਸਨ (ਕੇਰਲਾ ਦੇ ਬ੍ਰਾਹਮਣਾਂ 'ਚ)। ਜਦ ਕਿ ਲਕਸ਼ਮੀ ਦੇ ਪਿਤਾ ਨੰਬੂਦਰੀ ਨਹੀਂ ਸਨ। ਉਨ੍ਹਾਂ ਨੇ ਉਸ ਬੰਧਨ ਨੂੰ ਤੋੜ ਕੇ ਵਿਆਹ ਕੀਤਾ ਤੇ ਆਪਣੀ ਪਤਨੀ ਨੂੰ ਇੰਗਲੈਂਡ ਲੈ ਗਏ। ਲਕਸ਼ਮੀ ਸਹਿਗਲ ਦਾ ਜਨਮ ਦਾ ਨਾਂ ਲਕਸ਼ਮੀ ਸਵਾਮੀਨਾਥਨ ਰੱਖਿਆ ਗਿਆ।

## ਵਹਿਮਾਂ-ਭਰਮਾਂ ਵਿੱਚੋਂ ਕੱਢਣਾ

ਲਕਸ਼ਮੀ ਪੜ੍ਹਨ-ਲਿਖਣ, ਘੋੜ ਸਵਾਰੀ ਕਰਨ, ਟੈਨਿਸ ਖੇਡਣ ਅਤੇ ਤੈਰਾਕੀ (ਤਰਨ) ਦੀ ਸ਼ੌਕੀਨ ਸੀ। ਉਹ ਛੋਟੀ ਹੁੰਦੀ ਕੇਰਲਾ ਆਪਣੇ ਨਾਨਕਿਆਂ ਦੇ ਕੋਲ ਜ਼ਿਆਦਾ ਰਹੀ। ਕੇਰਲਾ ਵਿਚ ਜਾਤੀਵਾਦ-ਛੂਆ-ਛੂਤ ਕਾਫ਼ੀ ਸੀ। ਇਸ ਜਾਤੀਵਾਦ ਅਤੇ ਦਲਿਤ ਪਰਿਵਾਰਾਂ ਨੂੰ ਵਹਿਮਾਂ-ਭਰਮਾਂ ਵਿੱਚੋਂ ਕੱਢਣ ਲਈ ਲਕਸ਼ਮੀ ਨੇ ਬਹੁਤ ਹੀ ਬੁਲੰਦ ਹੌਸਲੇ ਨਾਲ ਇਕ ਇਹੋ ਜਿਹਾ ਕਾਰਨਾਮਾ ਕਰ ਦਿਖਾਇਆ ਜਿਸ ਨੂੰ ਦੇਖ ਸਾਰੇ ਹੈਰਾਨ ਹੋ ਗਏ। ਨਾਨੀ ਦੇ ਘਰ ਲਾਗੇ, ਜੰਗਲ 'ਤੇ ਪਹਾੜੀਆਂ ਸਨ, ਉੱਥੋਂ ਰੋਜ਼ ਹੀ ਇਕ ਆਵਾਜ਼ 'ਖੰਬੂਰਾਨੇਂ' ਕਹਿ ਕੇ ਆਈ ਤਾਂ ਲਕਸ਼ਮੀ ਨੇ ਆਪਣੀ ਨਾਨੀ ਨੂੰ ਪੁਛਿਆ ਕਿ ਰੋਜ਼ ਆਵਾਜ਼ ਕਿੱਥੋਂ ਆਉਂਦੀ ਹੈ ? ਤਾਂ ! ਉਸ ਨੇ ਦੱਸਿਆ ਕਿ ਇਨ੍ਹਾਂ ਪਹਾੜੀਆਂ 'ਚ ਛੋਟੀਆਂ ਜਾਤੀਆਂ ਦੇ ਲੋਕ ਰਹਿੰਦੇ ਹਨ। ਇਨ੍ਹਾਂ ਦਾ ਪਰਛਾਵਾਂ ਲੈਣਾ ਵੀ ਮਾੜਾ ਹੈ। ਇਹ ਸਾਨੂੰ ਆਵਾਜ਼ਾਂ ਮਾਰ ਕੇ ਕੋਈ ਚੀਜ਼ ਖਾਣ ਲਈ ਮੰਗਦੇ ਹਨ ਤੇ ਅਸੀਂ ਉਹ ਚੀਜ਼ ਉਨ੍ਹਾਂ ਨੂੰ ਭੇਜ ਦਿੰਦੇ ਹਾਂ। ਇਕ ਦਿਨ ਲਕਸ਼ਮੀ ਇਕ ਕਬਾਇਲੀ ਲੜਕੀ ਦਾ ਹੱਥ ਫੜ ਕੇ ਘਰ ਲੈ ਆਈ। ਉਸ ਲੜਕੀ ਦੇ ਸਰੀਰ 'ਤੇ ਕੱਪੜੇ ਨਹੀਂ ਸਨ ਤੇ ਪਤਿਆ ਨਾਲ ਜਾਂ ਕੋਈ ਮਾਲਾ ਪਾ ਕੇ ਸਰੀਰ ਢੱਕਿਆ ਹੋਇਆ ਸੀ। ਜਦੋਂ ਲੜਕੀ ਨੇ ਨਾਨੀ ਨੂੰ ਦੇਖਿਆ ਤਾਂ ਉਹ ਉੱਚੀ-ਉੱਚੀ ਰੋਣ ਲੱਗ ਪਈ। ਲਕਸ਼ਮੀ ਨੇ ਆਪਣੀ ਨਾਨੀ ਨੂੰ ਕਿਹਾ ਕਿ ਕਿਸੇ ਨੂੰ ਫੜਨ ਨਾਲ ਜਾਂ ਛੂਹਣ ਨਾਲ ਕੋਈ ਅਪਵਿੱਤਰ ਨਹੀਂ ਹੁੰਦਾ ? ਇਹ ਵੀ ਇਨਸਾਨ ਹਨ ਹੁਣ ਸਾਨੂੰ ਇਨ੍ਹਾਂ ਨਾਲ ਮਿਲ ਕੇ ਰਹਿਣਾ ਚਾਹੀਦਾ ਹੈ! ਹੁਣ ਸਮਾਂ ਇਹੋ ਜਿਹਾ ਆ ਗਿਆ ਹੈ ਕਿ ਸਾਨੂੰ ਸਾਰਿਆਂ ਨਾਲ ਮਿਲ ਵਰਤੋਂ ਕਰ ਕੇ ਇੱਕਠੇ ਰਹਿਣਾ ਚਾਹੀਦਾ ਹੈ? ਲਕਸ਼ਮੀ ਨੇ ਪਹਿਲੀ ਬਗ਼ਾਵਤ ਜਾਤ-ਪਾਤ ਤੇ ਛੂਆ-ਛੂਤ ਵਿਰੁੱਧ ਕੀਤੀ। ਲਕਸ਼ਮੀ ਨੇ ਪਹਿਲੀ ਪੜ੍ਹਾਈ 'ਚਰਚ ਪਾਰਕ ਕੌਨਵੈਂਟ ਸਕੂਲ ਮਦਰਾਸ ਤੋਂ ਪੂਰੀ ਕਰ ਕੇ ਹਾਈ ਸਕੂਲ ਦੀ ਪੜ੍ਹਾਈ ਤੋਂ ਬਾਅਦ ਡਾਕਟਰੀ (ਐੱਮਬੀਬੀਐੱਸ) ਦੀ ਪੜ੍ਹਾਈ ਮੈਡੀਕਲ ਕਾਲਜ ਮਦਰਾਸ ਤੋਂ 1938 'ਚ ਪੂਰੀ ਕੀਤੀ।

## ਪਾਇਲਟ ਨਾਲ ਵਿਆਹ

1938 'ਚ ਮੈਡੀਕਲ ਦੀ ਪੜ੍ਹਾਈ ਕਰਦਿਆਂ ਹੀ ਲਕਸ਼ਮੀ ਨੇ ਇਕ ਪਾਇਲਟ ਨਾਲ ਵਿਆਹ ਕਰ ਲਿਆ। ਪਰ ਉਸ ਨੇ ਜਲਦੀ ਹੀ ਮਹਿਸੂਸ ਕੀਤਾ ਕਿ ਇਹ ਬਹੁਤ ਵੱਡੀ ਭੁੱਲ ਹੋਈ ਹੈ ਕਿਉਂਕਿ ਸਾਡੇ ਵਿਚਾਰ ਇਕ ਦੂਸਰੇ ਨਾਲ ਨਹੀਂ ਮਿਲਦੇ, ਦੂਸਰਾ ਉਹ ਮੈਨੂੰ ਆਪਣੇ ਅਧੀਨ ਹੀ ਰੱਖਣਾ ਚਾਹੁੰਦਾ ਹੈ। ਇਹ ਸ਼ਾਦੀ ਸਿਰਫ਼ ਦੋ ਸਾਲ ਹੀ ਨਿਭੀ ! 1938 'ਚ ਲਕਸ਼ਮੀ ਉਸ ਨਾਲ ਸਿੰਘਾਪੁਰ ਚਲੀ ਗਈ, ਅੰਗਰੇਜ਼ੀ ਸੈਨਾ ਵਿਚ ਇਸਤਰੀ ਡਾਕਟਰਾਂ ਦੀ ਜ਼ਬਰ-ਦਸਤੀ ਭਰਤੀ ਕੀਤੀ ਜਾ ਰਹੀ ਸੀ ਤੇ ਉਹ ਆਪਣੇ ਵਿਆਹ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਸੀ। ਲਕਸ਼ਮੀ ਨੇ ਮਦਰਾਸ ਤੋਂ ਮੈਡੀਕਲ ਦੀ ਡਿਗਰੀ ਲੈ ਕੇ 1940 'ਚ ਸਿੰਘਾਪੁਰ ਪਹੁੰਚ ਕੇ ਇਕ ਡਾਕਟਰ ਦੇ ਹਸਪਤਾਲ ਵਿਚ ਜੋ ਕੇਰਲਾ ਦਾ ਹੀ ਸੀ, ਨੌਕਰੀ ਕਰ ਲਈ। ਲਕਸ਼ਮੀ ਜਦੋਂ ਸਿੰਘਾਪੁਰ ਗਈ ਤਾਂ ਉਹ 26 ਸਾਲ ਦੀ ਸੀ। ਇਸ ਤੋਂ ਪਹਿਲਾ 1925 ਵਿਚ ਜਦੋਂ ਉਹ 14 ਸਾਲ ਦੀ ਸੀ ਤਾਂ ਪਹਿਲੀ ਵਾਰ ਸੁਭਾਸ਼ ਚੰਦਰ ਬੋਸ ਨੂੰ ਕਲਕੱਤੇ ਕਾਂਗਰਸ ਸੈਸ਼ਨ ਦੇ ਸਮੇਂ ਦੇਖਿਆ ਸੀ।

## ਟਰੇਨਿੰਗ ਕੈਂਪ

ਸਿੰਘਾਪੁਰ ਆ ਕੇ ਲਕਸ਼ਮੀ ਨੇ ਜਰਮਨੀ ਤੋਂ ਕੱਲਕੱਤੇ ਪਾਣੀ ਵਾਲੇ ਜਹਾਜ਼ ਵਿਚ ਸੁਭਾਸ਼ ਚੰਦਰ ਬੋਸ ਦਾ ਬੱਚ ਕੇ ਜਾਣਾ ਸੁਣਿਆ! ਦਸੰਬਰ 1941 'ਚ ਜਪਾਨੀਆਂ ਨੇ ਸਿੰਘਾਪੁਰ 'ਤੇ ਹਮਲਾ ਕਰ ਦਿੱਤਾ। ਸਿੰਘਾਪੁਰ ਵਿਚ ਸੁਭਾਸ਼ ਚੰਦਰ ਬੋਸ ਵੱਲੋਂ ਆਈਐੱਨਏ ਦਾ ਗਠਨ ਕੀਤਾ ਜਾ ਰਿਹਾ ਸੀ ! ਬੋਸ ਨੇ ਆਈਐੱਨਏ ਵਿਚ ਸ਼ਾਮਿਲ ਹੋਣ ਲਈ ਜੋ 18 ਤੋਂ 25 ਸਾਲ ਦੇ ਨੌਜਵਾਨ ਸਨ, ਨੂੰ ਅਪੀਲ ਕੀਤੀ। ਬਹੁਤ ਸਾਰੇ ਨੌਜਵਾਨ ਆਈਐੱਨਏ ਵਿਚ ਭਰਤੀ ਹੋਣੇ ਸ਼ੁਰੂ ਹੋ ਗਏ ਤਾਂ ਉਨ੍ਹਾਂ ਨੂੰ ਟਰੇਨਿੰਗ ਕੈਂਪਾਂ ਵਿਚ ਭੇਜ ਦਿੱਤਾ ਗਿਆ। ਲਕਸ਼ਮੀ ਸਹਿਗਲ ਨੇ ਸੁਭਾਸ਼ ਚੰਦਰ ਬੋਸ ਨੂੰ ਆਈਐੱਨਏ ਵਿਚ ਸਪੈਸ਼ਲ ਪੋਸਟ 'ਤੇ ਰੱਖਣ ਦੀ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਰਾਣੀ ਝਾਂਸੀ ਰਜਮੈਂਟ ਦੀ ਅਗਵਾਈ ਕਰਨ ਦੀ ਆਗਿਆ ਦਿੱਤੀ।

## ਮੈਡੀਕਲ ਦੀ ਦੁਕਾਨ

ਅਗਸਤ 1945-ਵਿਚ ਹੀ ਸੁਭਾਸ਼ ਚੰਦਰ ਬੋਸ ਹਵਾਈ ਜਹਾਜ਼ ਵਿਚ ਜਦੋਂ ਟੋਕੀਓ ਜਾ ਰਹੇ ਸੀ ਤਾਂ ਜਹਾਜ਼ ਦੇ ਕਰੈਸ਼ ਹੋ ਜਾਣ ਕਾਰਨ ਉਹ ਮਾਰੇ ਗਏ ! ਮਈ-ਅਗਸਤ 'ਚ ਲਕਸ਼ਮੀ ਨੂੰ ਅੰਗਰੇਜ਼ਾਂ ਨੇ ਫੜ ਲਿਆ ਤੇ ਉਸ ਨੂੰ ਰੰਗੂਨ ਵਿਖੇ ਲੈ ਗਏ। ਇੱਥੇ ਉਸ ਨੂੰ ਘਰ ਵਿਚ ਨਜ਼ਰ ਬੰਦ ਕਰ ਦਿੱਤਾ। ਇਕ ਸਿੱਖ ਪਰਿਵਾਰ ਜੋ ਆਈਐੱਨਏ ਦਾ ਸੀ ਦੇ ਘਰ ਹੀ ਡਾ ਲਕਸ਼ਮੀ ਨੇ ਮੈਡੀਕਲ ਦੀ ਦੁਕਾਨ 'ਤੇ ਹੀ ਮਰੀਜ਼ਾਂ ਨੂੰ ਦੇਖਣਾ ਸ਼ੁਰੂ ਕਰ ਦਿੱਤਾ। ਫਿਰ ਉਸ ਨੂੰ ਬਰਮਾਂ ਲਿਜਾ ਕੇ ਅਕਤੂਬਰ 1945 ਤੋਂ ਮਾਰਚ 1946 ਤਕ ਘਰ ਨਜ਼ਰਬੰਦ ਕਰ ਦਿੱਤਾ। ਦਿੱਲੀ ਵਿਖੇ ਆਈਐੱਨਏ ਦੇ ਮੁਕੱਦਮੇ ਚੱਲ ਰਹੇ ਸਨ।

## ਇਸਤਰੀਆਂ ਦੀ ਆਜ਼ਾਦੀ

1971 'ਚ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਮੈਂਬਰ ਬਣੀ ਤੇ ਅੰਤ ਤੱਕ ਲਾਲ ਝੰਡਾ ਚੁੱਕੀ ਰੱਖਿਆ। ਉਹ ਆਲ ਇੰਡੀਆਂ ਡੈਮੋਕਰੇਟਿਕ ਵੋਮੈਨ ਐਸੋਸੀਏਸ਼ਨ ਦੀ ਪਹਿਲੀ ਕਨਵੈਨਸ਼ਨ ਜੋ ਮਦਰਾਸ ਵਿਖੇ 11-12 ਮਾਰਚ 1981 ਨੂੰ ਹੋਈ, 'ਦੇ ਮੋਢੀ ਮੈਂਬਰਾਂ ਵਿਚ ਇਕ ਸਨ। 1981 ਤੋਂ ਬਾਅਦ 2000 ਤਕ ਸਾਰੀਆਂ ਹੀ ਆਲ ਇੰਡੀਆ ਲੈਵਲ ਦੀਆਂ ਕਾਨਫਰੰਸਾਂ 'ਚ 'ਇਸਤਰੀਆਂ ਦੀ ਆਜ਼ਾਦੀ ਦਾ ਪਰਚਮ' ਚੁੱਕੀ ਰੱਖਿਆ।

## ਸੰਘਰਸ਼ ਵਿਚ ਮੋਹਰੀ

ਇਸਤਰੀਆਂ ਦੀ ਮੁਕਤੀ, ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਸੰਘਰਸ਼ ਵਿਚ ਮੋਹਰੀ ਰੋਲ ਅਦਾ ਕੀਤਾ। ਲਕਸ਼ਮੀ ਸਹਿਗਲ 'ਰਾਣੀ ਝਾਂਸੀ ਰਜਮੈਂਟ ਦੀ ਕੈਪਟਨ, (ਐਡਵਾ) ਆਲ ਇੰਡੀਆ ਡੈਮੋਕਰੇਟਿਕ ਵੋਮੈਨ ਐਸੋਸ਼ੀਏਸ਼ਨ ਦੀ ਲੰਬੀ ਸਮਾਂ ਉਪ-ਪ੍ਰਧਾਨ ਰਹੀ। ਗ਼ਰੀਬਾਂ ਦੀ ਮਸੀਹਾ 23-ਜੁਲਾਈ 2012, ਨੂੰ ਸਦੀਵੀ ਵਿਛੋੜਾ ਦੇ ਗਈ। ਉਨ੍ਹਾਂ ਦੀਆਂ ਦੋ ਬੇਟੀਆਂ ਹਨ, ਉਨ੍ਹਾਂ ਦੀ ਵੱਡੀ ਬੇਟੀ ਸੁਭਾਸ਼ਨੀ ਅਲੀ, ਲੰਮਾਂ ਸਮਾਂ (ਐਡਵਾ) ਦੀ ਪ੍ਰਧਾਨ ਅਤੇ ਹੁਣ ਮੀਤ ਪ੍ਰਧਾਨ ਹਨ। ਕਮਿਊਨਿਸਟ ਪਾਰਟੀ ਆਫ ਮਾਰਕਸਵਾਦੀ ਦੀ 'ਪੋਲਿਟ ਬਿਊਰੋ ਮੈਂਬਰ ਹੈਂ'। ਕੈਪਟਨ ਲਕਸ਼ਮੀ ਸਹਿਗਲ ਨੂੰ 1998-ਵਿਚ ਰਾਸ਼ਟਰਪਤੀ ਕੇਆਰਨਰਾਇਣਨ ਵੱਲੋਂ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ। •

98725-44738

ਗੁਰਮਾਨ ਸਿੰਘ ਸੀਤਲ

# ਮਿੱਟੀ ਨਾਲ ਮਿੱਟੀ ਹੋਣ ਦਾ ਅਨੰਦ

ਪੁਰਾਣੇ ਸਮਿਆਂ ਦੀ ਜਾਂ ਇੰਝ ਕਹਿ ਲਓ ਕਿ ਭਲੇ ਸਮਿਆਂ ਦੀ ਗੱਲ ਕਰੀਏ ਜਦੋਂ ਆਮ ਤੌਰ 'ਤੇ ਰਾਜੇ ਹੁੰਦੇ ਸਨ ਧਰਮੀ, ਪਰਜਾ ਹੁੰਦੀ ਸੀ ਭੋਲੀ ਪਰ ਅੱਜ ਦੀ ਪੜ੍ਹੀ-ਲਿਖੀ ਸੱਭਿਅਤਾ ਤੋਂ ਕਿਤੇ ਵੱਧ ਵਿਲੱਖਣਤਾ ਵਾਲੀ, ਧੀਰਜ ਵਾਲੀ, ਮਿਲਣਸਾਰ ਪਰ ਸੀ ਸੱਚ ਅਤੇ ਇਮਾਨ ਦੀ ਦੀਵਾਰ। ਇਹ ਗੱਲ ਉਨ੍ਹਾਂ ਹੀ ਸਮਿਆਂ ਦੀ ਹੈ ਕਿ ਇਕ ਧਰਮੀ ਰਾਜਾ ਜਿਸ ਦਾ ਉਦੇਸ਼ ਸੀ ਪਰਜਾ ਦਾ ਹਰ ਬਸ਼ਰ ਸੁਖੀ ਹੋਵੇ ਅਤੇ ਜੇਕਰ ਕੋਈ ਆਂਢ-ਗੁਆਂਢ ਦੇ ਰਾਜ ਵਿੱਚੋਂ ਦੁਖੀ ਆ ਜਾਵੇ, ਉਸ ਦੀ ਵੀ ਮਦਤ ਕਰਨਾ। ਉਸ ਨੇ ਰਾਜ ਵਿਚ ਢੰਡੋਰਾ ਦੁਆਇਆ ਹੋਇਆ ਸੀ ਕਿ ਜੇਕਰ ਕਿਸੇ ਦਾ ਸਾਮਾਨ ਨਾ ਵਿਕਦਾ ਹੋਵੇ ਤਾਂ ਉਹ ਖ਼ਰੀਦ ਲਿਆ ਜਾਵੇ ਤੇ ਭੁਗਤਾਨ ਸਰਕਾਰੀ ਖਜ਼ਾਨੇ ਵਿੱਚੋਂ ਕਰ ਦਿੱਤਾ ਜਾਵੇ।

## ਈਰਖਾਲੂ ਗੁਆਂਢੀ

ਇਸ ਰਾਜ ਦੀ ਇੰਨੀ ਵਡਿਆਈ ਈਰਖਾਲੂ ਗੁਆਂਢੀ ਰਾਜਿਆਂ ਤੋਂ ਬਰਦਾਸ਼ਤ ਨਾ ਹੋਈ ਅਤੇ ਉਨ੍ਹਾਂ ਨੇ ਆਪਣੀ ਮੰਦ-ਬੁੱਧੀ ਨਾਲ ਵਿਉਂਤਾਂ ਘੜਨੀਆਂ ਸ਼ੁਰੂ ਕੀਤੀਆਂ ਕਿ ਕਿਵੇਂ ਨਾ ਕਿਵੇਂ ਇਸ ਰਾਜੇ ਦੀ ਮਾਣ-ਮਰਿਆਦਾ ਨੂੰ ਭੰਗ ਕਰਵਾਇਆ ਜਾਵੇ। ਖ਼ੈਰ, ਸ਼ੈਤਾਨੀ ਦਿਮਾਗ਼ ਦੀ ਕਾਰਵਾਈ ਸ਼ੁਰੂ ਹੋਈ ਅਤੇ ਇਕ ਆਦਮੀ ਨੂੰ ਰਾਜ ਦੇ ਅੰਦਰ ਦਾਖ਼ਲ ਕਰ ਦਿੱਤਾ ਜਿਸ ਨੇ ਇਹ ਹੋਕਾ ਦਿੱਤਾ ਕਿ ਦਲਿੱਦਰ ਲੈ ਲਓ ਭਾਈ...ਦਲਿੱਦਰ ਲੈ ਲਓ! ਸਭ ਨੇ ਸੁਣਿਆ ਕਿ ਇਹ ਆਦਮੀ ਕਿਹੋ ਜਿਹੀ ਹਾਸੋ-ਹੀਣੀ ਗੱਲ ਕਰਦਾ ਹੈ! ਦਲਿੱਦਰ ਵੀ ਕੋਈ ਮੁੱਲ ਲੈਣ ਵਾਲੀ ਸ਼ੈਅ ਹੈ। ਆਦਮੀ ਬਹੁਤ ਤਰਲੇ ਲੈਣ ਲੱਗਾ ਕਿ ਉਸ ਦੀ ਫ਼ਰਿਆਦ ਮਹਾਰਾਜ ਅੱਗੇ ਕਰਵਾ ਦਿਉ, ਉਹ ਅਵੱਸ਼ ਹੀ ਉਸ ਦੀ ਮੱਦਤ ਕਰਨਗੇ।

## ਸ਼ੈਤਾਨੀ ਮਨਸੂਬੇ

ਖ਼ੈਰ, ਮਸਲਾ ਸ਼ਾਹੀ ਮਹਿਲਾਂ ਵਿਚ ਪਹੁੰਚ ਗਿਆ ਅਤੇ ਮਹਾਰਾਜ ਨੇ ਹੁਕਮ ਦਿੱਤਾ ਕਿ ਇਸ ਵਿਅਕਤੀ ਦਾ ਸਮਾਨ ਖ਼ਰੀਦ ਲਿਆ ਜਾਵੇ। ਆਦਮੀ ਖ਼ੁਸ਼ੀ-ਖ਼ੁਸ਼ੀ ਵਿਦਾ ਹੋਇਆ ਅਤੇ ਦਿਲ ਵਿਚ ਸੋਚ ਰਿਹਾ ਸੀ ਕਿ ਉਹ ਆਪਣੇ ਸ਼ੈਤਾਨੀ ਮਨਸੂਬੇ ਵਿਚ ਅਵੱਲ ਰਿਹਾ ਹੈ। ਉਧਰ ਲੋਕ ਆਪਣੇ ਮਹਾਰਾਜ ਪ੍ਰਤੀ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਨ ਵਿਚ ਰੁੱਝ ਗਏ। ਕੰਨੀ ਪਈਆਂ ਗੱਲਾਂ ਦਾ ਰਾਜੇ ਉੱਪਰ ਕੋਈ ਅਸਰ ਨਹੀਂ ਹੋਇਆ ਪਰ ਰਾਜਾ ਆਰਾਮ ਦੀ ਨੀਂਦ ਸੌਂ ਗਿਆ।

ਪ੍ਰਭਾਤ ਵੇਲੇ ਜਦੋਂ ਮਹਾਰਾਜ ਸੌਂ ਰਹੇ ਸਨ ਅਤੇ ਇਕ ਦੇਵੀ ਦਾ ਰੂਪ ਧਾਰਨ ਕੀਤੀ ਇਸਤਰੀ ਹਾਜ਼ਰ ਹੋਈ ਅਤੇ ਕਿਹਾ, 'ਮਹਾਰਾਜ ਕੀ ਜੈ ਹੋ।'

ਰਾਜਾ ਉੱਠ ਕੇ ਬੈਠ ਗਿਆ ਅਤੇ ਪੁੱਛਿਆ ਕਿ ਤੂੰ ਕੌਣ ਹੈਂ?

ਬੀਬੀ ਕਹਿਣ ਲੱਗੀ, 'ਮਹਰਾਜ ਮੈਂ ਮਾਇਆ ਹਾਂ ਅਤੇ ਹੁਣ ਇੱਥੋਂ ਜਾ ਰਹੀ ਹਾਂ, ਮੈਨੂੰ ਇਜਾਜ਼ਤ ਦਿਉ।'

ਮਹਾਰਾਜ ਬੜੇ ਹੈਰਾਨ ਹੋਏ ਕਿ ਤੈਨੂੰ ਇੱਥੇ ਕੀ ਦੁੱਖ ਜਾਂ ਤਕਲੀਫ਼ ਹੈ? ਬੀਬੀ ਕਹਿਣ ਲੱਗੀ , 'ਜੀ ਤੁਹਾਡੇ ਰਾਜ ਵਿਚ ਦਲਿੱਦਰ ਆਣ ਵੜਿਆ ਹੈ ਅਤੇ ਜਿੱਥੇ ਦਲਿੱਦਰ ਹੋਵੇ, ਮੈਂ ਉੱਥੇ ਨਹੀਂ ਰਹਿ ਸਕਦੀ। ਇਸ ਕਰਕੇ ਮੈਨੂੰ ਇਜਾਜ਼ਤ ਦਿਉ।' ਰਾਜਾ ਕਹਿਣ ਲੱਗਾ, ਠੀਕ ਹੈ ਜੇ ਤੂੰ ਜਾਣਾ ਹੀ ਚਾਹੁੰਦੀ ਹੈ ਤਾਂ ਮੇਰੇ ਵੱਲੋਂ ਕੋਈ ਰੁਕਾਵਟ ਨਹੀਂ।

ਇਹ ਗੱਲ ਸੁਣ ਕੇ ਬੀਬੀ ਨੇ ਸਿਰ ਨਿਵਾਇਆ ਤੇ ਗਾਇਬ ਹੋ ਗਈ। ਥੋੜ੍ਹੀ ਦੇਰ ਬਾਅਦ ਇਕ ਹੋਰ ਸ਼ਖ਼ਸ ਹਾਜ਼ਰ ਹੋਇਆ, 'ਮਹਾਰਾਜ ਕੀ ਜੈ ਹੋ।'

'ਹਾਂ ਬਈ ਤੁਸੀਂ ਕੌਣ ਹੋ?' ਰਾਜੇ ਨਾ ਪੁਛਿਆ।

'ਜੀ ਮੈਂ ਉੱਦਮ ਹਾਂ ਅਤੇ ਇੱਥੋਂ ਜਾਣ ਦੀ ਇਜ਼ਾਜ਼ਤ ਚਾਹੁੰਦਾ ਹਾਂ ਕਿਉਂਕਿ ਜਿੱਥੇ ਦਲਿੱਦਰ ਹੋਵੇ, ਉੱਥੇ ਮੈਂ ਨਹੀਂ ਰਹਿ ਸਕਦਾ। ਇਸ ਕਰ ਕੇ ਮੈਨੂੰ ਇੱਥੋਂ ਜਾਣ ਦੀ ਇਜ਼ਾਜਤ ਦਿੱਤੀ ਜਾਵੇ ਜੀ।'

'ਠੀਕ ਹੈ ਭਾਈ ਤੂੰ ਵੀ ਜਾ।' ਰਾਜੇ ਨੇ ਕਿਹਾ।

ਰਾਜ ਦੀ ਮਾਲੀ ਹਾਲਤ ਕਮਜ਼ੋਰ ਹੋਣ ਲੱਗੀ ਅਤੇ ਸ਼ਿਰਕਤ ਕਰਨ ਵਾਲੇ ਗੁਆਂਢੀ ਰਾਜ ਖ਼ੁਸ਼ ਹੋ ਰਹੇ ਸਨ। ਇਕ ਦਿਨ ਪ੍ਰਭਾਤ ਵੇਲੇ ਰਾਜੇ ਦੇ ਸਾਹਮਣੇ ਇਕ ਸ਼ਖ਼ਸ ਪ੍ਰਗਟ ਹੋਇਆ, 'ਮਹਾਰਾਜ ਕੀ ਜੈ ਹੋ।'

'ਹਾਂ ਬਈ ਤੂੰ ਕੌਣ ?'

'ਜੀ ਮੈਂ ਧਰਮ ਹਾਂ ਅਤੇ ਇੱਥੋਂ ਜਾਣ ਦਾ ਮਨ ਬਣਾ ਲਿਆ ਹੈ।'

'ਉਹ ਕਿਉਂ ਬਈ?'

ਕਿਉਂਕਿ ਇਸ ਰਾਜ ਵਿਚ ਦਲਿੱਦਰ ਆਣ ਵੜਿਆ ਹੈ ਅਤੇ ਜਿੱਥੇ ਦਲਿੱਦਰ ਹੋਵੇ, ਉੱਥੇ ਮੈਂ ਨਹੀਂ ਰਹਿ ਸਕਦਾ। ਇਸ ਕਰਕੇ ਮੈਨੂੰ ਜਾਣ ਦੀ ਇਜ਼ਾਜ਼ਤ ਦਿਉ।'

## ਦਲਿੱਦਰ

ਰਾਜਾ ਚੇਤੰਨ ਹੋ ਕੇ ਬੈਠ ਗਿਆ ਅਤੇ ਹੁਕਮ ਕੀਤਾ ਕਿ ਤੂੰ ਨਹੀਂ ਜਾ ਸਕਦਾ ਕਿਉਂਕਿ ਤੈਨੂੰ ਰੱਖਣ ਵਾਸਤੇ ਹੀ ਤਾਂ ਮੈਂ ਦਲਿੱਦਰ ਖ਼ਰੀਦਿਆ ਸੀ। ਜੇ ਮੈਂ ਦਲਿੱਦਰ ਨਾ ਖ਼ਰੀਦਦਾ ਤਾਂ ਮੇਰਾ ਧਰਮ ਮਤਲਬ ਤੂੰ ਤਾਂ ਉਸੇ ਵੇਲੇ ਖ਼ਤਮ ਸੀ। ਓਹ ਭਲਿਆ ਮਾਣਸਾ ! ਤੈਨੂੰ ਬਚਾਉਣ ਲਈ ਹੀ ਤਾਂ ਮੈਂ ਦਲਿੱਦਰ ਖ਼ਰੀਦਿਆ ਸੀ ਕਿਉਂ ਕਿ ਮੇਰਾ ਧਰਮ ਹੈ ਮੈਂ ਕਿਸੇ ਨੂੰ ਵੀ ਨਿਰਾਸ਼ ਜਾਂ ਨਰਾਜ ਨਹੀ ਦੇਖ ਸਕਦਾ, ਕਿਸੇ ਨੂੰ ਅਵਾਜ਼ਾਰ ਨਹੀ ਦੇਖ ਸਕਦਾ। ਇਸ ਕਰਕੇ ਤੂੰ ਕਿਵੇਂ ਜਾ ਸਕਦਾ ਹੈਂ?'

ਰਾਜੇ ਦੀ ਇਹ ਗੱਲ ਸੁਣ ਕੇ ਧਰਮ ਦੇ ਹੋਸ਼ ਟਿਕਾਣੇ ਆ ਗਏ। ਹੈਂ ! ਮੈਂ ਇਹ ਕੀ ਕਰਨ ਲੱਗਾ ਸਾਂ ? ਆਪਣੇ ਆਪ ਨੂੰ ਕੋਸਣ ਲੱਗਾ ਅਤੇ ਕਹਿਣ ਲੱਗਾ, 'ਜੀ ਬਹੁਤ ਵੱਡੀ ਭੁੱਲ ਹੋ ਗਈ ਮੈਥੋਂ। ਉਸ ਦੀ ਮਾਫ਼ੀ ਦਿਉ ਅਤੇ ਇਜ਼ਾਜਤ ਦਿਉ ਕਿ ਮੈਂ ਮਾਇਆ, ਉੱਦਮ ਅਤੇ ਸੱਚ ਨੂੰ ਮੋੜ ਕੇ ਲਿਆਵਾਂ।'

ਰਾਜਾ ਕਹਿਣ ਲੱਗਾ, 'ਪੁੱਤਰ ਤੁਸੀਂ ਸਾਰੀਆਂ ਤਾਕਤਾਂ ਮਿਲ ਕੇ ਇਕ ਦਲਿੱਦਰ ਨੂੰ ਭਜਾ ਨਹੀ ਸਕੇ ਪਰ ਇਸ ਦੇ ਉਲਟ ਇਕ ਦਲਿੱਦਰ ਤੋਂ ਡਰ ਕੇ ਆਪ ਸਾਰੇ ਭੱਜਣ ਲਈ ਤਿਆਰ ਹੋ ਗਏ।' ਖ਼ੈਰ ਧਰਮ ਨੇ ਮਾਫ਼ੀ ਮੰਗਦੇ ਹੋਏ ਵਿਦਾ ਮੰਗੀ ਅਤੇ ਮਾਇਆ ਅਤੇ ਉੱਦਮ ਨੂੰ ਵਾਪਸ ਲੈ ਆਇਆ। ਇਨ੍ਹਾਂ ਦੀ ਏਕਤਾ ਦੇਖ ਕੇ ਦਲਿੱਦਰ ਨੂੰ ਉੱਥੋਂ ਆਪਣੇ ਆਪ ਭਜਣਾ ਪੈ ਗਿਆ।

## ਬੇ-ਸ਼ੁਮਾਰ ਮੁਸ਼ਕਲਾਂ

ਇਹ ਗੱਲ ਭਾਵੇਂ ਪੁਰਾਣੇ ਸਮਿਆਂ ਦੀ ਹੈ ਪਰ ਅੱਜ ਸਾਡੀ ਜ਼ਿੰਦਗੀ ਵਿਚ ਬਹੁਤੀ ਢੁੱਕਦੀ ਹੈ। ਸਾਡੀਆ ਬੇ-ਸ਼ੁਮਾਰ ਮੁਸ਼ਕਲਾਂ ਦਾ ਕਾਰਨ ਹੈ ਸਾਡਾ ਦਲਿੱਦਰ। ਇਕ ਗੱਲ ਅਸੀਂ ਇਕ ਬੰਦੇ ਦੇ ਸਾਹਮਣੇ ਹੋਰ ਰੂਪ ਵਿਚ ਕਰਦੇ ਹਾਂ ਅਤੇ ਦੂਸਰੇ, ਤੀਸਰੇ ਬੰਦੇ ਦੇ ਸਾਹਮਣੇ ਹੋਰ ਰੂਪ ਵਿਚ ਪੇਸ਼ ਕਰਦੇ ਹਾਂ। ਸਾਡਾ ਕਿਰਦਾਰ ਇੰਨਾ ਪਤਲਾ ਹੁੰਦਾ ਜਾ ਰਿਹਾ ਹੈ ਕਿ ਆਪਣੀ ਹੀ ਗੱਲ ਤੋਂ ਮੁਕਰਨ ਲਈ ਸੌ ਬਹਾਨੇ ਘੜਨ ਦੀ ਸਮਰੱਥਾ ਤਾਂ ਸਾਡੇ ਵਿਚ ਆ ਜਾਂਦੀ ਹੈ ਪਰ ਉਸ ਇਕ ਗੱਲ ਉੱਪਰ ਪੂਰਾ ਉਤਰ ਕੇ ਇਮਾਨ ਬਚਾਉਣਾ ਡਾਢਾ-ਔਖਾ ਮਹਿਸੂਸ ਕਰਦੇ ਹਾਂ। ਇਮਾਨ ਦੀ ਪੂਜਾ ਕਰਨੀ ਧਰਮ ਨਹੀਂ ਬਲਕਿ ਇਸ ਨੂੰ ਪੱਲੇ ਬੰਨ੍ਹਣਾ ਧਰਮ ਹੈ।

ਦੇਖੇ-ਦਿਖਾਏ ਅਤੇ ਕਹੇ-ਕਹਾਏ
ਜਿਸ ਲਾਈ ਗੱਲੀਂ, ਉਸੇ ਨਾਲ ਧਾਏ।
ਦਲਿੱਦਰ ਦੇ ਮਾਰੇ ਭਟਕ ਗਏ ਹਾਂ,
ਨਸ਼ਿਆਂ ਦੇ ਵਿਚ ਅਟਕ ਗਏ ਹਾਂ
ਪਛਤਾਏ ਕੁਝ ਨ੍ਹੀਂ ਜੇ ਬਣਨਾ



ਚਿੜੀਆਂ ਨੇ ਜਦ ਖੇਤ ਹੀ ਉਡਾਏ..

## ਫ਼ਰਜ਼ ਤੋਂ ਅਵੇਸਲੇ ਹੋਣਾ

ਹੱਦੋਂ ਵੱਧ ਕਮਾਏ ਮੁਨਾਫ਼ੇ ਨਾਲ ਅੱਯਾਸੀ ਕੀਤੀ ਜਾਂਦੀ ਹੈ ਅਤੇ ਬੱਚਿਆਂ ਦੀਆਂ ਆਦਤਾਂ ਵਿਗੜਦੀਆਂ-ਵਿਗੜਦੀਆਂ ਇੰਨੀਆਂ ਵਿਗੜ ਜਾਂਦੀਆਂ ਹਨ ਕਿ ਇਹੋ ਬੱਚੇ ਕਾਬੂ ਤੋਂ ਬਾਹਰ ਹੋ ਜਾਂਦੇ ਹਨ। ਅਖੀਰ ਬੁਰੀ ਸੰਗਤ ਬੁਰਾ ਬਣਾ ਦਿੰਦੀ ਹੈ। ਸਾਡੇ ਪਿੰਡਾਂ ਵਿਚ ਜਿੱਥੇ ਜ਼ਿਆਦਾ ਕਾਮਿਆਂ ਦੀ ਲੋੜ ਹੈ, ਉੱਥੇ ਤਾਂ ਠੀਕ ਹੈ ਕਿ ਮਜ਼ਦੂਰ ਲਾਉਣੇ ਬਣਦੇ ਹਨ ਪਰ ਦੇਖਿਆ ਇਹ ਗਿਆ ਹੈ ਕਿ ਛੋਟੇ ਜ਼ਿਮੀਂਦਾਰਾਂ ਦੇ ਬੱਚੇ ਵੀ ਦੇਖੇ-ਦਿਖਾਏ ਆਪ ਹੱਥੀਂ ਕੰਮ ਕਰਨ ਨੂੰ ਤਿਆਰ ਨਹੀਂ। ਦਲਿੱਦਰ ਨੂੰ ਆਵਾਜ਼ਾਂ ਤਾਂ ਉਹ ਆਪ ਮਾਰਦੇ ਹਨ। ਇਨ੍ਹਾਂ ਬੱਚਿਆਂ ਦੇ ਉੱਪਰ ਤਾਂ ਦਾਰ-ਓ-ਮਦਾਰ ਹੁੰਦਾ ਹੈ ਮਾਪਿਆਂ ਦੇ ਦਿਨ ਬਦਲਣ ਦਾ ਪਰ ਜੇ ਇਹੋ ਬੱਚੇ ਆਪਣਾ ਧਰਮ ਨਾ ਪਾਲ ਕੇ ਮੋਟਰ ਸਾਈਕਲਾਂ ਤੇ ਘੁੰਮਦੇ ਰਹਿਣ ਤਾਂ ਹੁੰਦਾ ਇੰਝ ਹੈ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਖ਼ੁਦ ਮਜ਼ਦੂਰੀ ਕਰਨ ਲਈ ਮਜਬੂਰ ਹੋ ਜਾਂਦੇ ਹਨ। ਉਨ੍ਹਾਂ ਹੀ ਮਜ਼ਦੂਰਾਂ ਦੇ ਵਿਚ ਬੈਠ ਕੇ ਉਹੋ ਜਿਹੀਆਂ ਆਦਤਾਂ ਤੇ ਸੁਭਾਅ ਬਣ ਜਾਂਦੇ ਹਨ, ਲੀੜੇ ਫਟੇ ਹੋਏ ਅਤੇ ਮੋਟਰ ਸਾਈਕਲ ਦੀ ਜਗ੍ਹਾ ਜਾਂ ਤਾਂ ਪੈਦਲ ਤੇ ਜਾਂ ਟੁੱਟਾ ਜਿਹਾ ਸਾਈਕਲ ਤੇ ਮੈਲੇ ਜਿਹੇ ਝੋਲੇ ਵਿਚ ਰੋਟੀ ਦਾ ਡੱਬਾ।

ਆਪਣੇ ਧਰਮ ਨੂੰ ਪਿੱਠ ਦਿਖਾਉਣ ਦਾ ਇਹ ਫਲ ਮਿਲਿਆ ਹੈ ਜਾਂ ਇੰਝ ਕਹੋ ਕਿ ਆਪਣੇ ਫ਼ਰਜ਼ ਤੋਂ ਅਵੇਸਲੇ ਹੋਣ ਦਾ ਇਹ ਸਰਾਪ ਮਿਲਿਆ ਹੈ। ਇਨ੍ਹਾਂ ਹੀ ਬੱਚਿਆਂ ਨੂੰ ਮਾਵਾਂ ਕਿੰਨੇ ਚਾਅ ਨਾਲ ਵਧੀਆ ਪਰੌਂਠੇ ਬਣਾ ਕੇ ਖੁਆਉਂਦੀਆਂ ਸਨ। ਦੁੱਧ, ਦਹੀਂ ਅਤੇ ਲੱਸੀ ਪਿਲਾਉਂਦੀਆਂ ਸਨ ਅਤੇ ਉਨ੍ਹਾਂ ਦੇ ਚਿਹਰਿਆਂ ਤੇ ਅੱਖਾਂ ਵਿੱਚੋਂ ਆਪਣਾ ਉੱਜਵਲ ਭਵਿੱਸ਼ ਦੇਖ ਦੀਆਂ ਸਰਸ਼ਾਰ ਹੁੰਦੀਆਂ ਸਨ ਪਰ ਹਾਇ! ਅੱਜ ਜਦੋਂ ਇਹੋ ਮਾਵਾਂ ਆਪਣੇ ਲਾਡਾਂ ਨਾਲ ਪਾਲੇ ਬੱਚਿਆਂ ਦੀ ਬਦਹਾਲੀ ਦੇਖ ਦੀਆਂ ਹਨ ਤਾਂ ਉਨ੍ਹਾਂ ਦਾ ਅੰਦਰ ਵਲੂੰਧਰਿਆ ਜਾਂਦਾ ਹੈ।

## ਹੁਸੀਨ ਸੁਪਨੇ

ਆਪਣੇ ਖੇਤਾਂ ਦੀ ਮਿੱਟੀ ਨਾਲ ਮਿੱਟੀ ਹੋਣ ਦਾ ਅਨੰਦ ਹੀ ਕੁਝ ਹੋਰ ਹੁੰਦਾ ਹੈ ਪਰ ਬਿਗਾਨੇ ਖੇਤਾਂ ਜਾਂ ਸ਼ਹਿਰ ਵਿਚ ਮਜ਼ਦੂਰੀ ਕਰਨਾ ਖ਼ੂਨ ਦੇ ਘੁੱਟ ਭਰਨ ਦੇ ਬਰਾਬਰ ਹੈ। ਜ਼ਿੰਦਗੀ ਦੇ ਹੁਸੀਨ ਸੁਪਨੇ ਚਕਨਾਚੂਰ ਹੋ ਕੇ ਰਹਿ ਜਾਂਦੇ ਹਨ। ਇਸ ਦੇ ਪਿੱਛੇ ਬੱਚਿਆਂ ਦੇ ਕੱਚੇ ਦਿਮਾਗ਼ ਦੀਆਂ ਕਰਤੂਤਾਂ ਤਾਂ ਹੈ ਹੀ ਹਨ ਪਰ ਕਿਤੇ ਨਾ ਕਿਤੇ ਮਾਪਿਆਂ ਨੇ ਵੀ ਆਪਣਾ ਧਰਮ ਨਾ ਨਿਭਾਅ ਕੇ ਬੱਚਿਆਂ ਨਾਲ ਲੋੜੀਂਦਾ ਪਿਆਰ ਅਤੇ ਸਖ਼ਤੀ ਦਾ ਮਿਸ਼ਰਨ ਅਖ਼ਤਿਆਰ ਨਹੀਂ ਕੀਤਾ। ਸਿੱਟਾ ਇਹ ਨਿਕਲਿਆ ਕਿ ਮਾਪਿਆਂ ਦੀਆਂ ਆਸਾਂ-ਉਮੀਦਾਂ ਢਹੀਆਂ ਸੋ ਢਹੀਆਂ, ਬੱਚਿਆਂ ਦਾ ਭਵਿੱਖ ਦਾਅ ਉੱਪਰ ਲੱਗਾ ਸੋ ਲੱਗਾ, ਸਮੁੱਚੇ ਸਮਾਜ ਨੂੰ ਹੀਰਿਆਂ ਵਰਗੇ ਪੁੱਤਰ ਖੋ ਕੇ ਵੈਲੀਆਂ ਦਾ ਵੱਗ ਪਾਲਣਾ ਪੈ ਗਿਆ। ਕੀ ਮਾਪਿਆਂ ਦੀ ਇਸ ਹੂਕ ਬੱਚਿਆਂ ਦੇ ਕੰਨੀ ਪਏਗੀ ? ਉਨ੍ਹਾ ਦਾ ਧਰਮ ਮਾਪਿਆਂ ਦੀਆਂ ਆਂਦਰਾਂ ਠੰਡੀਆਂ ਕਰ ਸਕੇਗਾ? ਇਹ ਹਨ ਦੋ-ਇਕ ਸਵਾਲ ਜਿਨ੍ਹਾਂ ਦਾ ਜਵਾਬ ਦੇਣਾ ਅੱਜ ਦੇ ਪੁੱਤਰਾਂ ਅਤੇ ਧੀਆਂ ਦਾ ਧਰਮ ਹੈ। ਇਸ ਧਰਮ ਦੇ ਪਾਲਣ ਨਾਲ ਉਹ ਨਸ਼ਈਆਂ ਅਤੇ ਮਜ਼ਦੂਰਾਂ ਤੋਂ ਉੱਭਰ ਕੇ ਸਰਦਾਰੀ ਵਾਲੀ ਜ਼ਿੰਦਗੀ ਦੇ ਹੱਕਦਾਰ ਬਣ ਸਕਣਗੇ।

ਅਨਮੋਲ ਇਹ ਜ਼ਿੰਦਗੀ
ਐਂਵੇ ਨਾ ਗਵਾਈਂ ਓਇ
ਦਲਿੱਦਰ ਦੀ ਪੰਡ ਕਦੇ
ਸਿਰ 'ਤੇ ਨਾ ਚਾਈਂ ਓਇ
ਅੰਦਰ-ਬਾਹਰ ਝਾਤ ਮਾਰ
ਅਕਾਸ਼ ਵੱਲ ਨਿਗ੍ਹਾ ਮਾਰ
ਹੌਸਲੇ ਤੇ ਹਿੰਮਤਾਂ ਨੇ ਜਿੱਤੀ
ਹੈ ਖ਼ੁਦਾਈ ਓਏ। •

98761-05647

### ਬੱਚਿਆਂ ਉੱਪਰ ਬਾਜ਼ ਅੱਖ ਰੱਖਣਾ

ਮਾਪਿਆਂ ਦਾ ਧਰਮ ਕਦੇ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਕਿ ਉਹ ਆਪਣੇ ਬੱਚਿਆਂ ਉੱਪਰ ਬਾਜ਼ ਅੱਖ ਨਾ ਰੱਖਣ। ਬੱਚੇ ਨੂੰ ਕਿਹੋ ਜਿਹੀ ਸੇਧ ਦੇਣੀ ਹੈ, ਕਿਹੋ ਜਿਹੇ ਖ਼ਿਆਲਾਤ ਅਤੇ ਸੰਸਕ੍ਰਿਤੀ ਤੋਂ ਜਾਗਰੂਕ ਕਰਾਉਣਾ ਹੈ, ਕਿਹੋ ਜਿਹੀਆਂ ਕਦਰਾਂ-ਕੀਮਤਾਂ ਨੂੰ ਪਰਖਣਾ ਹੈ ਅਤੇ ਉਨ੍ਹਾ ਨਾਲ ਦੋ-ਚਾਰ ਹੋਣਾ ਹੈ, ਇਸ ਸਭ ਦੀ ਮੁੱਢਲੀ ਜ਼ਿੰਮੇਵਾਰੀ ਜਾਂ ਧਰਮ ਮਾਪਿਆਂ ਦਾ ਹੈ। ਜੇਕਰ ਬਾਪ ਨੇ ਹੱਲ ਦੀ ਹੱਥੀ ਹੀ ਫੜੀ ਨਾ ਹੋਵੇ, ਕਹੀ ਮੋਢੇ ਤੇ ਰੱਖੀ ਹੀ ਨਾ ਹੋਵੇ ਤੇ ਦਾਰੂ ਨਾਲੋਂ ਆੜੀ ਛੱਡੀ ਹੀ ਨਾ ਹੋਵੇ ਤਾਂ ਉਮੀਦ ਕਰੇ ਕਿ ਉਸ ਦਾ ਪੁੱਤਰ ਇਕ ਦਰਵੇਸ਼ ਬਣ ਕੇ ਸਾਹਮਣੇ ਆ ਜਾਵੇਗਾ, ਇਹ ਇਕ ਖ਼ਿਆਲੀ ਪੁਲਾਓ ਤੋਂ ਵੱਧ ਕੁਝ ਨਹੀਂ ਹੈ। ਇਕ ਦੁਕਾਨਦਾਰ ਦਾ ਧਰਮ ਹੈ ਕਿ ਗਾਹਕ ਨੂੰ ਸਹੀ ਸਮਾਨ ਵੇਚਣਾ ਅਤੇ ਮੁਨਾਫ਼ਾ ਵੀ ਵਾਜਬ ਲਵੇ ਪਰ ਉਸ ਦਾ ਧਰਮ ਤਾਂ ਦਿਨ ਵਿਚ ਹਰ ਇਕ ਗਾਹਕ ਆਉਣ ਨਾਲ ਟੁੱਟਦਾ ਹੈ। ਜਿਹੜੇ ਗਾਹਕ ਭੋਲੇ ਹਨ, ਖ਼ਾਸ ਕਰ ਕੇ ਪਿੰਡਾਂ ਦੇ, ਉਨ੍ਹਾਂ ਦੀ ਤਾਂ ਛਿੱਲ ਬਹੁਤੀ ਹੀ ਉਤਾਰੀ ਜਾਂਦੀ ਹੈ, ਵਿਚਾਰੇ ਜੀ-ਜੀ ਕਰ ਕੇ ਪੱਲਾ ਲੁੱਟਾ ਕੇ ਦੁਕਾਨ ਵਿੱਚੋਂ ਬਾਹਰ ਹੋ ਜਾਂਦੇ ਹਨ ਪ੍ਰੰਤੂ ਰਾਮ-ਰਾਮ ! ਵਾਹਿਗੁਰ-ਵਾਹਿਗੁਰੂ ਕਹਿਣ ਵਾਲੇ ਧਰਮੀ ਦੁਕਾਨਦਾਰ ਆਪਣਾ ਧਰਮ ਅਤੇ ਇਮਾਨ ਗਵਾ ਬੈਠਦੇ ਹਨ।



# ਭਾਜਪਾ ਵੱਲੋਂ ਪੰਜਾਬ ਦੇ ਪਾਣੀਆਂ 'ਤੇ ਡਾਕੇ ਨੂੰ ਕਤਈ ਬਰਦਾਸ਼ਤ ਨਹੀਂ ਕੀਤਾ ਜਾਵੇਗਾ: ਮੁੰਡੀਆ

**ਏਜੰਸੀਆਂ**

ਚੰਡੀਗੜ੍ਹ 3 ਮਈ। ਪੰਜਾਬ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆ ਨੇ ਭਾਜਪਾ ਵੱਲੋਂ ਭਾਖੜਾ ਬਿਆਸ ਪ੍ਰਬੰਧਕ ਬੋਰਡ ਜ਼ਰੀਏ ਪੰਜਾਬ ਤੇ ਪੰਜਾਬੀਆਂ ਦੇ ਹੱਕ ਦਾ ਪਾਣੀ ਖੋਹਣ ਦੇ ਕੋਝੇ ਯਤਨਾਂ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ



ਇਸ ਡਾਕੇ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ। ਅੱਜ ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਮੁੰਡੀਆ ਨੇ ਕਿਹਾ ਕਿ ਕੇਂਦਰ ਅਤੇ ਦਿੱਲੀ ਤੇ ਹਰਿਆਣਾ ਦੀ ਭਾਜਪਾ ਸਰਕਾਰ ਪੰਜਾਬ ਦਾ ਪਾਣੀ ਖੋਹਣ ਲਈ ਪੰਜਾਬ ਖ਼?ਲਾਫ਼ ਇੱਕਜੁੱਟ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਆਪਣੇ ਮਨਸੂਬਿਆਂ ਵਿੱਚ ਸਫਲ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਇਸ ਲਈ ਸਰਕਾਰ ਨੂੰ ਜੋ ਚਾਰਾਜੋਈ ਕਰਨੀ ਹੋਵੇਗੀ, ਉਹ ਕੀਤੀ ਜਾਵੇਗੀ। ਉਨ੍ਹਾਂ ਪੰਜਾਬ ਭਾਜਪਾ ਆਗੂਆਂ ਨੂੰ ਆਪਣਾ ਸਟੈਂਡ ਸਪੱਸ਼ਟ ਕਰਨ ਅਤੇ ਇਸ ਮਾਮਲੇ ਵਿੱਚ ਧਾਰੀ ਚੁੱਪੀ ਬਾਰੇ ਵੀ ਸਵਾਲ ਖੜ੍ਹੇ ਕਰਦਿਆਂ ਇਸ ਨੂੰ ਸੂਬਾ ਵਿਰੋਧੀ ਗਰਦਾਨਦਿਆਂ ਹੈ। ਕੈਬਨਿਟ ਮੰਤਰੀ ਮੁੰਡੀਆ ਨੇ ਕਿਹਾ ਕਿ ਪੰਜਾਬ ਦੇ ਹੱਕਾਂ 'ਤੇ ਕੇਂਦਰ ਦੀਆਂ ਸਰਕਾਰਾਂ ਗੁਆਂਢੀ ਸੂਬੇ ਹਰਿਆਣਾ ਨੇ ਪਹਿਲਾਂ ਵੀ ਡਾਕਾ ਮਾਰਨ ਦੀਆਂ ਚਾਲਾਂ ਚੱਲੀਆਂ ਹਨ। ਗੁਆਂਢੀ ਸੂਬਿਆਂ ਨੂੰ ਰਿਆਇਤਾਂ ਦੇ ਕੇ ਪੰਜਾਬ ਦੇ ਉਦਯੋਗਾਂ ਦਾ ਨੁਕਸਾਨ ਕੀਤਾ। ਹੁਣ ਰਿਪੇਰੀਅਨ ਸੂਬੇ ਦੇ ਹੱਕਾਂ ਉਤੇ ਡਾਕਾ ਮਾਰਨ ਦੀ ਚਾਲ ਚੱਲੀ ਗਈ ਹੈ ਜਿਸ ਨੂੰ ਕਤਈ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਸੂਬਾ ਸਰਕਾਰ ਵਚਨਬੱਧ ਹੈ ਅਤੇ ਇਸ ਮਾਮਲੇ ਵਿੱਚ ਕਿਸੇ ਦੀ ਦਖਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਕੇਂਦਰੀ ਜੇਲ੍ਹ ਅੰਦਰੋਂ 4 ਮੋਬਾਈਲ ਫੋਨ, 2 ਡਾਟਾ ਕੇਬਲ, ਇਕ ਏਅਰ ਫੋਨ ਬਰਾਮਦ

ਤਰਨਤਾਰਨ 3 ਮਈ। ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਵੱਲੋਂ ਚਲਾਏ ਗਏ ਤਲਾਸ਼ੀ ਅਭਿਆਨ ਦੌਰਾਨ ਉਸ ਅੰਦਰੋਂ 4 ਮੋਬਾਈਲ ਫੋਨ, 2 ਡਾਟਾ ਕੇਬਲ, ਇਕ ਏਅਰ ਫੋਨ, 2 ਮੋਬਾਈਲ ਚਾਰਜਰ ਬਰਾਮਦ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ। ਜਿਸ ਸਬੰਧੀ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਅਣਪਛਾਤੇ ਹਵਾਲਾਤੀ ਖਿਲਾਫ ਪਰਚਾ ਦਰਜ ਕਰਦੇ ਹੋਏ ਅਗਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ ਗੋਇੰਦਵਾਲ ਸਾਹਿਬ ਅਤੁਲ ਸੋਨੀ ਨੇ ਦੱਸਿਆ ਕਿ ਜੇਲ੍ਹ ਦੇ ਸਹਾਇਕ ਸੁਪਰਡੈਂਟ ਹੰਸਰਾਜ ਵੱਲੋਂ ਜੇਲ੍ਹ ਅੰਦਰ ਚਲਾਏ ਗਏ ਅਚਾਨਕ ਤਲਾਸ਼ੀ ਅਭਿਆਨ ਦੌਰਾਨ ਵਾਰਡ ਨੰਬਰ ਅੱਠ ਦੀ ਬੈਰਕ ਨੰਬਰ ਛੇ ਅੰਦਰੋਂ ਤਲਾਸ਼ੀ ਅਭਿਆਨ ਦੌਰਾਨ ਬਾਥਰੂਮ ਵਿਚੋਂ 4 ਮੋਬਾਈਲ ਫੋਨ, 2 ਡਾਟਾ ਕੇਬਲ, ਇਕ ਏਅਰ ਫੋਨ, 2 ਮੋਬਾਈਲ ਚਾਰਜਰ ਬਰਾਮਦ ਕੀਤੇ ਹਨ।

# ਪੰਜਾਬ 'ਚ ਨਵੇਂ ਹੁਕਮ ਜਾਰੀ ! 18 ਜੂਨ ਤੱਕ ਲੱਗ ਗਈਆਂ ਸਖ਼ਤ ਪਾਬੰਦੀਆਂ

**ਸਰਦੂਲ ਸਿੰਘ**

ਫਰੀਦਕੋਟ/ਜੈਤੋ 3 ਮਈ। ਪੰਜਾਬ ਵਾਸੀਆਂ ਲਈ ਅਹਿਮ ਖ਼ਬਰ ਸਾਹਮਣੇ ਆਈ ਹੈ। ਜ਼ਿਲ੍ਹਾ ਮੈਜਿਸਟ?ਰੇਟ ਫਰੀਦਕੋਟ ਮੈਡਮ ਪੂਨਮਦੀਪ ਕੌਰ ਆਈ. ਏ. ਐੱਸ. ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫਰੀਦਕੋਟ 'ਚ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 18 ਜੂਨ 2025 ਤੱਕ ਲਾਗੂ ਰਹਿਣਗੇ। ਜ਼ਿਲ੍ਹਾ ਮੈਜਿਸਟ?ਰੇਟ ਫਰੀਦਕੋਟ ਨੇ ਜ਼ਿਲ੍ਹਾ ਫਰੀਦਕੋਟ ਅੰਦਰ ਚੱਲ ਰਹੀਆਂ ਐਂਬੂਲੈਂਸਾਂ ਜੋਕਿ ਰਜਿਸਟਰਡ ਨਹੀਂ ਹਨ, ਉਸ 'ਤੇ ਪਾਬੰਦੀ ਲਗਾਈ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਫਰੀਦਕੋਟ ਅੰਦਰ ਬਹੁਤ ਸਾਰੀਆਂ ਐਂਬੂਲੈਂਸਾਂ ਬਿਨਾਂ ਪਰਮਿਟ 'ਤੇ ਚਲ ਰਹੀਆਂ ਹਨ ਅਤੇ ਇਹ ਬਤੌਰ ਐਂਬੂਲੈਂਸ ਰਜਿਸਟਡ ਵੀ ਨਹੀਂ ਹਨ। ਇਨ੍ਹਾਂ ਵਿੱਚ ਕਈ ਐਂਬੂਲੈਂਸਾਂ ਵਿੱਚ ਮਰੀਜ਼ਾਂ ਲਈ ਮੁੱਢਲੀਆਂ ਸਹੂਲਤਾਂ ਵੀ ਨਹੀਂ ਹੁੰਦੀਆਂ, ਸਿਰਫ਼ ਉਨ੍ਹਾਂ ਵੱਲੋਂ ਫੱਟੇ ਲਗਾ ਕੇ ਮਰੀਜ਼ ਦੇ ਲੇਟਣ ਦਾ ਪ੍ਰਬੰਧ ਕੀਤਾ ਹੁੰਦਾ ਹੈ। ਅਜਿਹੀਆਂ ਐਂਬੂਲੈਂਸਾਂ ਮਰੀਜ਼ ਦੀ ਜ਼ਿੰਦਗੀ ਨਾਲ ਖਿਲਵਾੜ ਦਾ ਕਾਰਨ ਬਣਦੀਆਂ ਹਨ ਅਤੇ ਐਂਬੂਲੈਂਸ ਦੇ ਮਾਲਕਾਂ ਅਤੇ ਚਾਲਕਾਂ ਵੱਲੋਂ ਗਰੀਬ ਮਰੀਜ਼ ਤੋਂ ਆਪਣੀ ਮਨ ਮਰਜੀ ਦਾ ਰੇਟ ਵਸੂਲ ਕਰਕੇ ਉਨ੍ਹਾਂ ਦਾ ਵਿੱਤੀ ਸ਼ੋਸ਼ਣ ਵੀ ਕੀਤਾ ਜਾਂਦਾ ਹੈ ਅਤੇ ਜੋ ਐਂਬੂਲੈਂਸਾਂ ਰਜਿਸਟਡ ਹਨ, ਉਨ੍ਹਾਂ ਵਿੱਚ ਵੀ ਰੋਸ ਪਾਇਆ ਜਾਂਦਾ ਹੈ ਅਤੇ ਝਗੜਾ ਹੋਣ ਦੇ ਅਸਾਰ ਵੱਧ ਸਕਦੇ ਹਨ। ਇਸ ਲਈ ਅਮਨ ਅਤੇ ਕਾਨੂੰਨ ਦੀ ਸਥਿਤੀ ਭੰਗ ਹੋਣ ਦਾ ਖਤਰਾ ਵੀ ਵਧ ਜਾਂਦਾ ਹੈ।



ਇਸ ਸਭ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟ?ਰੇਟ ਨੇ ਗੈਰ ਰਜਿਸਟਰਡ ਐਂਬੂਲੈਂਸਾਂ 'ਤੇ ਪਾਬੰਦੀ ਲਗਾਈ ਹੈ। ਇਹ ਪਾਬੰਦੀ 18 ਜੂਨ 2025 ਤੱਕ ਲਾਗੂ ਰਹੇਗੀ। ਜ਼ਿਲ੍ਹਾ ਮੈਜਿਸਟ?ਰੇਟ ਫਰੀਦਕੋਟ ਨੇ ਇਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਹੁੱਕਾ ਬਾਰਾਂ 'ਤੇ ਪਾਬੰਦੀ ਲਗਾਈ ਹੈ। ਜ਼ਿਲ੍ਹੇ ਅੰਦਰ ਕਿਸੇ ਵੀ ਦੁਕਾਨ,ਹੋਟਲ, ਰੈਸਟੋਰੈਂਟ ਅਤੇ ਹੋਰ ਜਨਤਕ ਸਥਾਨਾਂ ਵਿੱਚ ਹੁੱਕਾ ਪੀਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ। ਇਹ ਪਾਬੰਦੀ 18 ਜੂਨ 2025 ਤੱਕ ਜਾਰੀ ਰਹੇਗੀ। ਜ਼ਿਲ੍ਹਾ ਮੈਜਿਸਟ?ਰੇਟ ਵੱਲੋਂ ਜ਼ਿਲ੍ਹੇ 'ਚ ਅਮਨ ਕਾਨੂੰਨ ਦੀ ਸਥਿਤੀ ਬਣਾਏ ਰੱਖਣ ਦੇ ਮੱਦੇਨਜ਼ਰ ਜ਼ਿਲ੍ਹਾ ਫਰੀਦਕੋਟ ਦੇ ਡਿਪਟੀ ਕਮਿਸ਼ਨਰ, ਐੱਸ. ਐੱਸ. ਪੀ, ਸਮੂਹ ਉਪ ਮੰਡਲ ਮੈਜਿਸਟ?ਰੇਟ ਅਤੇ ਜੁਡੀਸ਼ੀਅਲ ਕੰਪਲੈਕਸ ਦੇ ਦਫ਼ਤਰਾਂ ਦੀ ਬਾਉਂਡਰੀ ਦੇ ਅੰਦਰ ਅਤੇ ਜਨਤਕ ਥਾਵਾਂ ਜਿਵੇਂ ਕਿ ਮੈਰਿਜ ਪੈਲੇਸ, ਹੋਟਲ ਸਰਾਂ, ਢਾਬਿਆਂ, ਹਸਪਤਾਲਾਂ ਆਦਿ ਅਤੇ ਭੀੜ ਵਾਲੇ ਇਲਾਕਿਆਂ, ਧਾਰਮਿਕ ਸਥਾਨਾਂ ਅਤੇ ਮੇਲਿਆਂ ਆਦਿ ਵਿਖੇ ਲਾਇਸੈਂਸੀ ਹਥਿਆਰ ਲਿਜਾਣ ਅਤੇ ਪ੍ਰਦਰਸ਼ਨ 'ਤੇ ਮੁਕੰਮਲ ਪਾਬੰਦੀ ਲਗਾਈ ਗਈ ਹੈ ਅਤੇ ਇਸ ਦੇ ਨਾਲ ਹੀ ਪੂਰੇ ਜ਼ਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਅਸਲਾ ਲਾਇਸੈਂਸ ਹੋਲਡਰ ਵੱਲੋਂ ਅਸਲਾ ਡੱਬ ਵਿੱਚ ਛੁਪਾ ਕੇ ਚੱਲਣ ਤੇ ਵੀ ਪਾਬੰਦੀ ਲਗਾਈ ਹੈ। ਕੋਈ ਵੀ ਅਸਲਾ ਲਾਇਸੈਂਸ ਹੋਲਡਰ ਜੇਕਰ ਅਸਲਾ ਨਾਲ ਲੈ ਕੇ ਚੱਲਣਾ ਚਾਹੁੰਦੇ ਹਨ ਤਾਂ ਉਨ੍ਹਾਂ ਦਾ ਅਸਲਾ ਬੈਲਟ ਲਗਾ ਕੇ ਕਵਰ ਵਿਚ ਹੋਣਾ ਚਾਹੀਦਾ ਹੈ ਅਤੇ ਨਜ਼ਰ ਆਉਣਾ ਚਾਹੀਦਾ ਹੈ, ਤਾਂਕਿ ਛੁਪਾ ਕੇ ਬਿਨਾ ਲਾਇਸੈਂਸ ਅਸਲਾ ਰੱਖਣ ਵਾਲਿਆਂ ਨੂੰ ਕਾਬੂ ਕੀਤਾ ਜਾ ਸਕੇ। ਇਸ ਦੇ ਨਾਲ ਹੀ ਨੰਗੀਆਂ ਤਲਵਾਰਾਂ, ਬਰਸ਼ੇ ਅਤੇ ਕਿਸੇ ਵੀ ਤਰਾਂ ਦੇ ਤੇਜ਼ਧਾਰ ਹਥਿਆਰ ਲੈ ਕੇ ਚੱਲਣ ਅਤੇ ਪ੍ਰਦਰਸ਼ਨ 'ਤੇ ਵੀ ਪਾਬੰਦੀ ਲਗਾਈ ਗਈ ਹੈ। ਇਹ ਪਾਬੰਦੀ 18 ਜੂਨ 2025 ਤੱਕ ਲਾਗੂ ਰਹੇਗੀ।

## ਫਰੀਦਕੋਟ 'ਚ ਮਿਲਿਆ ਪਾਕਿਸਤਾਨੀ ਬਲੂਨ ! ਕਿਸਾਨ ਦੀ ਸ਼ਿਕਾਇਤ ਮਗਰੋਂ ਜਾਂਚ ਸ਼ੁਰੂ

ਫਰੀਦਕੋਟ 3 ਮਈ। : ਫਰੀਦਕੋਟ ਦੇ ਕਸਬਾ ਜੈਤੋ ਦੇ ਪਿੰਡ ਰਾਮੇਆਣਾ ਵਿਖੇ ਅੱਜ ਸਵੇਰੇ ਕਿਸਾਨ ਰਣਜੀਤ ਸਿੰਘ ਦੇ ਘਰ ਦੇ ਬਾਹਰ ਬਣੇ ਖੇਤ ਅੰਦਰ, ਇੱਕ ਹਰੇ ਰੰਗ ਦਾ ਕਰੀਬ ਡੇਢ ਫੁੱਟ ਲੰਬਾ ਗੁਬਾਰਾ ਜੋ ਸ਼ਾਇਦ ਗੈਸ ਦਾ ਭਰਿਆ ਹੋਇਆ ਸੀ, ਆਣ ਕੇ ਡਿੱਗਾ। ਜਦ ਕਿਸਾਨ ਰਣਜੀਤ ਸਿੰਘ ਵੱਲੋਂ ਇਸ ਗੁਬਾਰੇ ਨੂੰ ਗੌਰ ਨਾਲ ਦੇਖਿਆ ਤਾਂ ਇਹ ਉਤੇ ਪਾਕਿਸਤਾਨ ਲਿਖਿਆ ਹੋਇਆ ਸੀ ਜਿਸ ਤੋਂ ਬਾਅਦ ਉਨ੍ਹਾਂ ਵਿੱਚ ਕਾਫੀ ਸਹਿਮ ਦਾ ਮਾਹੌਲ ਬਣ ਗਿਆ। ਇਸ ਘਟਨਾ ਦੀ ਸੂਚਨਾ ਤੁਰੰਤ ਉਨ੍ਹਾਂ ਵੱਲੋਂ ਪੁਲਸ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਥਾਣਾ ਜੈਤੋ ਦੀ ਪੁਲਸ ਟੀਮ ਘਟਨਾ ਵਾਲੀ ਜਗ?ਹਾ 'ਤੇ ਪਹੁੰਚੀ ਜਿੱਥੇ ਉਨ੍ਹਾਂ ਵੱਲੋਂ ਇਸ ਗੈਸੀ ਗੁਬਾਰੇ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਕਿਸਾਨ ਰਣਜੀਤ ਸਿੰਘ ਦੀ ਸ਼ਿਕਾਇਤ 'ਤੇ ਰਿਪੋਰਟ ਦਰਜ ਕੀਤੀ ਗਈ। ਇਸ ਸਬੰਧੀ ਰਣਜੀਤ




ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਉਨ੍ਹਾਂ ਨੂੰ ਘਰ ਦੇ ਬਾਹਰ ਕੋਈ ਚੀਜ਼ ਉੱਤੋਂ ਉਡਦੀ ਹੋਈ ਦਿਖਾਈ ਦਿੱਤੀ ਜੋ ਘਰ ਦੇ ਬਾਹਰ ਬਣੇ ਇੱਕ ਖਾਲੀ ਜਗ?ਹਾ ਦੇ ਵਿੱਚ ਆ ਡਿੱਗੀ ਜਦ ਇਸ ਨੂੰ ਗੌਰ ਨਾਲ ਦੇਖਿਆ ਗਿਆ ਤਾਂ ਇਹ ਗੁਬਾਰਾ ਸੀ। ਉਨ੍ਹਾਂ ਦੱਸਿਆ ਕਿ ਇਸ ਗੁਬਾਰੇ ਦੇ ਉੱਤੇ ਪਾਕਿਸਤਾਨ ਲਿਖਿਆ ਹੋਇਆ ਸੀ। ਉਨ੍ਹਾਂ ਵੱਲੋਂ ਤੁਰੰਤ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ ਜਿਸ ਤੋਂ ਬਾਅਦ ਪੁਲਸ ਵੱਲੋਂ ਇਸ ਬਾਰੇ ਨੂੰ ਕਬਜ਼ੇ ਵਿੱਚ ਲੈ ਲਿਆ। ਇਸ ਸਬੰਧੀ ਐੱਸਪੀ ਮਨਵਿੰਦਰ ਸਿੰਘ ਨੇ ਦੱਸਿਆ ਕਿ ਕਿਸਾਨ ਰਣਜੀਤ ਸਿੰਘ ਦੀ ਸ਼ਿਕਾਇਤ ਤੋਂ ਬਾਅਦ ਇੱਕ ਰਿਪੋਰਟ ਲਿਖ ਲਈ ਗਈ ਅਤੇ ਗੁਬਾਰੇ ਨੂੰ ਜੋ ਕਿ ਬੱਚਿਆਂ ਦੇ ਖੇਡਣ ਵਾਲਾ ਗੁਬਾਰਾ ਹੈ ਅਤੇ ਇਸ ਉੱਤੇ ਪਾਕਿਸਤਾਨ ਲਿਖਿਆ ਹੋਇਆ ਹੈ। ਇਸ ਨੂੰ ਕਬਜ਼ੇ ਵਿੱਚ ਲੈ ਲਿਆ ਗਿਆ ਹੈ। ਫਿਲਹਾਲ ਇਸ ਸਬੰਧੀ ਜਾਂਚ ਕੀਤੀ ਜਾਵੇਗੀ ਕਿ ਇਹ ਗੁਬਾਰਾ ਆਪਣੇ ਆਪ ਸਰਹੱਦ ਪਾਰ ਤੋਂ ਉੱਡ ਕੇ ਆਇਆ ਹੈ ਹੈ ਜਾਂ ਕਿਸੇ ਦੀ ਸ਼ਰਾਰਤ ਹੈ।

## ਫੂਡ ਸੇਫਟੀ ਵਿਭਾਗ ਵੱਲੋਂ ਲੁਧਿਆਣਾ ਦੇ ਕਾਰਖਾਨੇ 'ਚੋਂ 545 ਕਿਲੋ ਪਨੀਰ ਜ਼ਬਤ

ਲੁਧਿਆਣਾ 3 ਮਈ। ਬਸੰਤ ਐਵੇਨਿਊ ਵਿਖੇ ਫੂਡ ਸੇਫਟੀ ਵਿਭਾਗ ਵੱਲੋਂ ਸ਼ੱਕ ਦੇ ਆਧਾਰ 'ਤੇ ਇਕ ਕਾਰਖਾਨੇ ਵਿੱਚੋਂ 545 ਕਿਲੋ ਪਨੀਰ ਜ਼ਬਤ ਕੀਤਾ ਗਿਆ। ਇਹ ਪਨੀਰ ਇਕ ਦਿਨ ਪਹਿਲਾਂ ਲੁਧਿਆਣਾ ਦੇ ਬਾਹਰੋਂ ਇਥੇ ਸਪਲਾਈ ਕੀਤਾ ਗਿਆ ਸੀ ਅਤੇ ਅੱਜ ਹੈਬੋਵਾਲ ਡੇਅਰੀ ਐਸੋਸੀਏਸ਼ਨ ਦੀ ਸ਼ਿਕਾਇਤ 'ਤੇ ਵਿਭਾਗ ਨੇ ਛਾਪਾ ਮਾਰਿਆ ਹੈ। ਇਹ ਪਨੀਰ ਕਾਰਖਾਨੇ 'ਚੋਂ ਅੱਗੇ ਸ਼ਹਿਰ 'ਚ ਸਪਲਾਈ ਕੀਤਾ ਜਾਣਾ ਸੀ। ਇਸ ਦੌਰਾਨ 2 ਸੈਂਪਲ 1 ਪਨੀਰ ਅਤੇ 1 ਦਹੀਂ ਦਾ ਲੈਬ ਟੈਸਟ ਲਈ ਭਰੇ ਗਏ ਤਾਂ ਜੋ ਉਨ੍ਹਾਂ ਦੀ ਗੁਣਵੱਤਾ ਦੀ ਜਾਂਚ ਕੀਤੀ ਜਾ ਸਕੇ। ਮੁੱਢਲੀ ਜਾਂਚ 'ਚ ਪਤਾ ਲੱਗਿਆ ਕਿ ਜ਼ਬਤ ਕੀਤਾ ਗਿਆ ਪਨੀਰ ਸਿਰਫ ਇਕ ਦਿਨ ਪਹਿਲਾਂ ਲੁਧਿਆਣਾ 'ਚ ਬਾਹਰੋਂ ਆਇਆ ਸੀ, ਜਿਸ ਕਾਰਨ ਇਸ ਦੀ ਸਟੋਰੇਜ, ਟਰਾਂਸਪੋਰਟੇਸ਼ਨ ਅਤੇ ਗੁਣਵੱਤਾ ਬਾਰੇ ਜਾਂਚ ਕੀਤੀ ਜਾਵੇਗੀ। ਸਿਵਲ ਸਰਜਨ ਲੁਧਿਆਣਾ ਡਾ. ਰਮਨਦੀਪ ਕੌਰ ਤੇ ਜ਼ਿਲਾ ਸਿਹਤ ਅਫਸਰ ਡਾ. ਅਮਰਜੀਤ ਕੌਰ ਨੇ ਕਿਹਾ ਕਿ ਲੋਕਾਂ ਦੀ ਸਿਹਤ ਸਾਡੇ ਲਈ ਸਭ ਤੋਂ ਪਹਿਲਾਂ ਹੈ। ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਸੁਰੱਖਿਅਤ ਅਤੇ ਸਾਫ਼-ਸੁਥਰਾ ਖਾਣਾ ਹੀ ਲੋਕਾਂ ਤੱਕ ਪਹੁੰਚੇ। ਜੋ ਵੀ ਵਿਅਕਤੀ ਜਾਂ ਸੰਸਥਾ ਖੁਰਾਕੀ ਪਦਾਰਥਾਂ ਦੀ ਗੁਣਵੱਤਾ ਨਾਲ ਸਮਝੌਤਾ ਕਰੇਗਾ, ਉਸ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਪੰਜਾਬ ਦੇ ਕਿਸਾਨਾਂ ਲਈ ਚੰਗੀ ਖ਼ਬਰ, ਖ਼ਾਤਿਆਂ 'ਚ ਆ ਰਹੇ ਪੈਸੇ

**ਕਿਸ਼ਨ ਪਾਲ**

ਚੰਡੀਗੜ੍ਹ/ਜਲੰਧਰ 3 ਮਈ। ਸੂਬੇ ਭਰ ਦੀਆਂ ਮੰਡੀਆਂ 'ਚ ਕਣਕ ਦੀ ਖ਼ਰੀਦ ਪ੍ਰਕਿਰਿਆ ਤੇਜ਼ੀ ਨਾਲ ਚੱਲ ਰਹੀ ਹੈ ਅਤੇ ਹੁਣ ਤਕ 114 ਲੱਖ ਮੀਟ੍ਰਿਕ ਟਨ ਕਣਕ ਮੰਡੀਆਂ 'ਚ ਪਹੁੰਚ ਚੁੱਕੀ ਹੈ, ਜਿਸ 'ਚੋਂ 111 ਲੱਖ ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਬੁੱਧਵਾਰ ਨੂੰ ਚੰਡੀਗੜ੍ਹ ਸਥਿਤ ਅਨਾਜ ਭਵਨ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਸਰਕਾਰੀ ਏਜੰਸੀਆਂ ਦੁਆਰਾ ਖ਼ਰੀਦ 100 ਲੱਖ ਮੀਟ੍ਰਿਕ ਟਨ ਦੇ ਅੰਕੜੇ ਨੂੰ ਪਾਰ ਕਰ ਗਈ ਹੈ ਅਤੇ ਮੌਜੂਦਾ ਸਮੇਂ ਮੰਡੀਆਂ 'ਚੋਂ 103 ਲੱਖ ਮੀਟ੍ਰਿਕ ਟਨ ਕਣਕ ਦੀ ਸਰਕਾਰੀ ਖ਼ਰੀਦ ਕੀਤੀ ਜਾ ਚੁੱਕੀ ਹੈ। ਕਿਸਾਨਾਂ ਨੂੰ ਅਦਾਇਗੀਆਂ ਦੇ ਸਬੰਧ 'ਚ ਉਨ੍ਹਾਂ ਦੱਸਿਆ ਕਿ ਕਿਸਾਨਾਂ ਦੇ ਖ਼ਾਤਿਆਂ 'ਚ 22,815 ਕਰੋੜ ਰੁਪਏ ਦੀ ਰਕਮ ਜਮ?ਹਾਂ ਕਰਵਾਈ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਭੁਗਤਾਨ ਨਾਲ ਦੀ ਨਾਲ ਕੀਤਾ ਜਾ ਰਿਹਾ ਹੈ। ਹੁਣ ਤਕ 6,28,674 ਕਿਸਾਨ ਆਪਣੀ ਉਪਜ ਮੰਡੀਆਂ 'ਚ ਲਿਆ ਚੁੱਕੇ ਹਨ। ਚੁਕਾਈ ਵੀ ਤੇਜ਼ੀ ਨਾਲ



ਕੀਤੀ ਜਾ ਰਹੀ ਹੈ ਅਤੇ 47.37 ਲੱਖ ਮੀਟ੍ਰਿਕ ਟਨ ਕਣਕ ਦੀ ਚੁਕਾਈ ਹੋ ਚੁੱਕੀ ਹੈ, ਜੋਕਿ 72 ਘੰਟਿਆਂ ਦੇ ਨਿਯਮਾਂ ਅਨੁਸਾਰ 56.6 ਫ਼ੀਸਦੀ ਹੈ। ਉਨ੍ਹਾਂ ਕਿਹਾ ਕਿ ਸੂਬੇ ਭਰ 'ਚ ਕੁੱਲ੍ਹ 2,885 ਖ਼ਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ ਅਤੇ ਇਨ੍ਹਾਂ 'ਚੋਂ 1,864 ਨਿਯਮਤ ਕੀਤੇ ਗਏ ਹਨ ਜਦਕਿ 1,021 ਅਸਥਾਈ ਹਨ। ਇਸ ਵਾਰ ਝਾੜ ਬਹੁਤ ਜ਼ਿਆਦਾ ਰਿਹਾ ਹੈ, ਜਿਸ ਕਾਰਨ ਪੰਜਾਬ 'ਚ ਬੰਪਰ ਫ਼ਸਲ ਹੋਈ ਹੈ। ਇਸ ਨਾਲ 124 ਲੱਖ ਮੀਟ੍ਰਿਕ ਟਨ ਦੇ ਟੀਚੇ ਨੂੰ ਸਫ਼ਲਤਾਪੂਰਵਕ ਪੂਰਾ ਕਰਨ 'ਚ ਬਹੁਤ ਮਦਦ ਮਿਲੇਗੀ। ਕਟਾਰੂਚੱਕ ਨੇ ਦੱਸਿਆ ਕਿ ਸਮੇਂ-ਸਮੇਂ 'ਤੇ ਸੂਬੇ ਦੀਆਂ ਮੰਡੀਆਂ ਦਾ ਦੌਰਾ ਕਰ ਰਹੇ ਹਨ ਅਤੇ ਕਿਸੇ ਵੀ ਕਿਸਾਨ ਨੇ ਮੰਡੀਆਂ 'ਚ ਕੀਤੇ ਪ੍ਰਬੰਧਾਂ ਬਾਰੇ ਕੋਈ ਸ਼ਿਕਾਇਤ ਨਹੀਂ ਕੀਤੀ ਹੈ। ਇਸ ਦੇ ਨਾਲ ਹੀ ਬਾਰਦਾਨੇ, ਸਾਫ਼-ਸਫ਼ਾਈ, ਪੀਣ ਵਾਲਾ ਪਾਣੀ ਅਤੇ ਲੱਕੜ ਦੇ ਕਰੇਟ ਵਰਗੀਆਂ ਸਾਰੀਆਂ ਜ਼ਰੂਰੀ ਸਹੂਲਤਾਂ ਯਕੀਨੀ ਬਣਾਈਆਂ ਗਈਆਂ ਹਨ। ਇਸ ਮੌਕੇ ਪ੍ਰਮੁੱਖ ਸਕੱਤਰ ਰਾਹੁਲ ਤਿਵਾੜੀ, ਵਧੀਕ ਸਕੱਤਰ ਕਮਲ ਕੁਮਾਰ ਗਰਗ ਅਤੇ ਵਧੀਕ ਡਾਇਰੈਕਟਰ ਡਾ. ਅੰਜੁਮਨ ਭਾਸਕਰ ਮੌਜੂਦ ਸਨ।

## ਪਾਣੀ ਦੇ ਮੁੱਦੇ 'ਤੇ ਰਾਜਾ ਵੜਿੰਗ ਦੀ ਚਿਤਾਵਨੀ

ਜਲੰਧਰ/ਚੰਡੀਗੜ੍ਹ 3 ਮਈ। ਪੰਜਾਬ ਅਤੇ ਹਰਿਆਣਾ ਵਿਚਕਾਰ ਸਾਲਾਂ ਪੁਰਾਣਾ ਪਾਣੀ ਦਾ ਵਿਵਾਦ ਇਕ ਵਾਰ ਫਿਰ ਤੋਂ ਭੱਖਦਾ ਜਾ ਰਿਹਾ ਹੈ। ਪਾਣੀ ਦੇ ਮੁੱਦੇ ਨੂੰ ਲੈ ਕੇ ਫਿਰ ਤੋਂ ਪੰਜਾਬ ਅਤੇ ਹਰਿਆਣਾ ਆਹਮੋ-ਸਾਹਮਣੇ ਹੋ ਗਏ ਹਨ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਚਿਤਾਵਨੀ ਦਿੱਤੀ ਕਿ ਸੂਬੇ ਦੇ ਲੋਕ ਕਿਸੇ ਹੋਰ ਸੂਬੇ ਨੂੰ ਵਾਧੂ ਪਾਣੀ ਦੀ ਇਕ ਬੂੰਦ ਵੀ ਨਹੀਂ ਜਾਣ ਦੇਣਗੇ। ਪਾਣੀ ਦੇ ਮੁੱਦੇ ਦਿੱਲੀ ਦੇ ਮੰਤਰੀ ਪਰਵੇਸ਼ ਵਰਮਾ ਦੇ ਟਵੀਟ 'ਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਅਸੀਂ ਕਦੇ ਵੀ 10 ਸਾਲਾਂ ਤੱਕ ਪਾਣੀ ਨਹੀਂ ਰੋਕਿਆ ਪਰ ਜੇਕਰ



ਪੰਜਾਬ ਵਿਚ ਪਾਣੀ ਦੀ ਕਮੀ ਹੈ ਤਾਂ ਇਹ ਸੁਭਾਵਿਕ ਹੈ ਕਿ ਅਸੀਂ ਪੰਜਾਬ ਨੂੰ ਤਰਜੀਹ ਦੇਵਾਂਗੇ। ਉਨ੍ਹਾਂ ਕਿਹਾ ਕਿ ਹੋ ਸਕਦਾ ਹੈ ਕਿ ਦਿੱਲੀ ਅਤੇ ਹਰਿਆਣਾ ਨੂੰ ਹੋਰ ਪਾਣੀ ਦੀ ਲੋੜ ਹੋਵੇ ਪਰ ਅਸੀਂ ਪਹਿਲਾਂ ਹੀ ਉਨ੍ਹਾਂ ਦੇ ਹਿੱਸੇ ਦਾ ਪਾਣੀ ਛੱਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਨੂੰ ਉਸ ਦੇ ਬਣਦੇ ਹੱਕ ਮੁਤਾਬਕ ਪਾਣੀ ਮਿਲ ਗਿਆ ਹੈ ਅਤੇ ਪੰਜਾਬ ਖ਼ੁਦ ਪਾਣੀ ਦੀ ਕਮੀ ਵਿੱਚ ਹੈ ਤਾਂ ਹਰਿਆਣਾ ਵਾਧੂ ਪਾਣੀ ਨਹੀਂ ਮੰਗ ਸਕਦਾ। ਇਸ ਮੁੱਦੇ 'ਤੇ ਅਸੀਂ ਪੰਜਾਬ ਦੇ ਲੋਕਾਂ ਅਤੇ ਪੰਜਾਬ ਸਰਕਾਰ ਦੇ ਨਾਲ ਹਾਂ, ਜੇਕਰ ਉਹ ਸਾਡਾ ਪਾਣੀ ਵੀ ਚੋਰੀ ਕਰ ਲੈਣਗੇ ਤਾਂ ਸੂਬੇ ਦਾ ਕੀ ਬਚੇਗਾ? ਵੜਿੰਗ ਨੇ ਕਿਹਾ ਕਿ ਜਦੋਂ ਹਰਿਆਣਾ ਨੂੰ ਆਪਣਾ ਹਿੱਸਾ ਪਹਿਲਾਂ ਹੀ ਮਿਲ ਚੁੱਕਾ ਹੈ ਤਾਂ ਉਸ ਕੋਲ ਵਾਧੂ ਪਾਣੀ ਮੰਗਣ ਦਾ ਕੋਈ ਕਾਰਨ ਨਹੀਂ ਹੈ। ਅਸੀਂ ਦੂਜਿਆਂ ਨੂੰ ਪਾਣੀ ਦੇਣ ਲਈ ਆਪਣੇ ਸੂਬੇ ਨੂੰ ਸੁੱਕਣ ਨਹੀਂ ਦੇ ਸਕਦੇ। ਉਨ੍ਹਾਂ ਨੇ ਸਥਿਤੀ ਨਾਲ ਨਜਿੱਠਣ ਲਈ ਸਰਕਾਰ ਨੂੰ ਪੂਰਾ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

# ਨਾਜਾਇਜ਼ ਸ਼ਰਾਬ ਸਣੇ ਇਕ ਵਿਅਕਤੀ ਗ੍ਰਿਫ਼ਤਾਰ

ਟਾਂਡਾ ਉੜਮੁੜ 3 ਮਈ। ਟਾਂਡਾ ਪੁਲਸ ਦੀ ਟੀਮ ਨੇ ਫ਼ੌਜੀ ਕਾਲੋਨੀ ਦੇ ਸ਼ਮਸ਼ਾਨ ਘਾਟ ਨੇੜੇ ਇਕ ਸਕੂਟਰੀ ਸਵਾਰ ਵਿਅਕਤੀ ਨੂੰ ਨਾਜਾਇਜ਼ ਸ਼ਰਾਬ ਸਣੇ ਗ੍ਰਿਫ਼ਤਾਰ ਕੀਤਾ ਹੈ। ਐੱਸ. ਐੱਚ. ਓ. ਟਾਂਡਾ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਸੰਦੀਪ ਕੁਮਾਰ ਮਲਿਕ ਅਤੇ ਡੀ. ਐੱਸ. ਪੀ. ਟਾਂਡਾ ਦਵਿੰਦਰ ਸਿੰਘ ਬਾਜਵਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਨਸ਼ੇ ਖ਼?ਲਾਫ਼ ਵਿੱਢੀ ਮੁਹਿੰਮ ਤਹਿਤ ਏ. ਐੱਸ. ਆਈ. ਸਤਪਾਲ ਸਿੰਘ ਦੀ ਟੀਮ ਨੇ ਸਫ਼ਲਤਾ ਹਾਸਲ ਕੀਤੀ ਹੈ। ਐੱਸ. ਐੱਚ. ਓ. ਨੇ ਦੱਸਿਆ ਕਿ ਜਦੋਂ ਪੁਲਸ ਟੀਮ ਫ਼ੌਜੀ ਕਾਲੋਨੀ ਮੂਨਕ ਕਲਾਂ ਇਲਾਕੇ ਵਿਚ ਗਸ਼ਤ ਕਰ ਰਹੀ ਸੀ ਤਾਂ ਸਕੂਟਰੀ ਸਵਾਰ ਕਸ਼ਮੀਰ ਸਿੰਘ ਪੁੱਤਰ ਖਜਾਨ ਸਿੰਘ ਵਾਸੀ ਪਿੰਡ ਮੌਜਪੁਰ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ ਵਿੱਚੋਂ 18750 ਮਿਲੀ ਲੀਟਰ ਨਾਜਾਇਜ਼ ਸ਼ਰਾਬ ਬਰਾਮਦ ਕਰਕੇ ਇਸ ਵਿਅਕਤੀ ਖ਼?ਲਾਫ਼ ਆਬਕਾਰੀ ਐਕਟ ਦੇ ਅਧੀਨ ਮਾਮਲਾ ਦਰਜ ਕਰਕੇ ਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਪਤਾ ਲਾਇਆ ਜਾ ਰਿਹਾ ਹੈ ਕਿ ਇਸ ਮੁਲਜਮ ਦੀ ਸ਼ਰਾਬ ਸਬੰਧੀ ਸਪਲਾਈ ਲਾਈਨ ਕੀ ਸੀ।

## ਜਲੰਧਰ 'ਚ ਸਵੇਰੇ-ਸਵੇਰੇ ਚੱਲੀਆਂ ਗੋਲੀਆਂ ! ਹੋ ਗਿਆ ਵੱਡਾ ਐਨਕਾਊਂਟਰ, ਪੁਲਸ ਨੇ ਘੇਰ ਲਿਆ ਪੂਰਾ ਇਲਾਕਾ

ਜਲੰਧਰ 3 ਮਈ। ਅੱਜ ਸਵੇਰੇ-ਸਵੇਰੇ ਜਲੰਧਰ ਦੇ ਥਾਣਾ ਮਕਸੂਦਾਂ ਅਧੀਨ ਆਉਂਦੇ ਪਿੰਡ ਅਮਾਨਤਪੁਰ ਤੋਂ ਹੀਰਾਪੁਰ ਨੂੰ ਜਾਂਦੀ ਸੜਕ 'ਤੇ ਪੁਲਸ ਤੇ ਗੈਂਗਸਟਰ ਵਿਚਾਲੇ ਗੋਲ?ੀਆਂ ਚੱਲਣ ਦੀ ਸੂਚਨਾ ਹੈ। ਇਸ ਵਿਚ ਗੈਂਗਸਟਰ ਨੂੰ ਗੋਲ?ੀ ਲੱਗੀ ਤੇ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ। ਜਾਣਕਾਰੀ ਮੁਤਾਬਕ ਸਾਜਨ ਨਾਇਰ ਪੁੱਤਰ ਵਿਜੇ ਨਾਇਰ ਛੋਟਾ ਹਰੀਪੁਰ ਇਸਲਾਮਾਬਾਦ ਅੰਮ੍ਰਿਤਸਰ ਬਿਨਾ ਨੰਬਰੀ ਮੋਟਰਸਾਈਕਲ 'ਤੇ ਆ ਰਿਹਾ ਸੀ ਤੇ ਪੁਲਸ ਨੇ ਅਮਾਨਤਪੁਰ ਦੇ ਨੇੜੇ ਨਾਕਾ ਲਗਾਇਆ ਹੋਇਆ ਸੀ। ਨਾਕਾ ਵੇਖ ਕੇ ਸਾਜਨ ਨੇ ਪੁਲਸ 'ਤੇ ਹਵਾਈ ਫ਼ਾਇਰ ਕਰ ਦਿੱਤਾ ਤੇ ਉੱਥੋਂ ਫ਼ਰਾਰ ਹੋ ਗਿਆ। ਪੁਲਸ ਟੀਮ ਨੇ ਪਿੱਛਾ ਕਰ ਕੇ ਅਮਾਨਤਪੁਰ ਤੋਂ ਹੀਰਾਪੁਰ ਜਾਂਦੀ ਸੜਕ ਨੇੜੇ ਨਹਿਰ ਦੇ ਆਲੇ-ਦੁਆਲੇ ਘੇਰ ਲਿਆ। ਇਸ ਮਗਰੋਂ ਸਾਜਨ ਨੇ ਪੁਲਸ 'ਤੇ ਫ਼ਾਇਰ ਕੀਤਾ। ਪੁਲਸ ਵੱਲੋਂ ਵੀ ਜਵਾਬੀ ਫ਼ਾਇਰ ਵਿਚ ਗੋਲ?ੀ ਸਾਜਨ ਨੂੰ ਲੱਗੀ ਤੇ ਉਹ ਜ਼ਖ਼ਮੀ ਹੋ ਗਿਆ। ਪੁਲਸ ਵੱਲੋਂ ਉਸ ਨੂੰ ਕਾਬੂ ਕਰ ਲਿਆ ਗਿਆ ਹੈ। ਮੌਕੇ 'ਤੇ ਐੱਸ.ਐੱਸ.ਪੀ. ਦਿਹਾਤੀ ਹਰਵਿੰਦਰ ਸਿੰਘ ਵਿਰਕ, ਐੱਸ.ਪੀ.ਡੀ. ਸਰਬਜੀਤ ਰਾਏ ਮੌਕੇ 'ਤੇ ਪਹੁੰਚੇ ਤੇ ਜਾਂਚ ਸ਼ੁਰੂ ਕੀਤੀ।

# ਪੰਜਾਬ ਦੇ ਬਿਜਲੀ ਮੰਤਰੀ ਦਾ ਵੱਡਾ ਐਲਾਨ

**ਏਜੰਸੀਆਂ**

ਚੰਡੀਗੜ੍ਹ 3 ਮਈ। ਖਪਤਕਾਰਾਂ ਲਈ ਸ਼ਿਕਾਇਤ ਨਿਵਾਰਨ ਤੇ ਸੇਵਾ ਪ੍ਰਦਾਨ ਪ੍ਰਣਾਲੀ ਦੀ ਮਜ਼ਬੂਤੀ ਵੱਲ ਵੱਡੀ ਪੁਲਾਂਘ ਪੁੱਟਦਿਆਂ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ ਦੇ ਕਾਲ ਸੈਂਟਰ ਦੇ ਬੁਨਿਆਦੀ ਢਾਂਚੇ ਦੇ ਵਿਸਥਾਰ ਦਾ ਐਲਾਨ ਕੀਤਾ ਹੈ। ਇਸ ਕਦਮ ਦਾ ਮਕਸਦ ਸੂਬੇ ਭਰ 'ਚ ਬਿਜਲੀ ਸ਼ਿਕਾਇਤ ਰਜਿਸਟ?ਰੇਸ਼ਨ ਪ੍ਰਣਾਲੀ ਦੀ ਕੁਸ਼ਲਤਾ ਅਤੇ ਜਵਾਬਦੇਹੀ ਨੂੰ ਬਿਹਤਰ ਬਣਾਉਣਾ ਹੈ। ਮੌਜੂਦਾ ਸਮੇਂ ਆਪਣੀ ਖਪਤਕਾਰ ਸ਼ਿਕਾਇਤ ਹੈਲਪਲਾਈਨ (1912) ਨੂੰ ਦੋ ਕਾਲ ਸੈਂਟਰਾਂ ਰਾਹੀਂ ਚਲਾਉਂਦਾ ਹੈ। ਹਰੇਕ ਕੇਂਦਰ 'ਚ ਪ੍ਰਤੀ ਸ਼ਿਫਟ ਕੁੱਲ 120 ਸੀਟਾਂ ਹਨ, ਜੋ 24 ਘੰਟੇ ਕੰਮ ਕਰਦੀਆਂ ਹਨ। ਇਸ ਤਰ੍ਹਾਂ ਖਪਤਕਾਰਾਂ ਦੁਆਰਾ ਦਰਜ ਕਰਵਾਏ ਬਿਜਲੀ ਨਾਲ ਸਬੰਧਤ ਮੁੱਦਿਆਂ ਦੇ ਪ੍ਰਬੰਧਨ ਲਈ ਰੋਜ਼ਾਨਾ 360 ਕਰਮਚਾਰੀ ਕਾਲ ਸੈਂਟਰ 'ਤੇ ਕੰਮ 'ਚ ਲੱਗੇ ਹੋਏ ਹਨ। ਇਹ ਹੈਲਪਲਾਈਨ 150 ਕਾਲ ਚੈਨਲਾਂ ਦੁਆਰਾ ਸੰਚਾਲਨ ਕਰਦੀ ਹੈ ਪਰ ਇਨ੍ਹਾਂ ਸਰੋਤਾਂ ਦੇ ਬਾਵਜੂਦ ਵੀ ਹਰ ਸਮੇਂ ਔਸਤਨ 30 ਕਾਲਾਂ ਉਡੀਕ (ਵੇਟਿੰਗ) 'ਚ ਰਹਿੰਦੀਆਂ ਹਨ ਹਾਲਾਂਕਿ ਉਨ੍ਹਾਂ 'ਤੇ ਤੁਰੰਤ ਸੁਣਵਾਈ ਕੀਤੀ ਜਾਂਦੀ ਹੈ। ਇਸ ਵਧਦੀ



ਮੰਗ ਨੂੰ ਪੂਰਾ ਕਰਨ ਅਤੇ ਬਿਹਤਰ ਸੇਵਾ ਨੂੰ ਯਕੀਨੀ ਬਣਾਉਣ ਲਈ ਆਪਣੀ ਸਮਰੱਥਾ 'ਚ ਮਹੱਤਵਪੂਰਨ ਵਾਧਾ ਕਰ ਰਿਹਾ ਹੈ। ਕਾਰਪੋਰੇਸ਼ਨ ਦੇ ਡਾਇਰੈਕਟਰ (ਡਬਲਿਊ.ਟੀ.ਡੀਜ਼) ਨੇ ਕਾਰਜਸ਼ੀਲ ਕਾਲ ਚੈਨਲਾਂ ਦੀ ਗਿਣਤੀ ਨੂੰ 600 ਤਕ ਵਧਾਉਣ ਦੀ ਮਹੱਤਵਪੂਰਨ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਨ੍ਹਾਂ 'ਚੋਂ 210 ਚੈਨਲ ਮੌਜੂਦਾ ਕਾਲ ਸੈਂਟਰਾਂ ਨੂੰ ਅਲਾਟ ਕੀਤੇ ਜਾਣਗੇ, ਜਦੋਂ ਕਿ ਬਾਕੀ ਮੋਹਾਲੀ 'ਚ ਸਥਾਪਿਤ ਕੀਤੇ ਜਾਣ ਵਾਲੇ ਬਿਲਕੁਲ ਨਵੇਂ ਕਾਲ ਸੈਂਟਰ 'ਚ ਹੋਣਗੇ। ਮੋਹਾਲੀ ਵਿਖੇ ਬਣਨ ਵਾਲੇ ਕਾਲ ਸੈਂਟਰ 'ਚ ਹਰੇਕ ਸ਼ਿਫਟ ਲਈ 250 ਸੀਟਾਂ ਹੋਣਗੀਆਂ ਤੇ ਇਹ 24 ਘੰਟੇ ਕੰਮ ਕਰੇਗਾ। ਇਥੇ ਕੁੱਲ 750 ਕਰਮਚਾਰੀ ਕਾਲ ਸੈਂਟਰ ਵਿਚ ਹਰ ਸਮੇਂ ਖਪਤਕਾਰਾਂ ਦੀਆਂ ਸ਼ਿਕਾਇਤਾਂ ਨੂੰ ਸੁਣਨ ਲਈ ਹਾਜ਼ਰ ਰਹਿਣਗੇ। ਇਸ ਤਰ੍ਹਾਂ ਇਸ ਪਹਿਲਕਦਮੀ ਨਾਲ ਨਾ ਸਿਰਫ਼ ਸੇਵਾ ਪ੍ਰਦਾਨ ਪ੍ਰਣਾਲੀ ਵਿਚ ਮਹੱਤਵਪੂਰਨ ਸੁਧਾਰ ਹੋਣ ਦੀ ਉਮੀਦ ਹੈ, ਸਗੋਂ ਇਹ ਨੌਜਵਾਨਾਂ ਨੂੰ ਰੋਜ਼ਗਾਰ ਦੇ ਚੋਖੇ ਮੌਕੇ ਵੀ ਮੁਹੱਈਆ ਕਰਵਾਏਗਾ। ਪ੍ਰਾਜੈਕਟ ਲਈ ਇਕ ਟੈਂਡਰ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ ਅਤੇ ਬੋਲੀ ਪ੍ਰਕਿਰਿਆ ਜਲਦੀ ਹੀ ਖ਼ਤਮ ਹੋਣ ਵਾਲੀ ਹੈ। ਇਸ ਨਵੀਂ ਸਹੂਲਤ ਦੇ ਜੂਨ 2025 ਤੱਕ ਪੂਰੀ ਤਰ੍ਹਾਂ ਕਾਰਜਸ਼ੀਲ ਹੋਣ ਦੀ ਉਮੀਦ ਹੈ। ਖਪਤਕਾਰ ਹੈਲਪਲਾਈਨ ਨੰਬਰ 1912 'ਤੇ ਕਿਸੇ ਵੀ ਸਮੇਂ ਕਾਲ ਕਰ ਕੇ ਸੇਵਾਵਾਂ ਲੈ ਸਕਦੇ ਹਨ, ਜੋ 24 ਘੰਟੇ ਸਰਗਰਮ ਹੈ।

# ਪਾਣੀ ਦੇ ਮੁੱਦੇ 'ਤੇ ਵਿਵਾਦ ਵਿਚਾਲੇ ਮਾਲਵਿੰਦਰ ਕੰਗ ਨੇ ਲਿਖੀ ਰਵਨੀਤ ਬਿੱਟੂ ਨੂੰ ਚਿੱਠੀ

**ਏਜੰਸੀਆਂ**

ਚੰਡੀਗੜ੍ਹ/ਜਲੰਧਰ 3 ਮਈ। ਪੰਜਾਬ ਅਤੇ ਹਰਿਆਣਾ ਵਿਚਕਾਰ ਸਾਲਾਂ ਪੁਰਾਣਾ ਪਾਣੀ ਦਾ ਵਿਵਾਦ ਇਕ ਵਾਰ ਫਿਰ ਤੋਂ ਭੱਖਦਾ ਜਾ ਰਿਹਾ ਹੈ। ਪਾਣੀ ਦੇ ਮੁੱਦੇ ਨੂੰ ਲੈ ਕੇ ਫਿਰ ਤੋਂ ਪੰਜਾਬ ਅਤੇ ਹਰਿਆਣਾ ਆਹਮੋ-ਸਾਹਮਣੇ ਹੋ ਗਏ ਹਨ। ਹਾਲ ਹੀ ਵਿਚ ਹਰਿਆਣਾ ਵੱਲੋਂ ਪਾਣੀ ਦੀ ਕਿੱਲਤ ਦੀ ਸ਼ਿਕਾਇਤ ਮਗਰੋਂ ਇਹ ਮੁੱਦਾ ਦੋਵਾਂ ਸੂਬਿਆਂ ਵਿਚਾਲੇ ਤਿੱਖੀ ਬਿਆਨਬਾਜ਼ੀ ਦਾ ਕਾਰਨ ਬਣ ਗਿਆ ਹੈ। ਇਸੇ ਨੂੰ ਲੈ ਕੇ ਸੰਸਦ ਮੈਂਬਰ ਮਾਲਵਿੰਦਰ ਕੰਗ ਨੇ ਰਵਨੀਤ ਬਿੱਟੂ ਨੂੰ ਚਿੱਠੀ ਲਿਖੀ ਹੈ। ਇਸ ਦੌਰਾਨ ਉਨ੍ਹਾਂ ਪੁੱਛਿਆ ਕਿ ਪੰਜਾਬ ਦੇ ਪਾਣੀ ਦਾ ਹੱਕ ਮਾਰਿਆ ਜਾ ਰਿਹਾ ਹੈ ਅਤੇ ਤੁਸੀਂ ਬੈਠ ਕੇ ਤਮਾਸ਼ਾ ਵੇਖ ਰਹੇ ਹੋ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਬੀ. ਬੀ. ਐੱਮ. ਬੀ. ਨੂੰ ਪੰਜਾਬ ਦਾ 8,500 ਕਿਊਸਿਕ ਪਾਣੀ ਹਰਿਆਣਾ ਨੂੰ ਛੱਡਣ ਲਈ ਮਜਬੂਰ ਕਰਕੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਇਹ ਦਿਨ-ਦਿਹਾੜੇ ਲੁੱਟ ਦੀ ਇਕ ਗੈਰ-ਸੰਵਿਧਾਨਕ ਕਾਰਵਾਈ ਤੋਂ ਘੱਟ ਨਹੀਂ ਹੈ। ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਵੱਲੋਂ ਹਰਿਆਣਾ ਨੂੰ 8,500 ਕਿਊਸਿਕ ਵਾਧੂ ਪਾਣੀ ਦੇਣ ਦਾ ਫ਼ੈਸਲਾ ਪੰਜਾਬ ਦੇ ਹੱਕਾਂ 'ਤੇ ਸਿੱਧਾ ਹਮਲਾ ਹੈ। ਇਹ ਕੋਈ ਸਾਧਾਰਣ ਆਦੇਸ਼ ਨਹੀਂ- ਇਹ ਪੰਜਾਬ ਦੀ ਧਰਤੀ ਸਾਡੇ ਕਿਸਾਨਾਂ ਦੀ ਜੀਵਨ ਰੇਖਾ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਖ਼ਤਰੇ ਵਿੱਚ ਪਾਉਣ ਵਾਲੀ ਘਟੀਆ ਸਾਜਿਸ਼ ਹੈ। ਤੁਹਾਡੀ ਚੁੱਪੀ, ਤੁਹਾਡੀ ਪਾਰਟੀ (ਭਾਜਪਾ) ਦੀ ਸਰਕਾਰ ਦੀ ਇਸ ਗੁੰਡਾਗਰਦੀ ਨੂੰ ਸਮਰਥਨ ਦੇਣ ਵਾਲੀ ਨੀਤੀ ਅਤੇ ਪੰਜਾਬ ਦੇ ਹੱਕਾਂ ਨਾਲ ਧੋਖਾ, 3.5 ਕਰੋੜ ਪੰਜਾਬੀਆਂ ਦੇ ਜ਼ਮੀਰ ਨੂੰ ਠੇਸ ਪਹੁੰਚਾਉਂਦਾ ਹੈ। ਅੱਗੇ ਲਿਖਦੇ ਹੋਏ ਮਾਲਵਿੰਦਰ ਕੰਗ ਨੇ ਕਿਹਾ ਕਿ ਹਰ ਸਾਲ ਬੀ. ਬੀ. ਐੱਮ. ਬੀ. ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚਕਾਰ ਪਾਣੀ ਦੀ ਵੰਡ ਕਰਦਾ ਹੈ, ਜੋ 23 ਮਈ ਤੋਂ ਅਗਲੇ ਸਾਲ ਦੀ 20 ਮਈ ਤੱਕ ਲਾਗੂ ਹੁੰਦੀ ਹੈ। ਇਸ ਸਾਲ ਬੀ. ਬੀ. ਐੱਮ. ਬੀ. ਨੇ ਰਾਜਸਥਾਨ ਨੂੰ 3.318 ਐੱਮ. ਏ. ਐੱਫ਼, ਹਰਿਆਣਾ ਨੂੰ 2.987 ਐੱਮ. ਏ. ਐੱਫ਼ ਅਤੇ ਪੰਜਾਬ ਨੂੰ 5.512 ਐੱਮ. ਏ. ਐੱਫ਼. ਪਾਈ ਅਲਾਟ ਕੀਤਾ ਪਰ ਸਿਤਮ-ਜ਼ਰੀਫ਼ੀ ਵੇਖੋ- ਤੁਹਾਡੀ ਪਾਰਟੀ ਦੀ ਹਰਿਆਣਾ ਸਰਕਾਰ ਨੇ ਆਪਣੇ ਹਿੱਸੇ ਦਾ ਪਾਣੀ 31 ਮਾਰਚ 2025 ਤੱਕ ਹੀ ਪੂਰਾ ਵਰਤ ਲਿਆ ਅਤੇ ਸਹੀ ਤਰ੍ਹਾਂ ਉਪਯੋਗ ਵੀ ਨਹੀਂ ਕੀਤਾ। ਫਿਰ ਵੀ ਉਨ੍ਹਾਂ ਨੇ ਪੰਜਾਬ ਤੋਂ ਰੋਜ਼ਾਨਾ 4,000 ਕਿਊਸਿਕ ਵਾਧੂ ਪਾਣੀ ਪੀਣ ਲਈ ਮੰਗਿਆ। ਸਿੱਖ ਗੁਰੂ ਸਾਹਿਬਾਨ ਦੇ ਸੰਦੇਸ਼ ਅਤੇ ਭਾਈ ਘਨੱਈਆ ਜੀ ਦੀ ਸੇਵਾ ਦੀ ਸਿੱਖਿਆ 'ਤੇ ਚੱਲਦਿਆਂ, ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ 6 ਅਪ੍ਰੈਲ 2025 ਤੋਂ ਪੰਜਾਬ ਦੇ ਹਿੱਸੇ ਵਿੱਚੋਂ ਹਰਿਆਣਾ ਨੂੰ 4,000 ਕਿਊਸਿਕ ਪਾਣੀ ਦੇਣਾ ਸ਼ੁਰੂ ਕਰ ਦਿੱਤਾ। ਹਰਿਆਣਾ ਦੀ 3 ਕਰੋੜ ਦੀ ਆਬਾਦੀ ਦੀਆਂ ਪੀਣ ਅਤੇ ਹੋਰ ਜ਼ਰੂਰਤਾਂ ਲਈ 1,700 ਕਿਊਸਿਕ ਪਾਣੀ ਕਾਫ਼ੀ ਸੀ, ਪਰ ਉਨ੍ਹਾਂ ਨੂੰ ਇਸ ਤੋਂ ਵੱਧ ਪਾਣੀ ਦਿੱਤਾ ਗਿਆ। ਪਰ ਹੁਣ ਤੁਹਾਡੀ ਭਾਜਪਾ ਸਰਕਾਰ ਨੇ ਬੀ. ਬੀ. ਐੱਮ. ਬੀ. ਦੀ ਬਾਂਹ ਮਰੋੜ ਕੇ 8,500 ਕਿਊਸਿਕ ਹੋਰ ਪਾਣੀ ਹਰਿਆਣਾ ਨੂੰ




ਦੇਣ ਦਾ ਫ਼ੈਸਲਾ ਕਰਵਾਇਆ, ਜੋ ਖੁੱਲ੍ਹੇਆਮ ਗੁੰਡਾਗਰਦੀ ਅਤੇ ਪੰਜਾਬ ਦੇ ਹੱਕਾਂ ਦੀ ਲੁੱਟ ਹੈ। ਪੰਜਾਬ ਦੇ ਕਿਸਾਨਾਂ ਨੂੰ ਸਿੰਜਾਈ ਲਈ ਪਾਣੀ ਦੀ ਸਖ਼ਤ ਲੋੜ ਹੈ। ਸਾਡੇ ਡੈਮਾਂ ਵਿੱਚ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤੱਕ ਡਿੱਗ ਚੁੱਕਾ ਹੈ-ਪੌਂਗ ਡੈਮ ਪਿਛਲੇ ਸਾਲ ਨਾਲੋਂ 32 ਫੁੱਟ, ਭਾਖੜਾ ਡੈਮ 12 ਫੁੱਟ, ਅਤੇ ਰਣਜੀਤ ਸਾਗਰ ਡੈਮ 14 ਫੁੱਟ ਹੇਠਾਂ ਹੈ। ਪੂਰੇ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਲਗਾਤਾਰ ਘਟ ਰਿਹਾ ਹੈ। ਅਜਿਹੇ ਹਾਲਾਤ ਵਿੱਚ ਹਰ ਬੂੰਦ ਅਨਮੋਲ ਹੈ ਪਰ ਤੁਹਾਡੀ ਪਾਰਟੀ ਪੰਜਾਬ ਦੀ ਇਸ ਮਜਬੂਰੀ ਨੂੰ ਨਜ਼ਰਅੰਦਾਜ਼ ਕਰਕੇ ਹਰਿਆਣਾ ਦੀਆਂ ਨਾਜਾਇਜ਼ ਮੰਗਾਂ ਨੂੰ ਪੂਰਾ ਕਰ ਰਹੀ ਹੈ। ਤੁਸੀਂ ਖ਼ੁਦ ਇਕ ਪੰਜਾਬੀ ਹੋ, ਪੰਜਾਬ ਦੇ 3.5 ਕਰੋੜ ਪੰਜਾਬੀਆਂ ਦੇ ਹੱਕਾਂ ਦੀ ਆਵਾਜ਼ ਤੁਹਾਨੂੰ ਸੰਸਦ ਵਿੱਚ ਉਠਾਉਣੀ ਚਾਹੀਦੀ ਹੈ ਪਰ ਜਦੋਂ ਬੀ. ਬੀ. ਐੱਮ. ਬੀ. ਦੇ ਇਸ ਗੈਰ-ਕਾਨੂੰਨੀ ਫ਼ੈਸਲੇ ਨਾਲ ਪੰਜਾਬ ਦਾ ਪਾਣੀ ਲੁੱਟਿਆ ਜਾ ਰਿਹਾ ਹੈ, ਤੁਸੀਂ ਚੁੱਪ ਹੋ। ਇਹ ਚੁੱਪੀ ਸਿਰਫ਼ ਨਿੰਦਣਯੋਗ ਨਹੀਂ, ਸਗੋਂ ਪੰਜਾਬ ਦੇ ਜ਼ਮੀਰ ਨਾਲ ਧੋਖਾ ਹੈ। ਤੁਹਾਡੀ ਭਾਜਪਾ ਨਾਲ ਨੇੜਤਾ ਅਤੇ ਇਸ ਮਸਲੇ 'ਤੇ ਤੁਹਾਡੀ ਖਾਮੋਸ਼ੀ ਸਵਾਲ ਖੜ੍ਹੇ ਕਰਦੀ ਹੈ-ਕੀ ਤੁਸੀਂ ਪੰਜਾਬ ਦੇ ਨਾਲ ਹੋ, ਜਾਂ ਭਾਜਪਾ ਦੀ ਗੋਦ ਵਿੱਚ ਬੈਠ ਕੇ ਪੰਜਾਬ ਦੇ ਹੱਕ ਵੇਖ ਰਹੇ ਹੋ? ਪੰਜਾਬ ਦਾ ਇਤਿਹਾਸ ਗਵਾਹ ਹੈ-ਸਦੀਆਂ ਤੋਂ ਸਾਡੇ ਹੱਕਾਂ 'ਤੇ ਡਾਕੇ ਮਾਰਨ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ ਪਰ ਹਰ ਵਾਰ, ਪੰਜਾਬ ਦੇ ਸ਼ੇਰਾਂ ਨੇ ਅਜਿਹੀਆਂ ਸਾਜਿਸ਼ਾਂ ਨੂੰ ਨਾਕਾਮ ਕੀਤਾ। ਅੱਜ ਫਿਰ ਉਹੀ ਸਮਾਂ ਹੈ। ਭਾਜਪਾ ਦੀ ਇਸ ਬੁਰਛਾਗਰਦੀ ਨੂੰ ਪੰਜਾਬ ਬਰਦਾਸ਼ਤ ਨਹੀਂ ਕਰੇਗਾ। ਅਸੀਂ ਸਦੀਆਂ ਤੋਂ ਅਜਿਹੇ ਧੱਕਿਆ ਦਾ ਮੂੰਹਤੋੜ ਜਵਾਬ ਦਿੰਦੇ ਆ ਰਹੇ ਹਾਂ ਅਤੇ ਇਸ ਵਾਰ ਵੀ ਪੰਜਾਬ ਦੇ ਲੋਕ ਭਾਜਪਾ ਦੇ ਲੀਡਰਾਂ ਨੂੰ ਇਸ ਦੀ ਸਜ਼ਾ ਜ਼ਰੂਰ ਦੇਣਗੇ। ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ, ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਇਸ ਲੁੱਟ ਦੇ ਖ਼?ਲਾਫ਼ ਡਟ ਕੇ ਲੜ ਰਹੀ ਹੈ। ਅਸੀਂ ਹਰਿਆਣਾ ਦੇ ਮੁੱਖ ਮੰਤਰੀ ਦੇ ਝੂਠ ਨੂੰ ਬੇਨਕਾਬ ਕੀਤਾ, ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਪੰਜਾਬ ਨੇ ਵਾਧੂ ਪਾਣੀ ਦੇਣ ਦੀ ਸਹਿਮਤੀ ਦਿੱਤੀ ਸੀ। ਅਸੀਂ ਸਪੱਸ਼ਟ ਕੀਤਾ ਕਿ ਹਰਿਆਣਾ ਨੇ ਆਪਣੇ ਹਿੱਸੇ ਦਾ 103% ਪਾਣੀ ਪਹਿਲਾਂ ਹੀ ਵਰਤ ਲਿਆ ਹੈ, ਜਦਕਿ ਪੰਜਾਬ ਨੇ ਸਿਰਫ਼ 89% ਵਰਤਿਆ। ਫਿਰ ਵੀ, ਪੰਜਾਬ ਨੇ ਮਨੁੱਖਤਾ ਦੀ ਭਾਵਨਾ ਨਾਲ ਹਰਿਆਣਾ ਨੂੰ 4,000 ਕਿਊਸਿਕ ਪਾਣੀ ਦਿੱਤਾ ਪਰ ਹੁਣ ਭਾਜਪਾ ਦੀ ਇਸ ਨਵੀਂ ਗੁੰਡਾਗਰਦੀ ਨੂੰ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਕੀਤਾ ਜਾਵੇਗਾ। ਜੇ ਤੁਸੀਂ ਇਨ੍ਹਾਂ ਸਵਾਲਾਂ ਦਾ ਜਵਾਬ ਨਹੀਂ ਦੇ ਸਕਦੇ ਤਾਂ ਤੁਹਾਡਾ ਉਸ ਅਹੁਦੇ 'ਤੇ ਬਣੇ ਰਹਿਣਾ ਪੰਜਾਬ, ਪੰਜਾਬੀਅਤ ਅਤੇ ਪੰਜਾਬ ਦੀ ਅਣਖ ਨਾਲ ਸਮਝੌਤਾ ਹੈ। ਨੌਜਵਾਨ, ਬੁੱਧੀਜੀਵੀ ਅਤੇ ਹਰ ਵਰਗ ਤੁਹਾਡੇ ਪੰਜਾਬ ਵਿਰੋਧੀ ਰੱਵਈਏ ਵੱਲ ਵੇਖ ਰਿਹਾ ਹੈ।